
20/-
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
Monthly Atam Marg Magazine
November 2006

ਸਾਲ ਬਾਰ੍ਹਵਾਂ ਅੰਕ ਅੱਠਵਾਂ, ਮਹੀਨਾ ਨਵੰਬਰ 2006
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ
ਫਾਊਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ

**FOREIGN (ਵਿਦੇਸ਼) CONTACT NO.**

**U.S.A. - Baba Satnam Singh ji Atwal**
Phone and Fax : 408-263-1844
**Canada - Bhai Sarmukh Singh Pannu**
Phone - 604-433-0408
**Bibi Sukhvinder Kaur Bains**
Phone : 403-270-3387
**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058
**Holland - Bhai Amrik Singh ji**
Phone : 624-695-753,
Fax : 765-426-805 /765-715-821
**Australia - Bhai Jiwan Singh ji**
Phone : 03-943-65865, Fax : 03-943-65867

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**Postal Address for 'ATAM MARG' Enquiry, Money Order & correspondence**

Head Office 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar,
Distt. Ropar-140901 Pb. India.
**Office 'Atam Marg' Ph. No. - 0160-2255002, 2255009**
**Gurdwara Ishar Parkash Ratwara Sahib - 0160-2255001**
**For more information please visit us on internet at:-**
**,Email : atammarg1@yahoo.co.in**
Website: www.ratwarasahib.org
www.atammarguk.com

**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।

## ਤੱਤਕਰਾ

1. ਬਾਰਾਮਾਹਾ 2
2. ਸੰਪਾਦਕੀ 3
3. ਚਉਥੈ ਪਹਰਿ ਸਬਾਹ ਕੈ 5
4. ਗੁਰੂ ਨਾਨਕ ਦੇਵ ਜੀ 11
5. ਅਲੌਕਿਕ ਜੀਵਨ ਕਥਾ 29
6. ਸੰਤ ਬਿਮਲਾ ਸਿੰਘ ਜੀ 40
7. ਕਰਮ ਬੰਧਨ ਤੋਂ ਮੁਕਤੀ 48
8. ਯੋਗਾ ਉਪਰ ਲੈਕਚਰ 55

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

| | |
|---|---|
| ਪਰਮ ਸਤਿਕਾਰ ਯੋਗ ਬੀਜੀ | 9417214381 |
| **'ਆਤਮ ਮਾਰਗ' ਮੈਗਜ਼ੀਨ ਨਾ ਮਿਲਣ ਤੇ ਕਿਸੇ ਵੀ ਟਾਈਮ ਸੰਪਰਕ ਨੰਬਰ** | **9417214391,80,79** |
| ਅਖੰਡਪਾਠ ਬੁਕਿੰਗ | 9417214386 |
| ਸਕੂਲ ਟਰਾਂਸਪੋਰਟ | 9417214384 |
| ਆਈ.ਟੀ. ਕਾਲਜ | 9417214382 |
| ਆਡੀਓ ਵੀਡੀਓ ਲਾਇਬ੍ਰੇਰੀ | 9417214385 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 926 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**
**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਮੰਘਿਰਿ

*ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥*
*ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥*
*ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥*
*ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥*
*ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥*
*ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥*
*ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥*
*ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥*
*ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥ ਅੰਗ -135*

ਮੱਘਰ ਦੇ ਮਹੀਨੇ ਦੁਆਰਾ ਗੁਰੂ ਜੀ ਨੇ ਮਨੁੱਖੀ ਜੀਵਨ ਦੇ ਤਿੰਨ ਪੱਖਾਂ ਉਤੇ ਚਾਨਣਾ ਪਾਇਆ ਹੈ –

1. ਪ੍ਰਭੂ ਪਤੀ ਨੂੰ ਮਿਲਣ ਵਾਲੀ ਸੁਹਾਗਣ (ਜਗਿਆਸੂ) ਦੇ ਸੁਖ ਦਾ ਵਰਣਨ ਹੈ ਜੋ ਸੰਤਾਂ ਦਾ ਰੂਪਕ ਵਰਤ ਕੇ ਦਸਿਆ ਹੈ।

2. ਪ੍ਰਭੂ ਦੇ ਪਿਆਰੇ ਸੰਤਾਂ ਦੀ ਸੰਗਤ ਤੋਂ ਵਿਰਵੇ ਰਹੇ ਮਨੁੱਖ (ਜੀਵ ਇਸਤਰੀ) ਦਾ ਵਰਣਨ ਹੈ।

3 ਗੁਰੂ ਸਾਹਿਬ ਸਮੱਸਿਆ ਨੂੰ ਉਭਾਰ ਕੇ ਹੀ ਨਹੀਂ ਸਨ ਛੱਡ ਦਿੰਦੇ, ਇਸਦਾ ਹੱਲ ਵੀ ਦਸਦੇ ਸਨ। ਇਥੇ ਵਿਛੜੀ ਹੋਈ ਜੀਵ ਇਸਤਰੀ ਨੂੰ ਪ੍ਰਭੂ ਮਿਲਾਪ ਲਈ ਉਨ੍ਹਾਂ ਸੰਤਾਂ, ਮਹਾਂਪੁਰਸਾਂ, ਗੁਰਮੁਖਾਂ ਦੀ ਸੰਗਤ ਕਰਨ ਦਾ ਉਪਦੇਸ਼ ਦਿੰਦੇ ਹਨ ਜਿਨ੍ਹਾਂ ਨੇ ਪ੍ਰਭੂ ਪਤੀ ਨੂੰ ਪਾ ਲਿਆ ਹੈ।

4. ਪਹੁੰਚੇ ਹੋਏ, ਪੁੱਗੇ ਹੋਏ, ਪ੍ਰਭੂ ਦਰ ਤੇ ਪਰਵਾਨ ਚੜ੍ਹੇ ਹੋਏ ਮਹਾਂਪੁਰਸਾਂ ਦੀ ਸੰਗਤ ਦਾ ਫਲ ਇਹੀ ਦਸਦੇ ਹਨ ਕਿ ਮਨੁੱਖ ਦਾ ਜੀਵਨ ਮਨੋਰਥ ਪੂਰਾ ਹੋ ਜਾਂਦਾ ਹੈ ਭਾਵ ਉਸਦਾ ਜਨਮ-ਮਰਨ ਮਿਟ ਜਾਂਦਾ ਹੈ।

ਗੁਰਬਾਣੀ ਵਿਚ ਗੁਰੂ ਜੀ ਨੇ ਜਗਿਆਸੂ ਲਈ ਜੀਵ-ਇਸਤਰੀ ਤੇ ਪ੍ਰਭੂ ਲਈ ਪਤੀ ਦਾ ਰੂਪਕ ਭਾਰਤੀ ਸਭਿਆਚਾਰ ਵਿਚੋਂ ਲਿਆ ਹੈ। ਦੁਨਿਆਵੀ ਜਾਂ ਵਿਵਹਾਰਕ ਪੱਧਰ ਤੇ ਇਸਤਰੀ ਤੇ ਪਤੀ ਦਾ ਪਿਆਰ ਵੀ ਪਰਿਵਾਰਕ, ਸਮਾਜਿਕ, ਤੇ ਜੀਵਨਦੇ ਹੋਰ ਪੱਖਾਂ ਲਈ ਸੁਖਾਵਾਂ ਮਾਹੌਲ ਪੈਦਾ ਕਰਦਾ ਹੈ। ਦੰਪਤੀ ਜਾਵਨ ਸਬਰ ਸੰਤੋਖ, ਸ਼ਹਿਨਸ਼ੀਲਤਾ ਵਾਲਾ ਹੋ ਨਿਬੜਦਾ ਹੈ। ਨੈਤਿਕ ਗੁਣਾਂ ਨੂੰ ਅਪਨਾਉਣ ਵਾਲਾ ਦੰਪਤੀ, ਜੋੜਾ ਦੁਨਿਆਵੀ ਪਦਾਰਥਾਂ ਦੇ ਪਿਆਰ ਤੋਂ ਮੁਕਤ ਹੋ ਕੇ ਅਧਿਆਤਮਿਕ ਪਿਆਰ ਵਲ ਤੁਰ ਪੈਂਦਾ ਹੈ। ਪਰਵਿਰਤੀ ਵਿਚ ਨਿਰਵਿਰਤੀ ਵਾਲਾ ਜੀਵਨ ਇਕ ਸੰਤੁਲਨ ਵਾਲਾ ਜੀਵਨ ਹੁੰਦਾ ਹੈ।

*ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥*
*ਅੰਗ - 135*

ਅਧਿਆਤਮਿਕ ਜੀਵਨ ਵਿਚ ਉਸ ਜੀਵ ਇਸਤਰੀ ਨੂੰ ਸਲਾਹਿਆ ਗਿਆ ਹੈ ਜੋ ਪ੍ਰਭੂ ਪਤੀ ਦੇ ਪਾਸ ਬੈਠੀ ਹੈ ਭਾਵ ਪ੍ਰਭੂ ਪਤੀ ਨੇ ਉਸਨੂੰ ਪਰਵਾਣ ਕਰ ਲਿਆ ਹੈ, ਅਪਣਾਅ ਲਿਆ ਹੈ। ਐਸੇ ਜਗਿਆਸੂ ਦੀ ਸੋਭਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਐਸੇ ਜੀਵ ਧਨ ਹਨ ਜਿਨ੍ਹਾਂ ਨੂੰ ਪ੍ਰਭੂ ਨੇ ਆਪਣੇ ਨਾਲ ਮੇਲ ਲਿਆ ਹੈ –

*ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥*
*ਅੰਗ - 135*

ਪ੍ਰਭੂ ਨੂੰ ਮਿਲੇ ਹੋਏ ਮਹਾਂਪੁਰਸਾਂ, ਗੁਰਮੁਖਾਂ ਦੀ ਸੰਗਤ ਦਾ ਲਾਭ ਵਰਣਨ ਕਰਦੇ ਹੋਏ ਗੁਰੂ ਜੀ ਦਸਦੇ ਹਨ ਕਿ ਐਸੇ ਪਹੁੰਚੇ ਹੋਏ ਸੰਤਾਂ ਦੀ ਸੰਗਤ ਕਰਨ ਵਾਲੇ ਜਗਿਆਸੂ ਵੀ ਪ੍ਰਭੂ ਨੂੰ ਮਿਲਣ ਦੇ ਸਮਰੱਥ ਹੋ ਗਏ। ਮਿਲਣੇ ਵਾਲੇ ਜਗਿਆਸੂਆਂ ਦਾ ਤਨ ਤੇ ਮਨ ਪ੍ਰਫੁਲਤ ਹੋ ਗਿਆ। ਮਨ ਦਾ ਪ੍ਰਫੁਲਤ ਹੋਣਾ, ਪ੍ਰਕਾਸ਼ਵਾਨ ਹੋਣਾ, ਖਿੜਨਾ ਇਕ ਅਧਿਆਤਮਕ ਚੇਤਨਤਾ ਹੈ ਜਿਹੜੀ ਅਨੰਦ ਪੈਦਾ ਕਰਦੀ ਹੈ। ਅਨੰਦ ਪ੍ਰਾਪਤੀ ਹੀ ਜੀਵਨ ਮਨੋਰਥ ਹੈ –

*ਤਨੁ ਮਨੁ ਮਉਲਿਆ ਰਾਮ ਸਿਉ*
*ਸੰਗਿ ਸਾਧ ਸਹੇਲੜੀਆਹ॥ ਅੰਗ - 135*
*ਜਿਨੀ ਰਾਵਿਆ ਪ੍ਰਭੁ ਆਪਣਾ*
*ਸੇ ਦਿਸਨਿ ਨਿਤ ਖੜੀਆਹ॥ ਅੰਗ - 135*

ਜਿਹੜੀਆਂ ਜੀਵ ਇਸਤਰੀਆਂ ਗੁਰਮੁਖਾਂ ਦੀ ਸੰਗਤ ਤੋਂ ਵਾਂਝੀਆਂ ਰਹਿ ਗਈਆਂ, ਉਨ੍ਹਾਂ ਤਿੰਨਾਂ ਗੁਣਾਂ ਵਿਚ ਤੇ ਤਿੰਨਾਂ ਤਾਪਾਂ ਵਿਚ ਵੀ ਉਲਝ ਕੇ ਦੁਖੀ ਹੋ ਰਹੀਆਂ ਹਨ, ਉਨ੍ਹਾਂ ਦਾ ਦੁਖ ਕਦੀ ਨਹੀਂ ਉਤਰਦਾ। ਅਜਿਹੀ ਜੀਵ ਇਸਤਰੀ ਇਕੱਲੀ (ਦੁਹਾਗਣ) ਹੀ ਰਹਿ ਜਾਵੇਗੀ। ਨਾ ਤਾਂ ਇਸ ਨੂੰ ਸਤਿਸੰਗ ਤੇ ਨਾ ਹੀ ਪ੍ਰਭੂ ਮਿਲਾਪ ਨਸੀਬ ਹੋਵੇਗਾ ਜਦ ਕਿ ਪ੍ਰਭੂ ਮਿਲਾਪ ਵਾਲੀਆਂ ਸਦਾ ਹੀ ਦੈਵੀ ਗੁਣਾਂ ਨਾਲ ਭਰਪੂਰ ਹਨ। ਉਨ੍ਹਾਂ ਦੇ ਗਲ ਵਿਚ ਰਤਨ ਜਵੇਹਰ ਲਾਲ ਭਾਵ ਕੀਮਤੀ ਦੈਵੀ ਗੁਣਾਂ ਵਾਲਾ ਨਾਮ ਦਾ ਹਾਰ ਸੋਭ ਰਿਹਾ ਹੈ। ਗੁਰੂ ਜੀ ਅਜਿਹੀ ਜੀਵ ਇਸਤਰੀਆਂ ਦੇ ਚਰਨ ਧੂੜੀ ਲੋਚਦੇ ਹਨ ਜਿਨ੍ਹਾਂ ਨੇ ਗੁਰਮੁਖਾਂ ਦੀ ਸੰਗਤ ਦੁਆਰਾ ਪ੍ਰਭੂ ਪ੍ਰਾਪਤੀ ਕਰ ਲਈ ਹੈ ਅਤੇ ਜਨਮ-ਮਰਨ ਦਾ ਚੱਕਰ ਖਤਮ ਕਰਵਾ ਲਿਆ ਹੈ-

***ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹਿ॥***
***ਮੰਘਿਰਿ ਪ੍ਰਭੁ ਆਰਾਧਣਾ***
***ਬਹੁੜਿ ਨ ਜਨਮੜੀਆਹ॥ ਅੰਗ - 135***

# ਸੰਪਾਦਕੀ

ੇਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਅਤੇ ਆਤਮ ਮਾਰਗ ਸਾਇੰਟੇਫਿਕ ਸਪਿਰਚੂਅਲ ਐਜੂਕੇਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਸੰਤ ਮਹਾਰਾਜ ਜੀ ਦਾ ਮਹਾਂ ਸਮਾਧੀ ਦਿਵਸ ਪੰਜਵੀਂ ਬਰਸੀ 31 ਅਕਤੂਬਰ ਦੇ ਸਬੰਧ ਵਿਚ ਮਹਾਨ ਪਿਆਰ ਵੈਰਾਗ ਦਾ ਸਮਾਗਮ ਸੰਪੰਨ ਹੋ ਗਿਆ ਹੈ। ਇਸ ਅਲੌਕਿਕ ਸਮਾਗਮ ਦੀ ਵੇਰਵੇ ਸਹਿਤ ਪੂਰੀ ਰਿਪੋਰਟ ਦਸੰਬਰ ਮੈਗਜ਼ੀਨ ਦੇ ਵਿਚ ਪ੍ਰਕਾਸ਼ਿਤ ਹੋਵੇਗੀ। ਇਸ ਸਮਾਗਮ ਸਮੇਂ ਦੇਸ਼ਾਂ ਵਿਦੇਸ਼ਾਂ ਦੀਆਂ ਪਿਆਰੀਆਂ ਸੰਗਤਾਂ ਬਹੁਤ ਹੀ ਪਿਆਰ ਵੈਰਾਗ ਦੇ ਅੰਦਰ ਨਤਮਸਤਕ ਹੋਣ ਵਾਸਤੇ ਹਰ ਸਾਲ ਵਾਗੂੰ ਹੀ ਗੁਰਦੁਆਰ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਪਹੁੰਚੀਆਂ ਹਨ। ਰਤਵਾੜਾ ਸਾਹਿਬ ਦੇ ਰੂਹਾਨੀ ਸਮਾਗਮਾਂ ਦੀ ਸਦਾ ਹੀ ਵਿਲੱਖਣਤਾ ਰਹੀ ਹੈ ਕਿਉਂਕਿ ਇਸ ਤਰ੍ਹਾਂ ਦੇ ਅਦਵੈਤ ਸਿਧਾਂਤ ਉਪਰ ਅਧਾਰਿਤ ਰੂਹਾਨੀ ਸਮਾਗਮ ਆਪਣੀ ਅਮਿਟ ਛਾਪ ਸਾਰੇ ਹੀ ਮਜਬਾਂ ਦੇ ਜਗਿਆਸੂਆਂ ਦੇ ਹਿਰਦਿਆਂ ਉਪਰ ਸਦਾ ਹੀ ਰਹਿੰਦੀ ਹੈ। ਸਲਾਨਾ ਸਮਾਗਮਾਂ ਉਪਰ ਉਦਾਸੀਨ, ਨਿਰਮਲੇ, ਸਵਾਮੀ, ਜੋਗੀ ਜਨ, ਸਨਿਆਸੀ, ਸਬੁੱਧੀ ਜੀਵੀ, ਡਾਕਟਰ, ਪ੍ਰੋਫੈਸਰ, ਫਿਲਾਸਫਰ, ਗੁਣੀ ਗਿਆਨੀ, ਕੀਰਤਨੀਏ ਅਤੇ ਮਹਾਨ ਸਾਧੂ ਸੰਤ ਗੁਰਮਤਿ ਸਿਧਾਂਤ ਅਨੁਸਾਰ ਹੀ ਆਪਣੇ ਨਿਜੀ ਅਨੁਭਵ ਤੋਂ ਵਿਚਾਰ ਪ੍ਰਗਟ ਕਰਦੇ ਹਨ। ਸਰਬਸਾਂਝੀ ਗੁਰਬਾਣੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਸਾਰੇ ਹੀ ਸੰਸਾਰ ਵਾਸਤੇ ਹੈ। ਗੁਰਬਾਣੀ ਸਾਰੇ ਸੰਸਾਰ ਦੇ ਮਜਹਬਾਂ ਦੀਆਂ ਆਪਸੀ ਦੂਰੀਆਂ ਨੂੰ ਦੂਰ ਕਰਕੇ ਹਰ ਇਕ ਨੂੰ ਆਪਣੇ ਕਲਾਵੇ ਵਿਚ ਲੈ ਕੇ ਸੁਖਸ਼ਾਂਤੀ ਅਨੰਦਮਈ ਜੀਵਨ ਜਿਊਣ ਦੀ ਜਾਚ ਸਿਖਾਉਂਦੀ ਹੈ।

ਪ੍ਰਉਪਕਾਰੀ ਮਹਾਂਪੁਰਸ਼ਾਂ ਦੀ ਚਲਾਈ ਪ੍ਰੰਪਰਾ ਅਨੁਸਾਰ ਪਰਮ ਪੂਜਯ ਸਤਿਕਾਰਯੋਗ ਬੀਜੀ ਦੇ ਅਸ਼ੀਰਵਾਦ ਨਾਲ ਪ੍ਰਉਪਕਾਰੀ ਦੇ ਕਾਰਜ ਖੇਤਰ ਵਿਚ ਇਸ ਰੂਹਾਨੀ ਮਿਸ਼ਨ ਵੱਲੋਂ ਮਹਾਨ ਯੋਗਦਾਨ ਪਾਇਆ ਜਾ ਰਿਹਾ ਹੈ। ਪਿਛਲੇ ਸਮੇਂ ਵਿਚ ਆਈਆਂ ਅਚਾਨਕ ਆਫਤਾਂ, ਭੁਚਾਲ ਹੜ੍ਹ ਅਤੇ ਸੁਨਾਮੀ ਸਮੇਂ ਟਰਸਟ ਰਤਵਾੜਾ ਸਾਹਿਬ ਵੱਲੋਂ ਕੀਤੀ ਗਈ ਦੀਨ ਦੁਖੀ ਦਰਦਵੰਦਾਂ ਦੀ ਸੇਵਾ ਆਪਣੀ ਮਿਸਾਲ ਆਪ ਰਹੀ ਹੈ। ਸੁਨਾਮੀ ਸਮੇਂ ਦੱਖਣੀ ਭਾਰਤ ਤਾਮਿਲਨਾਡੂ ਜਿਸ ਦਾ ਕਲਚਰ ਸਭਿਆਚਾਰ ਉਤਰੀ ਭਾਰਤ ਨਾਲੋਂ ਬਹੁਤ ਹੀ ਵੱਖਰਾ ਹੈ। ਸਮੁੰਦਰੀ ਕਿਨਾਰਿਆਂ ਤੇ ਬੇਅਬਾਦ ਇਲਾਕਿਆਂ ਵਿਚ ਰਾਹਤ ਸਮੱਗਰੀ ਦਾ ਪੰਜਾਬ ਤੋਂ ਪਹੁੰਚਣਾ ਅਤੇ ਗੁਰੂ ਲੰਗਰ ਦੀ ਪ੍ਰਥਾ ਚਲਾਉਣ ਦੀ ਯਾਦ ਹੁਣ ਤੱਕ ਵੀ ਯਾਦ ਕੀਤੀ ਜਾਂਦੀ ਹੈ। ਦੱਖਣੀ ਭਾਰਤ ਦੇ ਸਿਰਕਾਲੀ ਦੇ ਰਾਜਾ ਦਾ ਆਪਣੇ ਸੰਗੀ ਸਾਥੀਆਂ ਸਮੇਤ ਪੰਜਾਬ ਆ ਕੇ ਗੁਰੂ ਘਰ ਨੂੰ ਨਤਮਸਤਕ ਹੋਣਾ ਆਪਣੀ ਹੀ ਤਰ੍ਹਾਂ ਦੀ ਸ਼ਰਧਾ ਭਾਵਨਾ ਦਾ ਪ੍ਰਤੀਕ ਹੈ। ਸਮਾਗਮਾਂ ਸਮੇਂ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਰਤਵਾੜਾ ਸਾਹਿਬ ਵਿਖੇ ਦੂਰ ਦਰਾਜ਼ ਤੋਂ ਆ ਕੇ ਹਾਜਰੀ ਭਰਨੀ ਵੀ ਪਿਆਰੇ ਨਾਲ ਪਿਆਰ ਦੀ ਦਿਲੀ ਤਾਂਘ ਦੀ ਅਸਚਰਜ ਕਥਾ ਹੈ ਜਿਸ ਨੂੰ ਕਿ ਅੱਖਰਾਂ ਦੇ ਵਿਚ ਰੂਪਮਾਨ ਕਰਨਾ ਬਹੁਤ ਹੀ ਮੁਸ਼ਕਲ ਕੰਮ ਹੈ।

ਪੰਜਵੀਂ ਬਰਸੀ ਸਮਾਗਮ ਉਪਰ ਦਰਜਨ ਹੀ ਪੁਸਤਕਾਂ ਦਾ ਪ੍ਰਕਾਸ਼ਿਤ ਕਰਕੇ ਗੁਰਮਤਿ ਸਹਿਤ ਸਿਰਜਣਾ ਦੇ ਵਿਚ ਆਪਣਾ ਯੋਗਦਾਨ ਪਾਉਣਾ ਟਰਸਟ ਰਤਵਾੜਾ ਸਾਹਿਬ ਦੀ ਮਹਾਨ ਦੇਣ ਹੈ। ਸਮਾਗਮ ਸਮੇਂ ਨਵੇਂ ਅਡੀਸ਼ਨ ਦੀਆਂ ਪੁਸਤਕਾਂ ਵੀ ਪਰਮ ਪੂਜਯ ਸਤਿਕਾਰਯੋਗ ਬੀਜੀ ਵੱਲੋਂ ਆਪਣੇ ਪਿਆਰੇ ਦੇ ਪਿਆਰ ਅੰਦਰ ਰਿਲੀਜ਼ ਕੀਤੀਆਂ ਗਈਆਂ ਹਨ। ਇਨ੍ਹਾਂ ਪੁਸਤਕਾਂ ਦੀ ਗੁਰਬਾਣੀ ਪ੍ਰਚਾਰ ਹਿੱਤ ਬਹੁਤ ਹੀ ਘੱਟ ਭੇਟਾ ਰੱਖੀ ਗਈ ਹੈ। ਆਤਮ ਮਾਰਗ ਮੈਗਜ਼ੀਨ ਦੇ ਵਿੱਚ ਸਮੇਂ ਸਮੇਂ ਮਹਾਂਪੁਰਸ਼ਾਂ ਦਾ ਨਿੱਜੀ ਅਨੁਭਵ ਗੁਰਬਾਣੀ ਪ੍ਰਕਾਸ਼ ਦੇ ਵਿਚ ਅੱਖਰਾਂ ਰਾਹੀਂ ਰੂਪਮਾਨ ਹੋ ਰਿਹਾ ਹੈ। ਇਹੀ ਅਨੁਭਵੀ ਪ੍ਰਵਚਨਾਂ ਨੂੰ ਸਾਲ ਬਾਅਦ ਪੁਸਤਕਾਂ ਦਾ ਰੂਪ ਦੇਣ ਦਾ ਕਾਰਜ ਨਿਰੰਤਰ ਕਾਰਜ ਚੱਲ ਰਿਹਾ ਹੈ। ਇਸ ਸੰਸਥਾ ਵੱਲੋਂ ਗੁਰਮੁਖੀ ਪੰਜਾਬੀ ਵਿਚ ਪ੍ਰਕਾਸ਼ਿਤ ਪੁਸਤਕਾਂ ਨੂੰ ਹਿੰਦੀ ਅੰਗਰੇਜ਼ੀ ਵਿਚ ਅਨੁਵਾਦ ਕਰਨ ਦਾ ਕਾਰਜ ਵੀ ਚੜ੍ਹਦੀ ਕਲਾ ਵਿਚ ਹੋਇਆ ਹੈ। ਆਉਣ ਵਾਲੇ ਸਮੇਂ ਦੇ ਵਿਚ ਹੋਰ ਭਾਸ਼ਾਵਾਂ ਅੰਦਰ ਵੀ ਗੁਰਬਾਣੀ ਪ੍ਰਚਾਰ ਸਾਰੇ ਸੰਸਾਰ ਵਿਚ ਫੈਲਾਉਣ ਵਾਸਤੇ ਗੁਰਮਤਿ ਸਾਹਿਤ ਲਿਟਰੇਚਰ ਪ੍ਰਕਾਸ਼ਿਤ ਕੀਤਾ ਜਾਣ ਦਾ ਕੰਮ ਵੀ ਵੱਡੀ ਪੱਧਰ ਉਪਰ ਹੋ ਰਿਹਾ ਹੈ।

ਸਲਾਨਾ ਸਮਾਗਮਾਂ ਸਮੇਂ ਨਿਰੋਗੀ ਜੀਵਨ ਦੀ ਸੇਧ ਵਾਸਤੇ ਨਾਮ ਸਿਮਰਨ ਰਾਹੀਂ ਅਨੇਕਾਂ ਹੀ ਲਾ ਇਲਾਜ ਬਿਮਾਰੀਆਂ ਨੂੰ ਠੀਕ ਕਰਨ ਵਾਸਤੇ ਕੰਬਾਈਨਡ ਥਰੈਪੀ ਦੀ ਕਲਾ ਨੂੰ ਵੀ ਵਰਤਿਆ ਜਾ ਰਿਹਾ ਹੈ। ਅਨੇਕਾਂ ਹੀ ਸੰਸਾਰ ਪ੍ਰਸਿੱਧ ਨਾਮਣਾ ਖੱਟਣ ਵਾਲੇ ਡਾਕਟਰ ਮੈਡੀਕਲ ਕੈਂਪਾਂ ਦੇ ਵਿੱਚ ਆਪਣੀਆਂ ਨਿਸ਼ਕਾਮ ਸੇਵਾਵਾਂ ਗੁਰੂ ਪਿਆਰ ਅੰਦਰ ਸਮਰਪਿਤ ਕਰਦੇ ਹਨ। ਸੰਤ ਮਹਾਰਾਜ ਜੀ ਨੇ ਏਸ਼ੀਆ ਦੇ ਪ੍ਰਸਿੱਧ ਮੈਡੀਕਲ ਸਿਟੀ ਜੌਲੀਗਰਾਂਟ ਡੇਹਰਾਦੂਨ ਮੈਡੀਕਲ ਕਾਲਜ ਦੇ ਆਪਣੇ ਹੱਥੀਂ ਸ਼ਿਲਾਨਿਆਸ ਕਰਨ ਸਮੇਂ ਆਯੂਰਵੈਦਿਕ, ਐਲੋਪੈਥਿਕ, ਹੋਮੋਪੈਥੀਕ, ਯੋਗ ਵਿਗਿਆਨ ਦੇ ਇਲਾਜ ਦੇ ਨਾਲ ਨਾਮ ਬਾਣੀ ਨੈਚਰੋਪੈਥੀ ਅਨੁਸਾਰ ਇਲਾਜ ਵਾਰੇ ਆਪਣੇ ਅਨੁਭਵ ਨੂੰ ਪ੍ਰਗਟ ਕਰਕੇ

ਕੰਬਾਈਨਡ ਥਰੈਪੀ ਅਨੁਸਾਰ ਇਲਾਜ ਕਰਨ ਵਾਰੇ ਦਰਸਾਇਆ ਸੀ।

ਸਮਾਗਮਾਂ ਦੇ ਵਿੱਚ ਲੋੜਵੰਦ ਮਰੀਜ਼ ਮੈਡੀਕਲ ਕੈਂਪਾਂ ਦਾ ਲਾਹਾ ਪ੍ਰਾਪਤ ਕਰਦੇ ਰਹੇ ਹਨ। ਅੱਖਾਂ ਦੇ ਕੈਂਪਾਂ ਵਿਚ ਅਨੇਕਾਂ ਹੀ ਮਰੀਜ਼ਾਂ ਦੇ ਇਲਾਜ ਕੀਤੇ ਗਏ ਹਨ। ਐਨਕਾਂ, ਦਵਾਈਆਂ ਦੇ ਮੁਫਤ ਵਿਤਰਣ ਤੋਂ ਲੈ ਕੇ ਅਪਰੇਸ਼ਨ ਕਰਨ ਤੱਕ ਸਾਰੀ ਸੇਵਾ ਦਾ ਸੁਭਾਗ ਤੱਖਰ ਪਰਿਵਾਰ ਇੰਗਲੈਂਡ ਵਾਲਿਆਂ ਨੂੰ ਗੁਰੂ ਕ੍ਰਿਪਾ ਨਾਲ ਪ੍ਰਾਪਤ ਹੋਇਆ ਹੈ। ਇਸ ਰੂਹਾਨੀ ਮਿਸ਼ਨ ਨਾਲ ਸਬੰਧਤ ਦੇਸ਼ਾਂ ਵਿਦੇਸ਼ਾਂ ਦੇ ਵਿਚ ਬਹੁਤ ਹੀ ਪਿਆਰੇ ਨਿਸ਼ਕਾਮ ਪ੍ਰੇਮੀ ਆਪੋ ਆਪਣਾ ਯੋਗਦਾਨ ਪਾ ਰਹੇ ਹਨ।

ਮਹਾਂਪੁਰਸ਼ਾਂ ਦਾ ਆਪਣਾ ਨਿਜੀ ਵਿਚਾਰ ਇਹ ਰਿਹਾ ਹੈ ਕਿ ਗੁਰੂ ਘਰਾਂ ਅੰਦਰ ਵਿਦਿਆ ਦਾਨ ਦਾ ਪ੍ਰਬੰਧ ਜਰੂਰੀ ਹੋਣਾ ਚਾਹੀਦਾ ਹੈ। ਇਸ ਲਈ ਉਨ੍ਹਾਂ ਨੇ ਆਪਣੇ ਸਰੀਰ ਦੇ ਆਖਰੀ ਸਾਲ 2001 ਵਿਚ ਸੰਪ੍ਰਦਾਇ ਰਤਵਾੜਾ ਸਾਹਿਬ ਨਾਲ ਸਬੰਧਤ ਗੁਰੂ ਅਸਥਾਨਾ ਉਪਰ ਵਿਦਿਅਕ ਅਦਾਰਿਆਂ ਦੀ ਸ਼ੁਰਆਤ ਕਰ ਦਿਤੀ ਸੀ। ਮਹਾਂਪੁਰਸ਼ਾਂ ਦੀ ਚਲਾਈ ਪ੍ਰੰਪਰਾ ਅਨੁਸਾਰ ਹਰ ਸਾਲ ਹੀ ਸਕੂਲ, ਕਾਲਜ ਖ੍ਹੋਲਣ ਦਾ ਨਿਰੰਤਰ ਉਪਰਾਲਾ ਹੁੰਦਾ ਰਹੇਗਾ। ਇਸ ਸਾਲ ਵੀ ਚੰਗੇ ਅਧਿਆਪਕ ਤਿਆਰ ਕਰਨ ਵਾਸਤੇ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਕੰਪਲੈਕਸ ਅੰਦਰ ਬੀ ਐਡ ਕਾਲਜ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਕਾਲਜ ਵਿਚ ਅਧਿਆਪਕਾਂ ਨੂੰ ਦੁਨਿਆਵੀ ਵਿਦਿਆ ਦੇ ਨਾਲ ਨਾਲ ਰੂਹਾਨੀ ਸੇਧ ਪ੍ਰਾਪਤ ਹੋਵੇਗੀ।

ਇਸ ਮਹੀਨੇ ਦੇ ਮੈਗਜ਼ੀਨ ਵਿੱਚ ਸਾਨੂੰ ਬਹੁਤ ਕੁਝ ਪ੍ਰਾਪਤ ਹੋਵੇਗਾ ਕਿਉਂਕਿ ਕੱਤਕ ਦੀ ਪੂਰਨਮਾਸ਼ੀ ਇਸ ਮਹੀਨੇ ਵਿਚ ਆ ਰਹੀ ਹੈ। ਕੱਤਕ ਪੂਰਨਮਾਸੀ ਦਾ ਸ਼ੁਭ ਦਿਹਾੜਾ ਨਿਰੰਕਾਰ ਦਾ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਸਰੀਰ ਰਾਹੀਂ ਸਾਕਾਰ ਹੋਣ ਦਾ ਮਹਾਨ ਦਿਨ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਗੁਰੂ ਪ੍ਰਮੇਸ਼ਰ ਹੋਏ ਹਨ। ਮਹਾਂਪੁਰਸ਼ਾਂ ਦਾ ਗੁਰੂ ਨਾਨਕ ਮਹਾਰਾਜ ਜੀ ਦੇ ਅਵਤਾਰ ਦਿਹਾੜੇ ਉਪਰ ਅਨੁਭਵੀ ਲੇਖ ਇਸ ਮਹੀਨੇ ਦੇ ਅੰਕ ਵਿਚ ਪੜ੍ਹਨ ਵਾਸਤੇ ਪ੍ਰਾਪਤ ਹੋਵੇਗਾ।

ਅੱਜ ਦੇ ਪਦਾਰਥਵਾਦੀ ਯੁੱਗ ਵਿਚ ਅਸੀਂ ਨਾਮ ਬਾਣੀ ਤੋਂ ਬਹੁਤ ਹੀ ਦੂਰ ਜਾ ਰਹੇ ਹਾਂ। ਸਾਡਾ ਰਹਿਣ ਸਹਿਣ ਦੇ ਵਿਚ ਆਈ ਤਬਦੀਲੀ ਅਨੁਸਾਰ ਅੰਮ੍ਰਿਤਵੇਲਾ ਸੰਭਾਲਣਾ ਮੁਸ਼ਕਿਲ ਹੋ ਰਿਹਾ ਹੈ। ਅੰਮ੍ਰਿਤਵੇਲੇ ਨੂੰ ਸੰਭਾਲਣ ਵਾਸਤੇ ਗੁਰੂ ਮਹਾਰਾਜ ਜੀ ਦਾ ਆਦੇਸ਼ ਹਰ ਸਿੱਖ ਵਾਸਤੇ ਹੈ। ਇਸ ਲਈ ਸੰਤ ਮਹਾਰਾਜ ਜੀ ਨੇ ਅੰਮ੍ਰਿਤਵੇਲੇ ਦੀ ਜਾਗ ਲਾਉਣ ਵਾਸਤੇ ਆਸਾ ਜੀ ਦੀ ਵਾਰ ਦਾ ਕੀਰਤਨ ਘਰ ਘਰ ਸ਼ੁਰੂ ਕਰਵਾਇਆ ਹੈ। ਆਪ ਜੀ ਵੀ ਆਪਣੇ ਸਰੀਰ ਕਾਲ ਸਮੇਂ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ ਗੁਰੂ ਮਹਾਰਾਜ ਜੀ ਦੇ ਹੁਕਮਨਾਮੇ ਉਪਰ ਅਧਾਰਿਤ ਬਚਨ ਕਰਦੇ ਰਹੇ ਹਨ। ਇਹ ਬਚਨ ਵੀ ਇਸ ਅੰਕ ਵਿਚ ਸਾਨੂੰ ਪ੍ਰਾਪਤ ਹੋਣਗੇ।

ਅਲੌਕਿਕ ਜੀਵਨ ਸਿਰਲੇਖ ਹੇਠ ਗੁਰਮਤਿ ਅਨੁਸਾਰ ਹੀ ਮਹਾਂਪੁਰਸ਼ਾਂ ਦਾ ਅਨੋਖਾ ਜੀਵਨ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਲੇਖ ਵਿਚ ਜੋ ਵੀ ਆਪਣੇ ਵਾਰੇ ਸਮੇਂ-ਸਮੇਂ ਮਹਾਂਪੁਰਸ਼ਾਂ ਨੇ ਜੋ ਬਚਨ ਕੀਤੇ ਹਨ ਉਨ੍ਹਾਂ ਨੂੰ ਹੀ ਲਿਖਣ ਦਾ ਯਤਨ ਕੀਤਾ ਜਾਂਦਾ ਹੈ।

ਸੰਤ ਬਿਮਲਾ ਸਿੰਘ ਜੀ ਸਿਰਲੇਖ ਹੇਠ ਲੇਖ ਰਸਿਕ ਬੈਰਾਗੀ ਮਹਾਨ ਪੁਰਸ਼ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਅਨਮੋਲ ਰਚਨਾ ਹੈ। ਇਸ ਲੇਖ ਵਿਚ ਗੁਰੂ ਨਾਨਕ ਮਹਾਰਾਜ ਜੀ ਦਾ ਜੋਗੀਆਂ ਦੇ ਪ੍ਰਭਾਵ ਹੇਠ ਸੰਗਲਾਂ ਦੀਪ ਦੇ ਰਾਜੇ ਸ਼ਿਵਨਾਭ ਦੀ ਸਿਖੀ ਧਾਰਨ ਕਰਨ ਦੀ ਕਥਾ ਹੈ।

ਕਰਮ ਬੰਧਨ ਤੋਂ ਮੁਕਤੀ ਦਾ ਲੇਖ ਮਹਾਨ ਕਰਮਯੋਗੀ ਡਾ. ਸਵਾਮੀ ਰਾਮ ਜੀ ਜੌਲੀਗਰਾਂਟ ਦੇਹਰਦੂਨ ਵਾਲਿਆਂ ਦੀ ਪ੍ਰਸਿਧ ਅੰਗਰੇਜੀ ਪੁਸਤਕ ਵਿਚੋਂ ਲਿਖਿਆ ਗਿਆ ਹੈ। ਕਰਮ ਫਿਲੌਸਫੀ ਦਾ ਗਿਆਨ ਇਸ ਲੇਖ ਵਿਚੋਂ ਪ੍ਰਾਪਤ ਹੋਵੇਗਾ। ਯੋਗਾ ਉਪਰ ਲੈਕਚਰ ਵੀ ਸਵਾਮੀ ਜੀ ਦੇ ਸਮੇਂ ਸਮੇਂ ਵਿਦੇਸ਼ਾਂ ਅੰਦਰ ਅੰਗਰੇਜ਼ੀ ਵਿਚ ਦਿਤੇ ਗਏ ਲੈਕਚਰਾਂ ਉਪਰ ਅਧਾਰਿਤ ਹੈ। ਇਸ ਨੂੰ ਪੜ੍ਹ ਕੇ ਪ੍ਰੈਕਟੀਕਲ ਜੀਵਨ ਵਿਚ ਅਪਣਾਉਣ ਨਾਲ ਨਿਰੋਗੀ ਜੀਵਨ ਦੀ ਪ੍ਰਾਪਤੀ ਹੁੰਦੀ ਹੈ।

ਆਤਮ ਮਾਰਗ ਪਾਠਕਾਂ ਨੂੰ ਅਤਿਅਧੀਨਗੀ ਨਿਮਰਤਾ ਸਹਿਤ ਬੇਨਤੀ ਜੋਦੜੀ ਹੈ ਕਿ ਆਪ ਜਰੂਰ ਹੀ ਗੁਰ ਸ਼ਬਦ ਦੀ ਸਾਂਝ ਵਧਾਉਣ ਦੀ ਕ੍ਰਿਪਾਲਤਾ ਕਰੋ ਜੀ, ਮਹਾਂਪੁਰਸ਼ਾਂ ਦੇ ਪਿਆਰ ਵਿਚ ਬਹੁਤ ਸਾਰੇ ਪ੍ਰੇਮੀ ਆਤਮ ਮਾਰਗ ਮੈਗਜ਼ੀਨ ਨੂੰ ਹੋਰ ਅੱਗੇ ਵਧਾਉਣ ਦੀਆਂ ਕੋਸ਼ਿਸ਼ਾਂ ਜਾਰੀ ਰੱਖ ਰਹੇ ਹਨ। ਗੁਰੂ ਪੀਰਾਂ ਮਹਾਂਪੁਰਸ਼ਾਂ ਦੀ ਸਮਾਜ ਨੂੰ ਮਹਾਨ ਦੇਣ ਆਤਮ ਮਾਰਗ ਮੈਗਜ਼ੀਨ ਰਾਹੀਂ ਪ੍ਰਗਟ ਕਰਨ ਦਾ ਨਿਰੰਤਰ ਉਪਰਾਲਾ ਸਦਾ ਹੀ ਜਾਰੀ ਰੱਖਣ ਦੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਲਈ ਆਤਮ ਮਾਰਗ ਮੈਗਜ਼ੀਨ ਆਪ ਪੜ੍ਹੋ ਅਤੇ ਅੱਗੇ ਹੋਰਨਾਂ ਨੂੰ ਵੀ ਪੜ੍ਹਾਉਣ ਵਾਸਤੇ ਪ੍ਰੇਰਨਾ ਕਰਨੀ ਸਾਡਾ ਸਾਰਿਆਂ ਦਾ ਫਰਜ ਬਣਦਾ ਹੈ।

****************

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ

**(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)**

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

## *ਹੁਕਮਨਾਮਾ*

***ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ॥***
***ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ॥***
***ਮੇਰੇ ਮਨ ਜਪਿ ਰਾਮ ਨਾਮੁ ਹਰਿ ਮਾਝਾ॥***
***ਹਰਿ ਹਰਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਗੁਰਿ ਗਿਆਨੁ ਦੀਓ ਮਨੁ ਸਮਝਾ॥***
***ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ ਮਾਝਾ॥***
***ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ॥***
***ਦਰਸਨੁ ਸਾਧ ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਝਾ॥***
***ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਝਾ॥***
***ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ॥***
***ਧਰਮਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥ ਅੰਗ - 697***

ਸਾਧਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

ਆਪ ਸਾਰਿਆਂ ਨੇ ਗੁਰੂ ਮਹਾਰਾਜ ਜੀ ਦਾ ਜੋ ਹੁਕਮਨਾਮਾ ਸਾਡੇ ਪ੍ਰਤੀ, ਸਾਨੂੰ ਰਾਹ ਦਸਦਾ ਪ੍ਰਕਾਸ਼ ਕੀਤਾ ਹੈ ਉਸ ਦੇ ਵਿਚ ਅੱਖਰ ਔਖੇ ਨਹੀਂ ਹਨ ਗੱਲ ਸਮਝ ਵਿਚ ਪੈ ਜਾਂਦੀ ਹੈ। ਆਪ ਸਭ ਨੇ ਸ੍ਰਵਣ ਕੀਤਾ ਹੈ। ਕਿੰਨੀ ਕੁ ਲਗਨ ਦੇ ਨਾਲ ਅਸੀਂ ਇਸ ਨੂੰ ਪ੍ਰਾਪਤ ਕਰਦੇ ਹਾਂ, ਸਾਡਾ ਪ੍ਰਾਪਤ ਕਰਤਾ ਕਿੰਨਾ ਕੁ ਮਜ਼ਬੂਤ ਹੈ ਕਿ ਇਸ ਸੰਦੇਸ਼ ਨੂੰ ਪ੍ਰਾਪਤ ਕਰਕੇ, ਸਮਝਣ ਦਾ ਯਤਨ ਕਰੇ ਤੇ ਹਿਰਦੇ ਵਿਚ ਵਸਾਵੇ। ਓਸ ਭਾਵ ਨੂੰ ਸਮਝਣ ਦਾ ਯਤਨ ਕਰਦਾ ਹੋਇਆ ਜਿਸ ਨੂੰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਇਹ ਆਪਣੇ ਜੀਵਨ ਨੂੰ ਢਾਲੇ। ਇਹ ਇਕ ਬਹੁਤ ਹੀ ਔਖੀ ਗੱਲ ਹੈ ਕਿਉਂਕਿ ਸਾਨੂੰ ਜੋ ਸੁਣਨ ਦਾ ਸੁਭਾਅ ਪਿਆ ਹੋਇਆ ਹੈ ਉਹ ਸਿਰਫ ਉਹ ਗੱਲਾਂ ਨੇ ਜਿਹੜੀਆਂ ਸਾਡੇ ਹਿਤਾਂ ਦੇ ਅਨੁਕੂਲ ਹਨ ਉਹ ਚਾਹੇ ਔਖੀਆਂ ਹੋਣ, ਚਾਹੇ ਸੌਖੀਆਂ ਹੋਣ, ਅੱਖਰ-ਅੱਖਰ ਉਹ ਸਾਡੇ ਯਾਦ ਹੋ ਜਾਂਦਾ ਹੈ, ਮਨ ਵਿਚ ਵਸਾ ਲੈਂਦੇ ਹਾਂ ਉਸ ਦੇ ਮੁਤਾਬਿਕ ਹੀ ਸਾਡੀ ਕ੍ਰਿਆ ਹੋਇਆ ਕਰਦੀ ਹੈ।

ਸੋ ਇਸ ਸ਼ਬਦ ਦੇ ਅੰਦਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਜੇ ਨਾਮ ਨਹੀਂ ਹਿਰਦੇ ਵਿਚ ਵਸਿਆ ਤਾਂ ਉਸ ਦੀ ਮਾਤਾ ਜਿਹੜੀ ਹੈ ਜੇ ਉਹ ਬਾਂਝ ਹੋ ਜਾਂਦੀ ਤਾਂ ਚੰਗਾ ਸੀ। ਬੜੀ ਵੱਡੀ ਗੱਲ ਕਹਿ ਦਿਤੀ। ਜਦੋਂ ਅਸੀਂ ਇਹ ਪੜ੍ਹਦੇ ਹਾਂ, ਸੁਣਦੇ ਹਾਂ ਕਿ ਕੋਈ ਖਾਸ ਹੀ ਚੀਜ਼ ਹੈ ਜਿਸ ਵਲ ਗੁਰੂ ਮਹਾਰਾਜ ਜੀ ਇਸ਼ਾਰਾ ਕਰਦੇ ਨੇ ਜੋ ਸਾਡੇ ਰੋਜ਼ ਗੁਰਦਵਾਰੇ ਜਾਣ ਦੇ, ਬਾਣੀ ਪੜ੍ਹਨ ਦੇ ਬਾਵਜੂਦ ਅਜੇ ਤੱਕ ਸਮਝ ਨਹੀਂ ਆਈ। ਅਜੇ ਤੱਕ ਸਾਨੂੰ ਪਤਾ ਨਹੀਂ ਲੱਗ ਸਕਿਆ ਕਿ ਮਹਾਰਾਜ ਦਾ ਕੀ ਸਿਧਾਂਤ ਹੈ ਤੇ ਐਡੀ ਵੱਡੀ ਗੱਲ ਕਹਿ ਦਿਤੀ ਕਿ ਪੁੱਤਰ ਹੀ ਨਾ ਹੁੰਦਾ। ਇਸੇ ਤਰ੍ਹਾਂ ਬਾਣੀ ਦੇ ਅੰਦਰ ਹੋਰ ਥਾਵਾਂ ਤੇ ਵੀ ਫੁਰਮਾਨ ਆਉਂਦੇ ਨੇ -

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥***
***ਬਿਧਵਾ ਕਸ ਨ ਭਈ ਮਹਤਾਰੀ॥***
***ਜਿਹ ਨਰ ਰਾਮ ਭਗਤਿ ਨਹਿ ਸਾਧੀ॥***
***ਜਨਮਤ ਕਸ ਨ ਮੁਓ ਅਪਰਾਧੀ॥ ਅੰਗ - 328***

ਇਥੇ ਵੀ ਇਹੀ ਗੱਲ ਕਹਿ ਦਿਤੀ ਕਿ ਪੈਦਾ ਹੀ ਨਹੀਂ ਸੀ ਹੋਣਾ। ਮਾਤਾ ਵਿਧਵਾ ਹੋ ਜਾਂਦੀ ਤਾਂ ਐਸੇ ਪੁੱਤਰ ਨੂੰ ਜਨਮ ਹੀ ਨਾ ਦਿੰਦੀ। ਜਦੋਂ ਅਸੀਂ ਹੁਣ ਸੰਸਾਰ ਦੀ ਹਾਲਤ ਦੇਖਦੇ ਹਾਂ ਤਾਂ ਇਹ ਫੇਰ ਜੋ ਮਹਾਰਾਜ ਜੀ ਦੀ ਆਸ਼ਾ ਹੈ ਤਾਂ ਸੰਸਾਰ ਦੇ ਵਿਚ ਰੌਣਕ ਨਾ ਹੁੰਦੀ, ਕੋਈ ਵੀ ਨਾ ਹੁੰਦਾ ਜਾਂ ਬਹੁੱਤ ਘੱਟ ਹੁੰਦੇ -

***ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥***
***ਅੰਗ - 1427***

ਕਰੋੜਾਂ ਵਿਚ ਇਕ ਹੀ ਹੁੰਦਾ। ਸੋ ਨਾਮ ਕੋਈ ਐਸੀ ਚੀਜ਼ ਹੈ, ਹਿਰਦੇ 'ਚ ਵਸਾਉਣਾ ਕੋਈ ਐਸੀ ਚੀਜ਼ ਹੈ

ਜਿਸ ਨੂੰ ਮਹਾਰਾਜ ਜੀ ਜ਼ਰੂਰੀ ਸਮਝਦੇ ਨੇ ਤੇ ਉਸ ਦੇ ਬਗੈਰ ਕਹਿੰਦੇ ਨੇ ਕਿ ਇਹ ਜਿਹੜੀ ਦੇਹ ਹੈ ਇਹ ਸੁੰਨੀ ਹੈ, ਰੌਣਕ ਨਹੀਂ ਹੈ ਇਸ ਦੇ ਵਿਚ, ਇਹ ਭੂਤ ਮਹਿਲ ਹੈ, ਦਰਵਾਜ਼ੇ ਖੁਲ੍ਹੇ ਨੇ ਏਸ ਦੇ ਸਾਰੇ ਕੋਈ ਕੀਮਤੀ ਚੀਜ਼ ਇਸ ਦੇ ਵਿਚ ਬਚੀ ਹੋਈ ਨਹੀਂ ਹੈ। ਦਿਨ-ਰਾਤ ਇਸਦੇ ਅੰਦਰੋਂ ਜੋ ਕੁਝ ਵੀ ਸੀ ਸਭ ਕੁਝ ਚੋਰੀ ਹੋ ਗਿਆ, ਲੈ ਗਏ ਚੋਰ। ਇਕ ਥਾਂ ਮਹਾਰਾਜ ਇਸ ਨੂੰ ਹੋਰ ਸਪਸ਼ਟ ਕਰਦੇ ਹੋਏ ਦਸਦੇ ਨੇ ਕਿ –

***ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥***
***ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥***
***ਰਸਨਾ ਸੋਈ ਲੋਭਿ ਮੀਠੈ ਸਾਦਿ॥***
***ਮਨੁ ਸੋਇਆ ਮਾਇਆ ਬਿਸਮਾਦਿ॥***
***ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥***
***ਸਾਬਤੁ ਵਸਤੁ ਓਹੁ ਅਪਨੀ ਲਹੈ॥***
***ਸਗਲ ਸਹੇਲੀ ਅਪਨੈ ਰਸ ਮਾਤੀ॥***
***ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥***
***ਮੁਸਨਹਾਰ ਪੰਚ ਬਟਵਾਰੇ॥***
***ਸੂਨੇ ਨਗਰਿ ਪਰੇ ਠਗਹਾਰੇ॥ ਅੰਗ – 182***

ਪੰਜ ਚੋਰਾਂ ਨੇ ਲੁੱਟ ਲਿਆ ਏਸ ਨੂੰ, ਪੰਜ ਠੱਗਾਂ ਨੇ ਏਸ ਨੂੰ ਠੱਗ ਲਿਆ – ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ, ਪੰਜਾਂ ਵਿਸ਼ਿਆਂ ਨੇ ਏਸ ਨੂੰ ਭੋਗ ਲਿਆ – ਸ਼ਬਦ, ਸਪਰਸ਼, ਰੂਪ, ਰਸ, ਗੰਧ। ਈਰਖਾ, ਨਿੰਦਿਆ, ਚੁਗਲੀ, ਆਸਾ, ਤ੍ਰਿਸ਼ਨਾ, ਅੰਦੇਸਾ ਇਹ ਬੜੀਆਂ ਭੈੜੀਆਂ ਚੀਜ਼ਾਂ ਨੇ ਇਹ ਸੁੰਨੇ ਘਰ ਦੇ ਵਿਚ ਫਿਰਦੀਆਂ ਨੇ ਕਿਉਂਕਿ ਕੋਈ ਰਾਖਾ ਨਹੀਂ ਹੈ ਤੇ ਇਸ ਦੀ ਰਾਖੀ ਕੋਈ ਸੰਸਾਰਕ ਜੀਵ ਨਹੀਂ ਕਰ ਸਕਦਾ – ਨਾ ਇਨ੍ਹਾਂ ਤੋਂ ਪੈਸੇ-ਟਕੇ ਦੀ ਰਿਸ਼ਵਤ ਦਿਤਿਆਂ ਰਾਖੀ ਹੋ ਸਕਦੀ ਹੈ। ਮਹਾਰਾਜ ਕਹਿੰਦੇ–

***ਉਨ ਤੇ ਰਾਖੈ ਬਾਪੁ ਨ ਮਾਈ॥***
***ਉਨ ਤੇ ਰਾਖੈ ਮੀਤੁ ਨ ਭਾਈ॥***
***ਦਰਬਿ ਸਿਆਣਪ ਨਾ ਓਇ ਰਹਤੇ॥ ਅੰਗ – 182***

ਇਸਦੀ ਰਾਖੀ ਫੇਰ ਕੌਣ ਕਰਦਾ ਹੈ? ਮਹਾਰਾਜ ਜੀ ਕਹਿੰਦੇ ਸਾਧੂ ਮਿਲ ਜਾਵੇ ਤੇ ਸਾਧੂ ਦੇ ਬਚਨ ਦੀ ਕਮਾਈ ਕੀਤੀ ਜਾਵੇ ਫੇਰ –

***ਸਾਧਸੰਗਿ ਓਇ ਦੁਸਟ ਵਸਿ ਹੋਤੇ॥ ਅੰਗ – 182***

ਜਿਨ੍ਹਾਂ ਨੇ ਇਸ ਜੀਵ ਨੂੰ ਲੁੱਟ ਲਿਆ ਉਨ੍ਹਾਂ ਦੁਸ਼ਟਾਂ ਤੋਂ ਰਾਖੀ ਕਰਨ ਨੂੰ ਜੇ ਕੋਈ ਸਮਰੱਥ ਹੈ ਤਾਂ ਕੇਵਲ ਸਾਧੂ ਸਮਰੱਥ ਹੁੰਦਾ ਹੈ, ਸਾਧੂ ਦੀ ਸੰਗਤ ਮਿਲ ਜਾਵੇ ਪਰ ਇਹ ਦੁਰਲੱਭ ਹੈ, ਬਹੁਤ ਮੁਸ਼ਕਲ ਹੈ ਜੇ ਅਸੀਂ ਚਾਹੁੰਦੇ ਵੀ ਹੋਈਏ ਤਾਂ ਵੀ ਅਸੀਂ ਨਹੀਂ ਕਰ ਸਕਦੇ। ਕਿਉਂ ਨਹੀਂ ਕਰ ਸਕਦੇ? ਕਿਉਂਕਿ ਭਾਗ ਨਹੀਂ ਬਣ ਸਕਿਆ। ਸਾਡੇ ਉਤਮ ਭਾਗ ਨਹੀਂ ਬਣ ਸਕੇ ਜਿਸਦੇ ਨਾਲ ਸਾਨੂੰ ਕਿਸੇ ਪੂਰਨ ਮਹਾਂਪੁਰਸ਼ ਦੀ ਸੰਗਤ ਮਿਲ ਸਕੇ, ਕਿਸੇ ਸਾਧੂ ਦੀ ਸੰਗਤ ਮਿਲ ਸਕੇ। ਸਾਧੂ ਗੁਰੂ ਦੇ ਨਾਲ ਜੋੜਦਾ ਹੈ। ਗੁਰੂ ਦੇ ਸਿਧਾਂਤ ਨੂੰ ਜੇ ਕੋਈ ਸਮਝ ਸਕਦਾ ਹੈ ਤਾਂ ਉਹ ਹੀ ਸਮਝਾ ਸਕਦਾ ਹੈ ਜਿਸ ਦੇ ਅੰਦਰ ਇਹ ਪ੍ਰਤੱਖ ਰੂਪ ਵਿਚ ਅਨੁਭਵ ਮੌਜੂਦ ਹੈ ਦੂਜੇ ਨੂੰ ਨਹੀਂ ਪਤਾ ਲਗਦਾ। ਦੱਸਿਆ ਵੀ ਨਹੀਂ ਜਾ ਸਕਦਾ ਕਿਉਂਕਿ ਉਸ ਦੀ ਕੋਈ ਪਰਿਭਾਸ਼ਿਕ ਸ਼ਬਦਾਵਲੀ ਨਹੀਂ ਹੈ ਤਾਂ ਕਿਵੇਂ ਸਮਝਾ ਦੇਵੇ ਜਿਹੜੀ ਚੀਜ਼ ਸਮਝੀ ਹੀ ਨਹੀਂ ਜਾ ਸਕਦੀ –

***ਕਹੁ ਕਬੀਰ ਗੂੰਗੈ ਗੁੜੁ ਖਾਇਆ***
***ਪੂਛੈ ਤੇ ਕਿਆ ਕਹੀਐ॥ ਅੰਗ – 334***

ਗੂੰਗਾ ਕੀ ਕਰੇਗਾ ਉਸ ਦੇ ਕੋਲ ਜ਼ੁਬਾਨ ਨਹੀਂ ਹੈ, ਇਸ਼ਾਰੇ ਤਾਂ ਹੋਣਗੇ ਉਸਦੇ ਕੋਲ ਪਰ ਬੋਲ ਕੇ ਨਹੀਂ ਸਮਝਾ ਸਕੇਗਾ। ਇਸੇ ਤਰ੍ਹਾਂ ਜੋ ਨਾਮ ਦੀ ਅਵਸਥਾ ਹੈ ਇਹ ਸਮਝਾਉਣ ਤੋਂ ਉਪਰਲੀ ਬਾਤ ਹੈ ਕੇਵਲ ਅਨੁਭਵ ਦਾ ਵਿਸ਼ਾ ਹੈ। ਮਹਾਰਾਜ ਜੀ ਕਹਿੰਦੇ ਜੇ ਨਾਮ ਹਿਰਦੇ ਵਿਚ ਨਹੀਂ ਵਸਿਆ, ਨਾਮ ਦੀ ਸੋਝੀ ਇਸ ਦੇ ਹਿਰਦੇ ਵਿਚ ਨਹੀਂ ਆਈ ਤਾਂ ਕਹਿੰਦੇ ਇਹ ਦੇਹ ਜਿਹੜੀ ਹੈ ਇਹ ਸੁੰਨੀ ਹੈ ਤੇ ਖਪ-ਖਪ ਕੇ ਇਹ ਜ਼ਿੰਦਗੀ ਗੁਜ਼ਾਰ ਰਿਹਾ ਹੈ ਇਹ ਸਾਰੀ। ਜਿੱਥੇ ਧਰਮਰਾਜ ਦੇ ਕਾਗਜ਼ ਪਾੜਨੇ ਨੇ, ਲੇਖਾ ਸਮਝਾਉਣਾ ਹੈ ਸਭ ਤੋਂ ਉਤੇ ਵੱਡਾ ਲੇਖਾ ਚਲਿਆ ਜਾਣਾ ਹੈ ਉਹ ਮਹਾਰਾਜ ਜੀ ਨਾਮ ਦੀ ਪ੍ਰਾਪਤੀ ਦੱਸਦੇ ਹਨ। ਨਾਮ ਨੂੰ ਸਮਝਣ ਵਾਸਤੇ ਹੀ ਅਸੀਂ ਯਤਨ ਕਰਦੇ ਹਾਂ ਕਿ ਅੰਮ੍ਰਿਤ ਵੇਲੇ ਜਾਗੀਏ, ਹਰੀ ਦਾ ਜਸ ਸਰਵਣ ਕਰੀਏ, ਆਪ ਕੀਰਤਨ ਕਰੀਏ ਤਾਂ ਕਿ ਓਸ ਨਾਮ ਦਾ ਝਲਕਾ ਸਾਨੂੰ ਵਜ ਜਾਵੇ ਸਾਡੇ ਹਿਰਦੇ ਦੇ ਅੰਦਰ ਕੁਝ ਮਹਿਸੂਸ ਹੋਵੇ, ਕੋਈ ਜ਼ਿੰਦਗੀ ਦੀ ਰੌ ਰੁਮਕ ਜਾਵੇ। ਮਹਾਰਾਜ ਜੀ ਕਹਿੰਦੇ ਨੇ ਬਾਕੀ ਤਾਂ ਭਾਈ ਜਿਹੜੇ ਸੁੰਨੀਆਂ ਦੇਹਾਂ ਵਾਲੇ ਫਿਰਦੇ ਨੇ ਜਿਉਂਦਿਆਂ ਵਿਚ ਨਾ ਇਨ੍ਹਾਂ ਨੂੰ ਗਿਣੋਂ, ਇਹ ਤਾਂ ਸਾਰੇ ਮਰੇ ਹੋਏ ਨੇ। ਜੀਉਂਦਾ ਸਿਰਫ ਉਹ ਹੈ ਜਿਸ ਦੇ ਅੰਦਰ ਸਿਰਫ ਨਾਮ ਦੀ ਧਾਰਾ ਚੱਲ ਰਹੀ ਹੈ, ਨਾਮ ਦੀ ਰੌ ਚੱਲ ਰਹੀ ਹੈ ਜਿਸ ਨੇ ਨਾਮ ਤੋਂ ਜੀਵਨ ਪ੍ਰਾਪਤ ਕਰਿਆ ਹੈ।

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭ ਹਰਾਮੁ ਜੇਤਾ ਕਿਛੁ ਖਾਇ॥ ਅੰਗ – 142***

ਮਹਾਰਾਜ ਜੀ ਨੇ ਦੱਸ ਦਿਤਾ ਕਿ ਸਿਰਫ ਜੀਉਂਦਾ ਉਹ ਹੈ ਜਿਸ ਦੇ ਅੰਦਰ ਨਾਮ ਦੀ ਰੌ ਰੁਮਕ ਰਹੀ ਹੈ ਬਾਕੀ ਜਿਹੜਾ ਸੰਸਾਰ ਹੈ ਇਹ ਜੀਉਂਦੇ ਨਹੀਂ ਇਹ ਤਾਂ ਮੁਰਦੇ ਨੇ। ਸੱਚੇ ਪਾਤਸ਼ਾਹ! ਇਸ ਸੰਸਾਰ ਵਿਚ ਤਾਂ ਹੱਦ ਤੋਂ ਜ਼ਿਆਦਾ ਸੋਹਣੇ ਨੇ, ਹੱਦ ਤੋਂ ਜ਼ਿਆਦਾ ਧਨੀ ਨੇ, ਹੱਦ ਤੋਂ ਜ਼ਿਆਦਾ ਵੱਡੀਆਂ ਕੁਲਾਂ ਵਾਲੇ, ਵੱਡੀਆਂ ਪੜ੍ਹਾਈਆਂ ਲਿਖਾਈਆਂ ਵਾਲੇ, ਵੱਡੀਆਂ ਮੱਤਾਂ ਵਾਲੇ ਨੇ ਇਨ੍ਹਾਂ ਵਿਚੋਂ ਕੋਈ ਵੀ ਨਹੀਂ ਜੀਉਂਦਾ। ਮਹਾਰਾਜ ਜੀ ਕਹਿੰਦੇ ਨਹੀਂ, ਜੇ ਰੌ ਨਹੀਂ ਰੁਮਕਦੀ ਇਸ ਦੇ ਅੰਦਰ ਤਾਂ ਇਹ ਮੁਰਦੇ ਨੇ –

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਐ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*
*ਅੰਗ - 253*

ਜਿੰਨਾ ਚਿਰ ਉਹ ਪਿਆਰ ਦੀ ਰੌ ਨਹੀਂ ਆਉਂਦੀ ਉਨਾਂ ਚਿਰ ਇਹ dead ਬੈਟਰੀਆਂ ਨੇ ਸਾਰੀਆਂ। ਬੈਟਰੀ ਲੈਣ ਜਾਓ ਦੁਕਾਨ ਤੇ ਸਿਆਣਾ ਬੰਦਾ ਕਹਿੰਦਾ ਹੈ ਕਿ ਤੂੰ ਲੈ ਤਾਂ ਜਾਹ ਪਰ ਇਹ ਕਰਨੀ ਕੀ ਹੈ? ਕਹਿੰਦਾ ਮੈਂ ਕਾਰ ਵਿਚ ਲਾਉਣੀ ਹੈ ਕਿਉਂਕਿ ਉਹ ਚਲਦੀ ਨਹੀਂ ਹੈ, ਬੈਟਰੀ ਨਹੀਂ ਹੈ। ਕਹਿੰਦਾ ਏਸ ਤਰ੍ਹਾਂ ਨਹੀਂ ਹੋਣੀ ਫੇਰ ਤੂੰ ਕੱਲ੍ਹ ਨੂੰ ਆਈਂ, ਪੈਸੇ ਅੱਜ ਦੇ ਜਾਹ ਬੈਟਰੀ ਕੱਲ੍ਹ ਨੂੰ ਲੈ ਜਾਵੀਂ। ਕਹਿੰਦੇ ਬੈਟਰੀ ਤਾਂ ਠੀਕ-ਠਾਕ ਹੈ ਦਿੰਦੇ ਕਿਉਂ ਨਹੀਂ? ਕਹਿੰਦੇ ਕਿ ਇਸਦੇ ਵਿਚ ਕਰੰਟ ਨਹੀਂ ਹੈ। ਬਾਕੀ ਸਾਰੀਆਂ ਚੀਜ਼ਾਂ ਤਾਂ ਹਨ ਪਰ ਕਰੰਟ ਤੋਂ ਬਗੈਰ ਬੈਟਰੀ dead ਕਹਿੰਦੇ ਨੇ। ਇਸੇ ਤਰ੍ਹਾਂ ਬਾਕੀ ਅਕਲਾਂ ਤਾਂ ਸਾਡੇ ਵਿਚ ਸਾਰੀਆਂ ਹੀ ਹਨ, ਬੜਾ ਕੁਝ ਹੈ ਕੂੜ-ਕਬਾੜ ਵੀ ਪਿਆ ਹੈ, ਬੜੀਆਂ ਉਤਮ ਚੀਜ਼ਾਂ ਵੀ ਪਈਆਂ ਨੇ, ਬੜੀਆਂ ਵੱਡੀਆਂ ਗੱਲਾਂ ਨੇ -

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ॥*
*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥*
*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥*
*ਅੰਗ - 1033*

ਬਹੁਤ ਮਿਹਨਤ ਤੋਂ ਬਾਅਦ ਇਹ ਚੀਜ਼ ਪ੍ਰਾਪਤ ਹੁੰਦੀ ਹੈ। ਉਹ ਵੀ ਤਾਂ ਹੁੰਦੀ ਹੈ ਜੇ ਲਗਨ ਪੂਰੀ ਹੋਵੇ। ਜੇ ਮਨ ਦੀ ਸੂਈ ਦੇ ਵਿਚ 90% ਤਾਂ ਪਰਾਪਤੀ ਦਾ ਹੋਵੇ ਤੇ 10% ਦੁਨੀਆਂ ਦਾ ਹੋਵੇ ਉਹ ਗੌਣ ਹੋਵੇ ਤੇ ਪਹਿਲੀ ਇੱਛਾ ਜਿਹੜੀ ਹੈ ਉਹ ਨਾਮ ਦੀ ਹੋਵੇ ਕਿਉਂਕਿ ਮਨੁੱਖਾ ਜਨਮ ਜੋ ਛਿਨ-ਛਿਨ ਕਰਕੇ ਲੰਘ ਰਿਹਾ ਹੈ ਉਹ ਦੁਬਾਰਾ ਸਾਡੇ ਹੱਥ ਵਿਚ ਨਹੀਂ ਆਉਂਦਾ, ਪਛਤਾਵਾ ਹੀ ਰਹਿ ਜਾਂਦਾ ਹੈ। ਜਿਸ ਵਕਤ ਸੰਸਾਰ ਤੋਂ ਜਾਂਦਾ ਹੈ ਉਸ ਵੇਲੇ ਸੋਝੀ ਵਾਲਿਆਂ ਦੇ ਮਨ ਵਿਚ ਬੜਾ ਹੀ ਪਛਤਾਵਾ ਹੁੰਦਾ ਹੈ ਕਿ ਇਸ ਰਸਤੇ ਪਏ ਵੀ, ਦੁਨੀਆਂ ਵਲੋਂ ਮਨ ਨੂੰ ਰੋਕ-ਰੋਕ ਵੀ ਰੱਖਿਆ ਵਿਸ਼ੇ ਤੇ ਵਾਸ਼ਨਾ ਤੋਂ ਆਪਣੇ-ਆਪ ਨੂੰ ਬਚਾਇਆ, ਸਮਾਂ ਮੁੱਕ ਗਿਆ ਤੇ ਹੁਣ ਕਰਿਆ ਕੀ ਜਾਵੇ, ਹੁਣ ਤਾਂ ਮੁੜ ਕੇ ਹੱਥ ਨਹੀਂ ਆਉਂਦਾ -

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥*
*ਅੰਗ - 1428*

ਵਕਤ ਤਾਂ ਨਿਕਲ ਗਿਆ ਤੇਰਾ ਹੁਣ ਪਛਤਾਵਾ ਕਰਨ ਨਾਲ ਕੀ ਬਣਦਾ ਹੈ -

*ਜੋ ਕਿਛੁ ਕਰਹਿ ਸੋਈ ਅਬ ਸਾਰੁ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ॥ ਅੰਗ - 1159*

ਜਿਹੜਾ ਕੁਝ ਕਰਨਾ ਹੈ ਹੁਣੇ ਕਰ ਲੈ। ਮਹਾਰਾਜ ਜੀ ਨੇ ਬੜੀ ਕ੍ਰਿਪਾ ਸਾਡੇ ਤੇ ਕੀਤੀ ਹੈ ਕਿ ਏਸ ਰਸਤੇ ਤੇ, ਏਸ ਮਾਰਗ ਤੇ ਤੁਰਨ ਦੀ ਸਮਰੱਥਾ ਦੇ ਦਿਤੀ ਕਿਉਂਕਿ ਜੀਵ ਦੇ ਹੱਥ ਵਿਚ ਨਹੀਂ ਹੈ ਇਹ -

*ਆਪਿ ਜਪਾਏ ਜਪੈ ਸੋ ਨਾਉ॥*
*ਆਪਿ ਗਾਵਾਏ ਸੁ ਹਰਿ ਗੁਨ ਗਾਉ॥ ਅੰਗ - 270*

ਉਸ ਦੀ ਬੜੀ ਭਾਰੀ ਮਦਦ ਦੀ ਲੋੜ ਹੈ ਹਰੀ ਦਾ ਜਸ ਕਰਨ ਵਾਸਤੇ, ਅੰਮ੍ਰਿਤ ਵੇਲੇ ਉਠਣ ਵਾਸਤੇ ਕਿਉਂਕਿ ਇਹ ਮਨ ਜਿਹੜਾ ਹੈ ਇਹ ਵਿਪਰੀਤ ਹੈ ਵਾਹਿਗੁਰੂ ਤੋਂ, ਇਹ ਮੰਨਦਾ ਨਹੀਂ ਹੈ, ਇਹ ਥੋੜ੍ਹੀ ਦੇਰ ਵਾਸਤੇ ਟਿਕਦਾ ਹੈ ਫੇਰ ਉਤੇ ਹੀ ਚਲਿਆ ਜਾਂਦਾ ਹੈ ਕਿਉਂਕਿ ਇਸ ਦਾ ਵਾਹ ਦੇਖਣ ਵਾਲੀਆਂ ਚੀਜ਼ਾਂ ਨਾਲ ਹੈ, ਨੌਂ ਦਰਵਾਜ਼ਿਆਂ ਰਾਹੀਂ ਬਾਹਰ ਨੂੰ ਨਿਕਲਦਾ ਹੈ, ਅੰਦਰ ਨਹੀਂ ਇਹ ਟਿਕਦਾ। ਸੋ ਉਹ ਚੀਜ਼ ਸਾਨੂੰ ਪ੍ਰਾਪਤ ਨਹੀਂ ਹੋ ਰਹੀ ਜਿਸ ਚੀਜ਼ ਨੂੰ ਪ੍ਰਾਪਤ ਕਰਨ ਵਾਸਤੇ ਸਾਨੂੰ ਮਨੁੱਖਾ ਦੇਹੀ ਮਿਲੀ ਹੈ। ਨਾ ਤਾਂ ਇਹ ਛੱਡ ਕੇ ਹੀ ਮਿਲਦੀ ਹੈ ਕਿ ਘਰ-ਬਾਰ ਛੱਡ ਦਿਓ, ਕਿਸੇ ਡੇਰੇ ਵਿਚ ਜਾ ਕੇ ਅਸੀਂ ਰਹਿ ਪਈਏ ਤੇ ਉਥੇ ਸਾਨੂੰ ਪ੍ਰਾਪਤੀ ਹੋਏਗੀ, ਨਾ ਇਥੇ ਵੀ ਨਹੀਂ ਹੁੰਦੀ ਕਿਉਂਕਿ ਮਨ ਤਾਂ ਨਾਲ ਹੀ ਜਾਂਦਾ ਹੈ - ਨਾ ਕਿਸੇ ਗੁਫਾ 'ਚ ਵੜ ਕੇ ਮਿਲਦਾ ਹੈ, ਨਾ ਇਹ ਸਭ ਕੁਝ ਜੇ ਛੱਡ-ਛੁਡਾ ਕੇ ਜੰਗਲਾਂ ਵਿਚ, ਪਹਾੜਾਂ ਵਿਚ ਚਲੇ ਜਾਈਏ ਤਾਂ ਨਹੀਂ ਮਿਲਦਾ। ਇਸ ਦੇ ਮਿਲਣ ਦਾ ਇਕ ਸਾਧਨ ਤਾਂ ਗੁਰੂ ਮਹਾਰਾਜ ਜੀ ਨੇ ਸਾਨੂੰ ਬਖਸ਼ ਦਿਤਾ ਕਿ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥ ਅੰਗ - 642*

ਹਰੀ ਦਾ ਜਸ ਕਰਨਾ - ਇਹ ਹੁਲਾਰਾ ਦਿੰਦਾ ਹੈ, ਟੁਣਕਾਰ ਮਾਰਦਾ ਹੈ ਓਸ ਥਾਂ ਦੇ ਉਤੇ, ਉਸ ਮੰਡਲ ਦੇ ਵਿਚ ਸੁਰਤ ਨੂੰ ਲਿਜਾ ਕੇ ਦਿਖਾਉਂਦਾ ਹੈ ਜਿਥੇ ਰਸ ਹੀ ਰਸ ਹੈ, ਜਿੱਥੇ ਅੰਮ੍ਰਿਤ ਰਸ ਦੀ ਵਰਖਾ ਹੁੰਦੀ ਹੈ, ਜਿਸ ਦੇ ਬਾਰੇ ਐਸੇ ਬਚਨ ਆਉਂਦੇ ਹਨ -

*ਅੰਮ੍ਰਿਤ ਬਚਨ ਸਾਧ ਕੀ ਬਾਣੀ॥*
*ਜੋ ਜੋ ਜਪੈ ਤਿਸ ਕੀ ਗਤਿ ਹੋਵੈ*
*ਹਰਿ ਹਰਿ ਨਾਮੁ ਨਿਤ ਰਸਨ ਬਖਾਨੀ॥ ਅੰਗ - 744*

ਉਹ ਅੰਮ੍ਰਿਤ ਬਚਨ ਸਾਨੂੰ ਪ੍ਰਾਪਤ ਹੁੰਦੇ ਨੇ। ਬਾਣੀ ਦੇ ਅੰਮ੍ਰਿਤ ਬਚਨ ਹਿਰਦੇ ਦੇ ਅੰਦਰ ਟੁਣਕਾਰ ਮਾਰਦੇ ਨੇ ਲੇਕਿਨ ਸਾਡੀ ਪਹੁੰਚ ਨਹੀਂ ਹੈ ਉਥੇ ਕਿਉਂਕਿ ਉਤੇ ਜੋ ਦਰਵਾਜ਼ਾ ਹੈ ਉਹ ਖੁਲ੍ਹ ਨਹੀਂ ਰਿਹਾ, ਗੁਰੂ ਦੇ ਸਬਦਾਂ ਦੀ ਅਸੀਂ ਕਮਾਈ ਨਹੀਂ ਕਰ ਰਹੇ, ਨਾ ਕਰਨ ਕਰਕੇ ਉਹ

ਖੁਲ੍ਹਦਾ ਨਹੀਂ ਹੈ। ਕਹਿੰਦੇ ਫੇਰ ਘਰ-ਬਾਰ ਛੱਡ ਜਾਈਏ।

ਮਹਾਤਮਾ ਦੇ ਕੋਲ ਇਕ ਬੰਦਾ ਜਾਂਦਾ ਹੈ ਜਾ ਕੇ ਉਹ ਕਹਿਣ ਲੱਗਿਆ ਕਿ ਮਹਾਰਾਜ! ਮੈਂ ਐਸੀ ਬਾਣੀ ਸੁਣੀ ਹੈ ਕਿ -

***ਜਿਨ ਹਰਿ ਹਿਰਦੈ ਨਾਮੁ ਨ ਬਸਿਓ***
***ਤਿਨ ਮਾਤ ਕੀਜੈ ਹਰਿ ਬਾਂਝਾ॥ ਅੰਗ - 697***

ਮੈਂ ਆਪਣੀ ਮਾਤਾ ਨੂੰ ਗਾਲ੍ਹਾਂ ਨਹੀਂ ਖੁਆਣੀਆਂ, ਰੂਹਾਨੀ ਗਾਲ੍ਹਾਂ ਤੇ ਮੈਂ ਹੁਣ ਹਿਰਦੇ ਵਿਚ ਨਾਮ ਵਸਾਉਣ ਵਾਸਤੇ ਹੀ ਆਇਆ ਹਾਂ। ਮੈਨੂੰ ਤੁਸੀਂ ਸੰਨਿਆਸ ਦੇ ਦਿਓ। ਉਹ ਕਹਿੰਦੇ ਕਿ ਪ੍ਰੇਮੀਆ! ਕੀ ਲੈਣਾ ਹੈ ਤੂੰ ਸੰਨਿਆਸੀ ਬਣ ਕੇ ਬਹੁਤ ਬਿਖੜਾ ਰਸਤਾ ਹੈ, ਸਾਰੀਆਂ ਆਸਾਂ, ਸਾਰੀਆਂ ਵਾਸ਼ਨਾਵਾਂ ਖਤਮ ਕਰਨੀਆਂ ਪੈਂਦੀਆਂ ਹਨ, ਸੁੰਨ ਕਰਨੀਆਂ ਪੈਂਦੀਆਂ ਹਨ ਤੇ ਫੇਰ ਜਾ ਕੇ ਕਿਤੇ ਸੰਨਿਆਸੀ ਬਣਦਾ ਹੈ ਇਸ ਤਰ੍ਹਾਂ ਤਾਂ ਬਣਦਾ ਨਹੀਂ ਹੈ ਕਿ ਸੋਹਣੇ ਕੱਪੜੇ ਪਾ ਲਏ, ਚੰਗੇ ਡੇਰੇ ਵਿਚ ਬੈਠ ਗਿਆ, ਲੋਕ ਆਉਂਦੇ ਨੇ, ਮੱਥੇ ਟੇਕਦੇ ਨੇ - ਇਨ੍ਹਾਂ ਤੋਂ ਕੀ ਲੈਣਾ ਹੈ? ਇਹ ਤਾਂ ਪ੍ਰਵਿਰਤੀ ਬੜੀ ਮਾੜੀ ਹੈ, ਫਸਾ ਲੈਂਦੀ ਹੈ, ਸਮਾਂ ਬਰਬਾਦ ਕਰਨਗੇ ਕਿਉਂਕਿ ਸਾਰੇ ਤਾਂ ਸੁਲਝੇ ਹੋਏ ਹੁੰਦੇ ਨਹੀਂ, ਹਜ਼ਾਰਾਂ ਵਿਚੋਂ ਇਕ ਮਿਲ ਜਾਵੇ ਤਾਂ ਮਿਲ ਜਾਵੇ ਬਾਕੀ ਤਾਂ ਸਾਰੇ ਗਰਜਾਂ ਦੇ ਬੰਦੇ ਨੇ। ਤੇਰਾ ਪਹਿਲਾ ਕੀਤਾ ਹੋਇਆ ਵੀ ਖਤਮ ਕਰ ਦੇਣਗੇ। ਕਹਿੰਦਾ ਕਿ ਨਹੀਂ ਮਹਾਰਾਜ! ਮੈਂ ਤਾਂ ਸੰਨਿਆਸੀ ਬਣਨਾ ਹੈ। ਅੱਠ-ਦੱਸ ਵਾਰੀ ਮਹਾਂਪੁਰਸ਼ਾਂ ਨੇ ਕਿਹਾ, ਅੱਠ-ਦੱਸ ਵਾਰੀ ਉਸ ਨੇ ਕਿਹਾ। ਕਹਿਣ ਲੱਗੇ ਇਸ ਨੂੰ ਕਿਸੇ ਜੁਗਤ ਨਾਲ ਸਮਝਾਉਂਦੇ ਹਾਂ।

ਕਹਿੰਦੇ, ਆਏਂ ਕਰ ਆਹ ਸਾਡਾ ਬਰਤਨ ਲੈ ਜਾਹ ਤੇ ਔਹ ਖੂਹ ਚਲਦਾ ਹੈ ਤੇ ਉਥੋਂ ਪਾਣੀ ਲੈ ਆ।

ਜਦੋਂ ਉਸ ਨੇ ਪਾਣੀ ਭਾਲ ਲਿਆ ਉਦੋਂ ਇਕ ਘੋੜ ਸਵਾਰ ਆ ਗਿਆ। ਹੁਣ ਉਹ ਘੋੜਾ ਡਰਦਾ ਮੂੰਹ ਨੀਵਾਂ ਨਹੀਂ ਕਰਦਾ ਪਾਣੀ ਪੀਂਦਾ ਨਹੀਂ ਹੈ। ਉਸ ਨੇ ਖੂਹ ਵਾਲੇ ਨੂੰ ਕਿਹਾ।

ਕਹਿੰਦਾ, ਪ੍ਰੇਮੀਆ! ਤੂੰ ਜਰਾ ਕੁ ਠਹਿਰ ਜਾਹ ਮੇਰਾ ਘੋੜਾ ਡਰਦਾ ਹੈ। ਇਹ ਹਲਟ ਚਲਦਾ ਹੈ, ਕੁੱਤਾ ਟਕ-ਟਕ ਕਰਦਾ ਹੈ ਉਸ ਵੇਲੇ ਇਹ ਡਰ ਜਾਂਦਾ ਹੈ।

ਉਸ ਵੇਲੇ ਉਸ ਨੇ ਖੜ੍ਹਾ ਦਿਤਾ ਜਦੋਂ ਖੜ੍ਹਾਇਆ ਤਾਂ ਘੋੜਾ ਨੇੜੇ ਆ ਕੇ ਪਾਣੀ ਪੀਣ ਲੱਗਿਆ ਤਾਂ ਪਾਣੀ ਖਤਮ ਹੋ ਗਿਆ। ਉਸ ਨੇ ਫੇਰ ਕਿਹਾ ਜ਼ਰਾ ਕੁ ਚਲਾਈਂ ਉਸ ਨੇ ਚਲਾਇਆ ਤਾਂ ਘੋੜਾ ਫੇਰ ਡਰ ਕੇ ਦੋ ਗਜ਼ ਪਿੱਛੇ ਹੋ ਕੇ ਖੜ੍ਹ ਗਿਆ, 8-10 ਵਾਰੀ ਜਦੋਂ ਇਸ ਤਰ੍ਹਾਂ ਕਰਿਆ। ਉਹ ਜਿਹੜਾ ਪ੍ਰੇਮੀ ਪਾਣੀ ਭਰਨ ਆਇਆ ਸੀ ਘੋੜ ਸਵਾਰ ਨੂੰ ਕਹਿਣ ਲੱਗਿਆ ਕਿ ਐਉਂ ਨਹੀਂ ਪਾਣੀ ਪੀਣਾ ਤੂੰ ਐਵੇਂ ਜਿਵੇਂ ਹੀ ਪਿਲਾ ਦੇ ਵਿਚੋਂ ਹੀ ਰੌਲੇ-ਰੱਪੇ ਦੇ।

ਸੋ ਵਾਪਸ ਆ ਗਿਆ ਤਾਂ ਮਹਾਤਮਾ ਨੇ ਕਿਹਾ ਕਿ ਬੜੀ ਦੇਰ ਲਾ ਆਇਆ ਤੂੰ।

ਕਹਿਣ ਲੱਗਿਆ, ਮਹਾਰਾਜ! ਇਕ ਬੜੇ ਮੂਰਖ ਬੰਦੇ ਨੂੰ ਮੈਂ ਦੇਖਿਆ, ਘੋੜੇ ਨੂੰ ਪਾਣੀ ਪਿਲਾਉਣਾ ਚਾਹੁੰਦਾ ਹੈ ਤੇ ਹਲਟ ਰੋਕ ਦਿੰਦਾ ਹੈ, ਘੋੜਾ ਨੇੜੇ ਆ ਜਾਂਦਾ ਹੈ ਪਰ ਪਾਣੀ ਮੁੱਕ ਜਾਂਦਾ ਹੈ। ਜਦੋਂ ਹਲਟ ਚਲਾਉਂਦਾ ਹੈ ਤਾਂ ਪਾਣੀ ਮੁਕ ਜਾਂਦਾ ਹੈ।

ਮਹਾਤਮਾ ਕਹਿਣ ਲੱਗੇ, ਇਕ ਮੂਰਖ? ਸਾਰਾ ਸੰਸਾਰ ਮੂਰਖਾਂ ਦਾ ਭਰਿਆ ਪਿਆ ਹੈ ਅਕਲ ਵਾਲੇ ਤਾਂ ਇਥੇ ਥੋੜ੍ਹੇ ਹੀ ਨੇ ਬਾਕੀ ਤਾਂ ਸਾਰਾ ਸੰਸਾਰ ਮੂਰਖਾਂ ਦਾ ਹੈ।

ਗੁਰੂ ਮਹਾਰਾਜ ਜੀ ਵੀ ਏਵੇਂ ਹੀ ਕਹਿੰਦੇ ਨੇ। ਕਹਿੰਦੇ ਸੰਸਾਰ ਦੇ ਸ਼੍ਰੋਮਣੀ ਮੂਰਖ ਜਿਹੜੇ ਨੇ ਜੇ ਕਿਸੇ ਨੂੰ ਮੂਰਖਾਂ ਦਾ ਸਰਦਾਰ ਬਣਾਉਣਾ ਹੈ ਤਾਂ ਕਹਿੰਦੇ ਉਹ ਮੂਰਖ ਹੁੰਦਾ ਹੈ -

***ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥***
***ਅੰਗ - 1015***

ਜਿਸਨੂੰ ਨਾਮ ਦੀ ਮਹਿਮਾ ਦਾ ਨਹੀਂ ਪਤਾ ਲਗ ਸਕਿਆ, ਨਾਮ ਦੀ ਪਰੀਪੂਰਨਤਾ ਨੂੰ ਜਿਸ ਨੇ ਮੰਨਿਆ ਨਹੀਂ ਤਾਂ ਉਸ ਦੇ ਨਾਲੋਂ ਵੱਡਾ ਮੂਰਖ ਕਿਹੜਾ ਹੈ ਸੰਸਾਰ ਦੇ ਅੰਦਰ।

ਕਹਿਣ ਲੱਗੇ, ਪ੍ਰੇਮੀਆ! ਜਿਵੇਂ ਤੂੰ ਕਹਿੰਦਾ ਹੈਂ ਕਿ ਹਲਟ ਦੇ ਰੌਲੇ-ਗੌਲੇ ਵਿਚ ਹੀ ਪਾਣੀ ਪਿਲਾ ਲੈਂਦਾ ਤਾਂ ਇਵੇਂ-ਜਿਵੇਂ ਅਸੀਂ ਤੈਨੂੰ ਕਹਿੰਦੇ ਹਾਂ ਕਿ ਅੜਾਉਂਦੇ ਹੀ ਊਠ ਲੱਦ ਹੁੰਦੇ ਨੇ ਤੇ ਜਿਹੜਾ ਸੰਨਿਆਸ ਹੈ ਇਹ ਘਰ-ਬਾਰ ਛੱਡ ਕੇ ਤੂੰ ਕੀ ਲੈਣਾ ਹੈ? ਵਿਚੇ ਰਹਿ ਤੂੰ ਕਾਰੋਬਾਰ ਵੀ ਕਰ, ਕਿਰਤ ਕਰ ਧਰਮ ਦੀ ਤੇ ਹਰੀ ਦਾ ਜਸ ਕਰ। ਜੁਗਤ ਹੁੰਦੀ ਹੈ ਸੰਤਾਂ ਕੋਲ ਉਸ ਜੁਗਤ ਦੇ ਮੁਤਾਬਿਕ ਤੂੰ ਨਾਮ ਜਪ ਤਾਂ ਤੈਨੂੰ ਸੋਝੀ ਪਏਗੀ।

ਸੋ ਮਹਾਰਾਜ ਜੋ ਸਾਨੂੰ ਨਾਮ ਦੀ ਗੱਲ ਦਸਦੇ ਨੇ, ਸਾਰਾ ਗੁਰੂ ਗ੍ਰੰਥ ਸਾਹਿਬ ਨਾਮ ਹੀ ਨਾਮ ਹੈ। ਇਸ ਦੇ ਵਿਚੋਂ ਹੋਰ ਚੀਜ਼ਾਂ ਕੱਢਣ ਦਾ ਯਤਨ ਨਾ ਕਰੋ, ਨਾਮ ਵੱਲ ਨੂੰ ਵਧੋ। ਸੋ ਜੇ ਨਾਮ ਦੀ ਰੌ ਨਹੀਂ ਅੰਦਰ ਰੁਮਕੀ, ਨਾਮ ਦੇ ਮੰਡਲ ਵਿਚ ਸੁਰਤ ਨਹੀਂ ਗਈ, ਨਾਮ ਦੀ ਪ੍ਰਾਪਤੀ ਨਹੀਂ ਹੋਈ ਤਾਂ ਕਿੱਡੀ ਵੱਡੀ ਗੱਲ ਮਹਾਰਾਜ ਜੀ ਨੇ ਕਹਿ ਦਿਤੀ-

***ਜਿਨ ਹਰਿ ਹਿਰਦੈ ਨਾਮੁ ਨ ਬਸਿਓ***
***ਤਿਨ ਮਾਤ ਕੀਜੈ ਹਰਿ ਬਾਂਝਾ॥ ਅੰਗ - 697***

ਫੇਰ ਇਹ ਹੁੰਦਾ ਹੈ ਕਿ ਨਾਮ ਵਸੇ ਕਿਵੇਂ? ਅਸੀਂ ਵਾਹਿਗੁਰੂ-ਵਾਹਿਗੁਰੂ ਵੀ ਕਰਦੇ ਹਾਂ। ਮਹਾਰਾਜ ਜੀ ਕਹਿੰਦੇ-

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥***

***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥***
***ਅੰਗ - 491***

ਇਥੇ ਫੇਰ ਮਨ ਵਿਚ ਵਸਣ ਦੀ ਬਾਤ ਕਰ ਦਿਤੀ।

ਸੋ ਇਹ ਬਾਤ ਸਮਝਣ ਵਾਸਤੇ ਬਹੁਤ ਦ੍ਰਿੜ੍ਹ ਲਗਨ ਦੀ ਲੋੜ ਹੈ। ਜਿੰਨੀ ਦੇਰ ਤੱਕ ਇਹ ਸ਼ਬਦ ਦੀ ਕਮਾਈ ਨਹੀਂ ਕਰਦਾ,....ਦੋ ਹੀ ਤਰੀਕੇ ਕਰਦੇ ਨੇ - ਇਕ ਤਾਂ ਹੈ ਬਾਣੀ। ਕੋਈ ਕਹਿੰਦਾ ਹੈ ਮੈਂ ਪੰਜ ਸੁਖਮਨੀ ਸਾਹਿਬ ਦੇ ਪਾਠਾਂ ਦਾ ਨੇਮ ਰੱਖਿਆ ਹੋਇਆ ਹੈ ਕੋਈ ਕਹਿੰਦਾ ਹੈ ਮੈਂ 15 ਦਾ ਰੱਖਿਆ ਹੋਇਆ ਹੈ। ਸਾਧੂਆਂ ਦੀਆਂ ਗੱਲਾਂ ਨੇ ਇਹ ਗ੍ਰਹਿਸਤੀਆਂ ਤੋਂ ਨਹੀਂ ਹੁੰਦੀਆਂ, ਕੋਈ ਕਹਿੰਦਾ ਕਿ ਮੈਂ 25 ਜਪੁਜੀ ਸਾਹਿਬ ਦੇ ਪਾਠ ਪੜ੍ਹਦਾ ਹਾਂ। ਇਹ ਬਾਣੀ ਜਿਹੜਾ ਕੁਝ ਕਹਿੰਦੀ ਹੈ ਅਸੀਂ ਇਹ ਮਤ ਦਿੰਦੇ ਹਾਂ ਕਿ ਤੂੰ ਉਹ ਸਮਝ ਕੇ ਉਹ ਕੰਮ ਕਰਨ ਲੱਗ ਜਾ, ਪੜ੍ਹ ਨਾ। ਬੁੱਝੇਗਾ ਤਾਂ ਜੇ ਤੂੰ ਅੰਦਰ ਜਾਏਂਗਾ ਨਹੀਂ ਤਾਂ ਬੁੱਝਿਆ ਨਹੀਂ ਜਾਣਾ। ਜਿੰਨੀ ਦੇਰ ਤੱਕ ਤੂੰ ਦਾਖਲ ਨਹੀਂ ਹੁੰਦਾ, Back to source ਨਹੀਂ ਜਾਂਦਾ ਓਨੀਂ ਦੇਰ ਤਕ ਉਹ ਬੁੱਝੀ ਨਹੀਂ ਜਾਣੀ ਗੱਲ। ਉਸ ਨੂੰ ਬੁੱਝਣ ਵਾਸਤੇ ਤੈਨੂੰ ਗੁਰੂ ਦੇ ਸ਼ਬਦ ਦੀ ਕਮਾਈ ਕਰਨੀ ਪੈਣੀ ਹੈ। ਪੰਜ ਪਿਆਰਿਆਂ ਤੋਂ ਸ਼ਬਦ ਮਿਲਿਆ ਜਿਸਨੂੰ ਅਸੀਂ ਨਾਮ ਵੀ ਕਹਿੰਦੇ ਹਾਂ, ਗੁਰਮੰਤਰ ਵੀ ਕਹਿੰਦੇ ਹਾਂ, ਸ਼ਬਦ ਵੀ ਕਹਿ ਦਿੰਦੇ ਹਾਂ, ਭਜਨ ਵੀ ਕਹਿ ਦਿੰਦੇ ਹਾਂ - ਨਾਮ ਨੇ ਭੁਲੇਖੇ ਪਾਉਣ ਵਾਲੇ। ਕਹਿੰਦਾ ਤੈਨੂੰ ਭਜਨ ਤਾਂ ਮਿਲਿਆ ਨਹੀਂ ਅੰਮ੍ਰਿਤ ਤੂੰ ਛਕ ਲਿਆ। ਉਹ ਭਜਨ ਲੈਣ ਵਾਸਤੇ ਫੇਰ ਹੋਰ ਥਾਂ ਤੁਰ ਪੈਂਦਾ ਹੈ ਕਿਉਂਕਿ ਲਗਨ ਹੈ ਅੰਦਰ ਸੱਚੀ ਕਿ ਇਹ ਤਾਂ ਮੈਂ ਕਰ ਲਿਆ ਤੇ ਭਜਨ ਮੈਨੂੰ ਮਿਲਿਆ ਹੀ ਨਹੀਂ। ਫਲਾਣੇ ਥਾਂ ਤੋਂ ਤੈਨੂੰ ਭਜਨ ਮਿਲੇਗਾ ਉਹ ਚੱਲੇਗਾ, ਉਹ ਬੜਾ ਤਕੜਾ ਹੈ। ਇਹ ਭੁਲੇਖਾ ਜਿਹਾ ਪੈ ਜਾਂਦਾ ਹੈ। ਸਾਨੂੰ ਸ਼ਬਦ ਮਿਲਦਾ ਹੈ ਪੰਜ-ਪਿਆਰਿਆਂ ਤੋਂ ਜਾਂ ਇਹ ਕਹਿ ਲਓ ਕਿ ਗੁਰੂ ਦਾ ਮੰਤਰ ਮਿਲਦਾ ਹੈ। ਉਹ ਮੰਤਰ ਦੀ ਕਮਾਈ ਜਿੰਨੀ ਦੇਰ ਤਕ ਨਹੀਂ ਕਰਦਾ ਉਨੀ ਦੇਰ ਆਹ ਜਿਹੜੀ ਫੈਲੀ ਹੋਈ ਸੁਰਤ ਹੈ, ਇਹ ਇਕ ਬਿੰਦੂ ਦੇ ਉਤੇ ਕੇਂਦਰਿਤ ਨਹੀਂ ਹੁੰਦੀ, ਇਹ ਕੇਂਦਰਿਤ ਨਾ ਹੋਣ ਕਰਕੇ ਜਿਹੜਾ ਅਤਿ ਸੂਖਮ ਰਸਤਾ ਹੈ ਅੰਦਰ ਉਸ ਥਾਂ ਜਾ ਨਹੀਂ ਸਕਦੀ। ਸੂਈ ਦਾ ਛੇਕ ਛੋਟਾ ਜਿਹਾ ਹੁੰਦਾ ਹੈ ਜੇ ਸੂਈ ਹਿੱਲੀ ਜਾਵੇ ਜਾਂ ਹੱਥ ਹਿੱਲੀ ਜਾਵੇ ਧਾਗੇ ਨਾਲਾ ਤਾਂ ਸੂਈ ਦੇ ਨੱਕੇ ਵਿਚ ਧਾਗਾ ਨਹੀਂ ਪੈਂਦਾ ਕਿਉਂਕਿ ਦੋਵੇਂ ਹਿੱਲ ਰਹੇ ਨੇ। ਜਦੋਂ ਤਕ ਉਹ ਬਿਲਕੁਲ ਠਹਿਰਦੇ ਨਹੀਂ ਓਨੀ ਦੇਰ ਤੱਕ ਬਿਲਕੁਲ ਨਹੀਂ ਪੈਂਦਾ। ਠਹਿਰਾਣ ਵਾਸਤੇ ਸਾਨੂੰ ਸਾਹ ਰੋਕਣਾ ਪੈਂਦਾ ਹੈ। ਪੰਜ ਸੌ ਗਜ਼ ਤੇ ਅਸੀਂ ਫਾਇਰ ਕਰਨਾ ਚਾਹੁੰਦੇ ਹਾਂ, ਗੁਲਜ਼ਰੀ ਵਿਚ ਗੋਲੀ ਮਾਰਨੀ ਹੈ। ਜਦੋਂ ਤਕ ਸਾਡੀ ਸੁਰਤ ਨਹੀਂ ਟਿਕਦੀ, ਸਾਡਾ ਸਾਹ ਸੀਮਤ ਨਹੀਂ ਹੁੰਦਾ, ਬਿਲਕੁਲ ਬੰਦ ਨਹੀਂ ਹੁੰਦਾ, ਉਨਾਂ ਚਿਰ ਗੋਲੀ ਵਿਚ ਹਿਲਜੁਲ ਹੋਣ ਕਰਕੇ ਉਹ ਨਿਸ਼ਾਨੇ ਤੋਂ ਬਾਹਰ ਲਗਦੀ ਹੈ, ਗੁਲਜ਼ਰੀ ਵਿਚ ਨਹੀਂ ਲਗਦੀ। ਇਸੇ ਤਰ੍ਹਾਂ ਨਾਲ ਜਦੋਂ ਤਕ ਸਾਡੀ ਸੁਰਤ ਇਕਾਗਰ ਨਹੀਂ ਹੁੰਦੀ ਓਨੀਂ ਦੇਰ ਤੱਕ ਜਿਹੜੇ ਮੰਤਰ ਦਾ ਅਸੀਂ ਜਾਪ ਕਰਦੇ ਹਾਂ ਜਿਸ ਤਾਂ ਤੇ ਅਸੀਂ ਸੁਰਤ ਨੂੰ ਲੈ ਕੇ ਜਾਣਾ ਚਾਹੁੰਦੇ ਹਾਂ ਓਨੀਂ ਦੇਰ ਤਕ ਉਹ ਉਸ ਪਾਸੇ ਨੂੰ ਤੁਰਦੀ ਨਹੀਂ, ਆਲੇ-ਦੁਆਲੇ ਹੀ ਗੇੜੇ ਮਾਰਦੀ ਹੈ, ਕਦੇ ਕੰਨਾਂ ਵਿਚੋਂ ਦੀ ਨਿਕਲ ਜਾਂਦੀ ਹੈ, ਕਦੇ ਅੱਖਾਂ ਵਿਚੋਂ ਦੀ ਨਿਕਲ ਜਾਂਦੀ ਹੈ, ਕਦੇ ਮਨ ਵਿਚੋਂ ਦੀ ਨਿਕਲ ਜਾਂਦੀ ਹੈ, ਕਦੇ ਸਪਰਸ਼ ਨਾਲ ਨਿਕਲ ਜਾਂਦੀ ਹੈ, ਕਦੇ ਸੁਗੰਧੀ ਨਾਲ, ਰਸ ਨਾਲ ਇਹ ਟਿਕਦੀ ਨਹੀਂ ਹੈ ਜਦੋਂ ਤਕ ਇਨ੍ਹਾਂ ਚੀਜ਼ਾਂ ਤੇ ਕਾਬੂ ਨਾ ਪਾਇਆ ਜਾਵੇ -

***ਨਉ ਘਰ ਥਾਪੇ ਹੁਕਮਿ ਰਜਾਈ॥***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥***
***ਅੰਗ - 1033***

ਜਿੰਨਾ ਚਿਰ ਨੌਂ ਘਰ ਠਾਕੇ ਨਹੀਂ ਜਾਂਦੇ, ਥਾਪੇ ਨਹੀਂ ਜਾਂਦੇ। ਇਸ ਦੇ ਵਾਸਤੇ ਕੀਰਤਨ ਬਹੁਤ ਵੱਡੀ ਸਹਾਇਤਾ ਕਰਦਾ ਹੈ। ਕੀਰਤਨ ਦੇ ਵਿਚ ਆ ਕੇ ਬਿਰਤੀਆਂ ਟਿਕ ਜਾਂਦੀਆਂ ਨੇ, ਰਸ ਵਿਚ ਲੀਨ ਹੋ ਜਾਂਦੀਆਂ ਨੇ। ਸੋ ਨਾਮ ਜਪਣ ਦੀ ਇਕ ਬਹੁਤ ਵੱਡੀ ਸੁਵਿਧਾ ਪ੍ਰਾਪਤ ਹੁੰਦੀ ਹੈ, ਹਰੀ ਦਾ ਜਸ ਸੁਣਦਿਆਂ, ਜੇ ਬਾਹਰ ਮਨ ਦੌੜਦਾ ਹੈ ਤਾਂ ਬਾਣੀ ਸੁਣ ਰਹੀ ਹੈ ਜੇ ਮਨ ਅੰਦਰ ਜਾਂਦਾ ਹੈ ਤਾਂ ਨਾਮ ਦੀ ਧੁਨ ਸੁਣ ਰਹੀ ਹੈ। ਇਸ ਧੁਨ ਨੂੰ ਗੁਰੂ ਬਣਾ ਕੇ ਇਹ ਜਿਹੜੀ ਸੁਰਤੀ ਹੈ ਇਸ ਨੂੰ ਸ਼ਬਦ ਦਾ ਚੇਲਾ ਬਣਾਉਣਾ ਹੈ, ਜੋ ਸ਼ਬਦ ਸਾਡੇ ਅੰਦਰ ਹੋ ਰਿਹਾ ਹੈ।

ਇਕ ਪ੍ਰੇਮੀ ਮੈਨੂੰ ਮਿਲਿਆ ਕਹਿੰਦਾ ਜੀ, ਮੈਂ ਬੜੀ ਉਲਝਣ ਵਿਚ ਹਾਂ ਮੇਰੀ ਸਾਰੀ ਜ਼ਿੰਦਗੀ ਲੰਘ ਗਈ, ਲਗਨ ਮੈਨੂੰ ਮੁੱਢ ਤੋਂ ਹੀ ਹੈ, 1966 ਤੋਂ ਮੈਂ ਜੱਦੋ-ਜਹਿਦ ਕਰ ਰਿਹਾ ਹਾਂ ਤੇ ਮੈਨੂੰ ਰਾਹ ਕੋਈ ਨਹੀਂ ਲੱਭ ਰਿਹਾ ਤੇ ਮੇਰੇ ਸਾਮ੍ਹਣੇ ਇਕ ਵੱਡੀ ਭਾਰੀ ਮੁਸੀਬਤ ਆ ਗਈ ਇਕ ਸੰਤਾਂ ਨੇ ਮੈਨੂੰ, ਆਹ ਦੱਸਿਆ, ਦੂਜਿਆਂ ਨੇ ਆਹ, ਤੀਜਿਆਂ ਨੇ ਆਹ।"

ਵੱਡਾ ਅਫਸਰ ਸੀ ਕੋਈ ਤੇ ਸੁਣਦਾ ਰਿਹਾ ਮੈਂ।

ਫੇਰ ਕਹਿਣ ਲੱਗਿਆ ਕਿ ਮੈਂ ਧਿਆਨ ਧਰਿਆ ਕਰਦਾ ਸੀ ਗੁਰੂ ਦਾ। ਮੈਂ ਗੁਰੂ ਗ੍ਰੰਥ ਸਾਹਿਬ ਦਾ ਧਿਆਨ ਧਰਨ ਲੱਗ ਗਿਆ। ਸਾਡੇ ਜਿਹੜੇ ਰੁਮਾਲੇ ਸੀ ਉਹ ਨੀਲੇ ਸੀ ਇਥੇ ਜਿੱਥੇ ਮੈਂ ਆ ਕੇ ਬੈਠਦਾ ਹਾਂ ਇੱਥੇ ਲਾਲ ਨੇ।

ਮੈਂ ਕਿਹਾ, "ਤੂੰ ਕੱਪੜਿਆਂ ਦਾ ਹੀ ਧਿਆਨ ਧਰੀ ਜਾਂਦਾ ਹੈ।"

ਕਿਉਂਕਿ confused ਹੈ ਪਤਾ ਨਹੀਂ ਹੈ ਕਿ ਧਿਆਨ ਕਿਹੜੀ ਚੀਜ਼ ਹੁੰਦੀ ਹੈ, ਕਿਸ ਚੀਜ਼ ਦਾ ਰੱਖਿਆ ਜਾਂਦਾ ਹੈ।

ਕਹਿੰਦਾ, ਫੇਰ ਉਹ ਕਹਿੰਦੇ ਸ਼ਬਦ ਦਾ ਧਿਆਨ ਧਰ ਤੇ ਮੈਂ 'ਵਾਹਿਗੁਰੂ' ਚਾਰ ਅੱਖਰਾਂ ਦਾ ਧਿਆਨ ਧਰਦਾ ਹਾਂ।"

ਮੈਂ ਚੁੱਪ ਕਰ ਰਿਹਾ।

ਕਹਿਣ ਲੱਗਿਆ, ਜੀ! ਤੁਸੀਂ ਦੱਸੋ?

ਮੈਂ ਕਿਹਾ, ਤੂੰ ਤਾਂ ਏਸ ਗੱਲ ਦੇ ਫਿੱਟ ਹੀ ਨਹੀਂ ਹੈ, ਅਧਿਕਾਰੀ ਨਹੀਂ ਹੈਂ, ਤੇਰਾ ਨੇਸ਼ਟਾ ਨਹੀਂ ਹੈ ਕਿਸੇ ਥਾਂ ਦੇ ਉਤੇ, ਤੈਨੂੰ ਟੀਚਰ (ਗੁਰੂ) ਨਹੀਂ ਕੋਈ ਮਿਲਿਆ। ਉਹ ਦੱਸੇ ਕਿਵੇਂ ਕੋਈ ਬੰਦਾ। ਮੈਂ ਦੱਸ ਦਿਆਂਗਾ ਤੂੰ ਅੱਗੇ ਜਾ ਕੇ ਹੋਰ ਕੁਝ ਕਰ ਲਏਂਗਾ, confuse ਰਹੇਂਗਾ।

ਕਿਉਂਕਿ ਸਬਦ ਦਾ ਧਿਆਨ ਨਹੀਂ ਸਾਨੂੰ ਪਤਾ ਲਗਦਾ, ਅੱਖਰਾਂ ਦਾ ਧਿਆਨ ਧਰ ਲੈਂਦੇ ਹਾਂ। ਸ਼ਬਦ ਕੀ ਹੈ? ਉਹ ਸਾਡੇ ਅੰਦਰ ਹੋ ਰਿਹਾ ਹੈ। ਉਹ ਸਾਡਾ ਗੁਰੂ ਹੈ। ਮਹਾਰਾਜ ਕਹਿਣ ਲੱਗੇ ਏਸ ਸ਼ਬਦ ਦੀ ਜੋ ਧੁਨ ਹੈ ਇਸ ਦੀ ਚੇਲੀ ਸਾਡੀ ਸੁਰਤ ਹੈ, ਇਸ ਦੇ ਨਾਲ ਅਸੀਂ ਚੜ੍ਹਾਈ ਕਰਨੀ ਹੈ। ਜਦੋਂ ਤਕ ਅਸੀਂ ਸਹੀ ਅਰਥਾਂ ਵਿਚ ਅੰਦਰ ਪ੍ਰਵੇਸ਼ ਨਹੀਂ ਕਰਦੇ, ਓਨੀਂ ਦੇਰ ਤਕ ਨਾਮ ਦਾ ਅਨੁਭਵ, ਨਾਮ ਦੀ ਤਾਜ਼ਗੀ, ਨਾਮ ਦਾ ਜੋ ਸਾਡੇ ਉਤੇ ਅਸਰ ਹੈ ਉਹ ਪ੍ਰਗਟ ਨਹੀਂ ਹੁੰਦਾ, ਨਾ ਪ੍ਰਗਟ ਹੋਣ ਕਰਕੇ ਹਿਰਦੇ ਵਿਚ ਨਹੀਂ ਵਸਦਾ। ਜਦੋਂ ਪ੍ਰਗਟ ਹੋ ਗਿਆ ਉਸ ਨੇ ਹਿਰਦੇ ਵਿਚ ਵਸ ਜਾਣਾ ਹੈ। ਸੋ ਏਸ ਅਵਸਥਾ ਦੀ ਗੱਲ ਮਹਾਰਾਜ ਏਸ ਥਾਂ ਦੇ ਉਤੇ ਕਰਦੇ ਨੇ ਕਿ –

***ਜਿਨ ਹਰਿ ਹਿਰਦੈ ਨਾਮੁ ਨ ਬਸਿਓ***
***ਤਿਨ ਮਾਤ ਕੀਜੈ ਹਰਿ ਬਾਂਝਾ॥ ਅੰਗ – 697***

ਦੂਜੇ ਪਾਸੇ ਕਹਿੰਦੇ ਨੇ –

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ – 649***

ਸਾਰੀਆਂ ਹੀ ਸ਼ਕਤੀਆਂ, ਸਾਰੀਆਂ ਹੀ ਬਰਕਤਾਂ ਉਸ ਦੇ ਪਿਛੇ ਲੱਗ ਤੁਰਦੀਆਂ ਨੇ ਜਿਸ ਦੇ ਹਿਰਦੇ ਵਿਚ ਨਾਮ ਵਸ ਗਿਆ। ਸੋ ਇਸ ਕਰਕੇ ਮਹਾਰਾਜ ਜੀ ਦਾ ਕਹਿਣ ਬਿਲਕੁਲ ਵਜ੍ਹਾ ਹੈ, ਦਰੁਸਤ ਹੈ ਕਿ ਐਡੀ ਵੱਡੀ ਚੀਜ਼ ਤੁਹਾਡੇ ਕੋਲ ਹੀ ਪਈ ਹੈ ਤੇ ਤੁਸੀਂ ਕਿੱਧਰ ਨੂੰ ਤੁਰੇ ਜਾਂਦੇ ਹੋ। ਹਿਰਦੇ ਵਿਚ ਜੇ ਉਹ ਵਸ ਜਾਵੇ ਤਾਂ ਸਾਰੇ ਹੀ ਕੰਮ ਵਾਹਿਗੁਰੂ ਕਰਨ ਲੱਗ ਜਾਂਦਾ ਹੈ। ਜਿਸਦਾ ਨਾਮ ਨਾਲ ਪਿਆਰ ਲੱਗ ਗਿਆ ਉਸ ਦੇ ਸਾਰੇ ਕੰਮ ਵਾਹਿਗੁਰੂ ਕਰਦਾ ਹੈ। ਸੋ ਸਾਧ-ਸੰਗਤ ਜੀ! ਇਹ ਇਕ ਯਤਨ ਹੈ ਸਾਡਾ ਅੰਮ੍ਰਿਤ ਵੇਲੇ ਜਾਗਣਾ ਤੇ ਜਾਗ ਕੇ ਕੀਰਤਨ ਕਰਨਾ। ਇਹ ਵਾਹਿਗੁਰੂ ਜੀ ਦੀ ਬੜੀ ਭਾਰੀ ਕ੍ਰਿਪਾ ਹੈ, ਕੋਈ ਪੁੰਨ-ਕਰਮ ਜਾਗੇ ਹੋਏ ਨੇ ਸੈਂਕੜੇ ਹੀ ਬੰਦਿਆਂ ਦੇ ਕਿਉਂਕਿ ਅੰਮ੍ਰਿਤ ਵੇਲਾ ਛੁਟ ਗਿਆ, ਕੋਈ ਜਾਗਣਾ ਨਹੀਂ ਚਾਹੁੰਦਾ, ਉਸ ਵੇਲੇ ਨੂੰ ਕੋਈ ਸੰਭਾਲਣਾ ਨਹੀਂ ਚਾਹੁੰਦਾ, ਸੌਂ ਕੇ ਅਸੀਂ ਗੁਆ ਲੈਂਦੇ ਹਾਂ, ਸਾਰੀ ਜ਼ਿੰਦਗੀ ਸੁੱਤਿਆਂ ਦੀ ਲੰਘ ਜਾਂਦੀ ਹੈ। ਸੋ ਸਾਨੂੰ ਪਤਾ ਹੀ ਨਹੀਂ ਲਗਦਾ ਜਿਹੋ-ਜਿਹੇ ਸੰਸਾਰ ਤੇ ਆਏ ਜਿਹੋ ਜਿਹੇ ਨਾ ਆਏ। ਮਹਾਰਾਜ ਜੀ ਕਹਿੰਦੇ ਜਿਵੇਂ ਸੁੰਨੇ ਘਰ ਦੇ ਅੰਦਰ ਕਾਂ ਆ ਗਿਆ ਉਸ ਨੇ ਉਥੇ ਖਾਣਾ ਕੀ ਹੈ? ਕੀ ਲੈਣਾ ਹੈ? ਗੇੜਾ ਮਾਰ ਕੇ ਮੁੜ ਜਾਏਗਾ। ਇਸੇ ਤਰ੍ਹਾਂ ਸਾਡੀ ਵੀ ਜਿਹੜੀ ਦੇਹ ਹੈ ਇਹ ਸੁੰਨੀ ਫਿਰਦੀ ਹੈ ਨਾਮ ਤੋਂ ਬਿਨਾਂ।

ਖਪ-ਖਪ ਕੇ ਕੋਈ ਪੈਸੇ ਜੋੜ-ਜੋੜ ਕੇ ਤੁਰਦਾ ਹੈ, ਕੋਈ ਮਕਾਨ ਬਣਾ-ਬਣਾ ਕੇ ਤੁਰਦਾ ਹੈ, ਕੋਈ ਵੱਡੇ ਅਹੁਦੇ ਪ੍ਰਾਪਤ ਕਰਕੇ ਤੁਰਦਾ ਹੈ। ਸਭ ਦਾ ਅਭਿਮਾਨ, ਰੌਲਾ-ਗੌਲਾ ਮਚਿਆ ਪਿਆ ਹੈ ਅੰਦਰ। ਸੋ ਵਾਹਿਗੁਰੂ ਕ੍ਰਿਪਾ ਕਰਕੇ ਤੇ ਸਾਨੂੰ ਇਸ ਗੱਲ ਦੀ ਸੋਝੀ ਦੇ ਕੇ ਉਸ ਮੰਡਲ ਵਿਚ ਪਹੁੰਚਾ ਦੇਵੇ। ਉਸ ਦੀਆਂ ਨਿਸ਼ਾਨੀਆਂ ਦੱਸੀਆਂ ਹੋਈਆਂ ਨੇ ਮਹਾਰਾਜ ਜੀ ਨੇ ਕਿ ਜਦੋਂ ਪਹੁੰਚੇਗਾ ਤਾਂ ਤੈਨੂੰ ਅਨੁਭਵ ਆਹ ਚੀਜ਼ਾਂ ਹੋਣਗੀਆਂ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥ ਅੰਗ – 293***

ਉਥੇ ਕੋਈ ਫੁਰਨਾ ਨਹੀਂ ਹੈ। ਉਸ ਥਾਂ ਦੇ ਉਤੇ ਆਤਮਿਕ ਸੰਗੀਤ ਚੱਲ ਰਿਹਾ ਹੈ, ਐਨੀ ਸੋਹਣੀ ਧੁਨ ਹੈ ਕਿ –

***ਅਨਹਤ ਬਾਣੀ ਥਾਨੁ ਨਿਰਾਲਾ॥***
***ਤਾ ਕੀ ਧੁਨਿ ਮੋਹੇ ਗੋਪਾਲਾ॥ ਅੰਗ – 186***

ਜਿਸ ਨੇ ਸ੍ਰਿਸ਼ਟੀ ਸਾਜੀ ਹੈ ਉਹ ਵੀ ਉਸ ਧੁਨ ਵਿਚ ਮੋਹਿਆ ਪਿਆ ਹੈ ਕਿਉਂਕਿ ਇਹ ਉਸ ਦੇ ਵਿਚੋਂ ਹੀ ਹੋਈ ਹੈ –

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋ ਰਹਾ॥***

ਸੋ ਇਸ ਦੇ ਵਿਚ ਜਦੋਂ ਅਸੀਂ ਜਾਵਾਂਗੇ ਤਾਂ ਮਹਾਰਾਜ ਕਹਿੰਦੇ ਕਹਿਆ ਹੀ ਨਹੀਂ ਜਾਣਾ –

***ਕਹਨੁ ਨ ਜਾਈ ਅਚਰਜ ਬਿਸਮਾਦ॥ ਅੰਗ – 293***

ਐਨੀ ਵੱਡੀ ਚੀਜ਼ ਸਾਡੇ ਅੰਦਰ ਪ੍ਰਭੂ ਨੇ ਰੱਖੀ ਹੋਈ ਹੈ, ਵਾਂਝੇ ਅਸੀਂ ਰਹਿ ਰਹੇ ਹਾਂ ਉਸ ਤੋਂ ਤੇ ਮਹਾਰਾਜ ਜੀ ਕਿੱਡਾ ਵੱਡਾ ਪ੍ਰਤੱਖ ਬਚਨ ਕਹਿ ਰਹੇ ਨੇ। ਸੋ ਇਸ ਦੇ ਵੱਲ ਸਾਨੂੰ ਧਿਆਨ ਦੇਣਾ ਚਾਹੀਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

« « « « « « «

# ਗੁਰੂ ਨਾਨਕ ਦੇਵ ਜੀ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*ਈਂਧਨ ਤੇ ਬੈਸੰਤਰੁ ਭਾਗੈ॥*
*ਮਾਟੀ ਕਉ ਜਲੁ ਦਹ ਦਿਸ ਤਿਆਗੈ॥*
*ਊਪਰਿ ਚਰਨ ਤਲੈ ਆਕਾਸੁ॥*
*ਘਟ ਮਹਿ ਸਿੰਧੁ ਕੀਓ ਪਰਗਾਸੁ॥*
*ਐਸਾ ਸੰਮ੍ਰਥੁ ਹਰਿ ਜੀਉ ਆਪਿ॥*
*ਨਿਮਖ ਨ ਬਿਸਰੈ ਜੀਅ ਭਗਤਨ ਕੈ*
*ਆਠ ਪਹਰ ਮਨ ਤਾ ਕਉ ਜਾਪਿ॥*
*ਪ੍ਰਥਮੇ ਮਾਖਨੁ ਪਾਛੈ ਦੂਧੁ॥*
*ਮੈਲੂ ਕੀਨੋ ਸਾਬੁਨੁ ਸੂਧੁ॥*
*ਭੈ ਤੇ ਨਿਰਭਉ ਡਰਤਾ ਫਿਰੈ॥*
*ਹੋਂਦੀ ਕਉ ਅਣਹੋਂਦੀ ਹਿਰੈ॥*
*ਦੇਹੀ ਗੁਪਤ ਬਿਦੇਹੀ ਦੀਸੈ॥*
*ਸਗਲੇ ਸਾਜਿ ਕਰਤ ਜਗਦੀਸੈ॥*
*ਠਗਣਹਾਰ ਅਣਠਗਦਾ ਠਾਗੈ॥*
*ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ॥*
*ਸੰਤ ਸਭਾ ਮਿਲਿ ਕਰਹੁ ਬਖਿਆਣ॥*
*ਸਿੰਮ੍ਰਿਤਿ ਸਾਸਤ ਬੇਦ ਪੁਰਾਣ॥*
*ਬ੍ਰਹਮ ਬੀਚਾਰੁ ਬੀਚਾਰੇ ਸੋਇ।।*
*ਨਾਨਕ ਤਾ ਕੀ ਪਰਮ ਗਤਿ ਹੋਇ॥ ਅੰਗ - 900*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ, ਕਾਰੋਬਾਰ ਸੰਕੋਚਦੇ ਹੋਏ ਆਪ, ਗੁਰੂ ਦਰਬਾਰ 'ਚ ਪਹੁੰਚੇ ਓਂ, ਹਰੀ ਦਾ ਜਸ ਕਰ ਰਹੇ ਓਂ, ਜੋ ਸਾਰੇ ਸਾਧਨਾਂ ਦੇ ਅੰਦਰ ਕਲਜੁਗ ਤੋਂ ਸ਼੍ਰੋਮਣੀ ਸਾਧਨ ਹੈ, ਇਹਦੇ ਮੁਕਾਬਲੇ ਤੇ ਕੋਈ ਜਪ, ਕੋਈ ਤਪ, ਕੋਈ ਤੀਰਥ ਯਾਤਰਾ, ਕੋਈ ਸਾਧਨ ਪਹੁੰਚ ਨਹੀਂ ਸਕਦਾ। ਏਸ ਗੱਲ ਦੀ ਆਪਾਂ ਵੀਚਾਰ ਕਰਨੀ ਹੈ। ਸੋ ਸ਼ਬਦ ਆਪ ਨੇ ਸੁਣਿਆ ਹੈ, ਵੀਚਾਰ ਬਹੁਤ ਗਹਿਰੀ ਹੈ ਇਸਦੀ, ਮਹਾਰਾਜ ਕਹਿੰਦੇ ਜੇ ਇਸਦੀ ਵੀਚਾਰ ਕੋਈ ਕਰ ਲਵੇ ਨਾ -

*ਬ੍ਰਹਮ ਬੀਚਾਰੁ ਬੀਚਾਰੇ ਸੋਇ।।*
*ਨਾਨਕ ਤਾ ਕੀ ਪਰਮ ਗਤਿ ਹੋਇ॥ ਅੰਗ - 900*

ਅਸੀਂ ਸਾਰੇ ਆਪਣੀ ਪਰਮਗਤੀ ਚਾਹੁੰਦੇ ਹਾਂ, ਆਹ ਸੰਸਾਰ 'ਚ ਤਾਂ ਅਸੀਂ ਰਹਿਣਾ ਨਹੀਂ ਹੈ, ਇਹਦੇ ਵਿਚ ਤਾਂ ਅਸੀਂ ਥੋੜ੍ਹੀ ਦੇਰ ਵਾਸਤੇ ਆਏ ਹਾਂ, ਪਰ ਇਥੇ ਚਿੱਤ ਲਾ ਕੇ ਬੈਠ ਜਾਂਦੇ ਹਾਂ ਕਿ ਅਸੀਂ ਇਥੋਂ ਜਾਣਾ ਨਹੀਂ, ਇਹ ਸਾਡੇ ਥੋੜ੍ਹੀ ਦੇਰ ਠਹਿਰਨ ਦਾ ਥਾਂ ਹੈ, ਇਥੇ ਕੁਛ ਕਰਨ ਵਾਸਤੇ ਅਸੀਂ ਸੰਸਾਰ ਤੇ ਆਉਂਦੇ ਹਾਂ, ਮਹਾਰਾਜ ਜੀ ਫ਼ੁਰਮਾਨ ਕਰਦੇ ਨੇ ਕਿ ਜੇ ਤੁਸੀਂ ਪਰਮਗਤੀ ਚਾਹੁੰਦੇ ਓਂ, ਜਿਥੇ ਤੁਸੀਂ ਜਾਣਾ ਹੈ ਸਰੀਰ ਛੱਡਣ ਤੋਂ ਬਾਅਦ, ਤਾਂ ਤੁਸੀਂ ਬ੍ਰਹਮ ਦੀ ਵੀਚਾਰ ਕਰੋ, ਸਾਡੇ ਵਾਸਤੇ ਇਹ ਚੀਜ਼ ਐਨੀਓ ਔਖੀ ਹੈ, ਜਿੰਨੀ ਕੋਈ ਸਾਡੇ ਸਾਮ੍ਹਣੇ ਆ ਕੇ ਅਰਬੀ ਵਿਚ ਗੱਲਾਂ ਕਰਨ ਲੱਗ ਜਾਵੇ, ਉਹ ਅਰਬੀ ਜ਼ੁਬਾਨ ਬੋਲਦਾ ਹੈ, ਸਾਡੀ ਸਮਝ ਵਿਚ ਨਹੀਂ ਆਉਂਦੀ, ਜਿਹਨੂੰ ਬ੍ਰਹਮ ਵੀਚਾਰ ਕਹਿੰਦੇ ਨੇ, ਇਹ ਹੈ ਬਿਲਕੁਲ ਪੰਜਾਬੀ, ਲੇਕਿਨ ਹੈ ਇਸ ਤਰ੍ਹਾਂ ਜਿਵੇਂ ਕੋਈ ਫੌਰਨ ਦੀ ਬੋਲੀ ਜਾ ਰਹੀ ਹੈ, ਜਿਹਦੇ ਨਾਲ ਸਾਡਾ ਵਾਹ ਅਜੇ ਤਕ ਨਹੀਂ ਪਿਆ, ਨਾ ਸਾਨੂੰ ਇਹਦਾ ਪਤਾ ਲਗਦਾ ਹੈ, ਨਾ ਪਤਾ ਲਗਣ ਦੇ ਨਾਲ ਸਾਡੀ ਗਤੀ ਨਹੀਂ ਹੁੰਦੀ, ਜਿੰਨਾ ਚਿਰ ਅਸੀਂ ਗੱਲ ਨਹੀਂ ਸਮਝਦੇ ਓਨੀ ਦੇਰ ਤਕ ਅਸੀਂ ਚੜ੍ਹਾਈ ਨਹੀਂ ਕਰ ਸਕਦੇ, ਕਿਸੇ ਕਿਨਾਰੇ ਤੇ ਪਹੁੰਚ ਨਹੀਂ ਸਕਦੇ, ਸੋ ਮਹਾਰਾਜ ਜੀ ਦਾ ਫ਼ੁਰਮਾਨ ਹੈ ਇਹਨੂੰ ਵੀਚਾਰੋ। ਮਹਾਰਾਜ ਕਹਿੰਦੇ ਈਂਧਨ ਜਿਹੜਾ ਹੈ ਇਸ ਤੋਂ ਕਦੇ ਅੱਗ ਨੱਠਿਆ ਨਹੀਂ ਕਰਦੀ ਕਦੇ ਵੀ ਤੇ ਅੱਗ ਇਸ ਨੂੰ ਜਾਲ ਦਿਆ ਕਰਦੀ ਹੈ, ਜਿਥੇ ਈਂਧਨ ਆ ਜਾਵੇ, ਤੁਸੀਂ ਦੱਸੋ ਦਿਓ ਕਦੇ ਨਹੀਂ ਦੌੜਦੀ, ਅਜੇ ਈਂਧਨ ਤਾਂ ਦੌੜਦਾ ਹੈ ਅੱਗ ਤੋਂ ਕਿ ਕਿਤੇ ਮੈਂ ਜਲ ਨਾ ਜਾਵਾਂ। ਅੱਗ ਨਹੀਂ ਦੌੜਦੀ, ਉਲਟੀ ਗੱਲ ਹੋ ਗਈ। ਜੇ ਮਿੱਟੀ ਹੋਵੇ, ਪਾਣੀ ਉਹਦੇ ਵਿਚ ਰਸ ਜਾਇਆ ਕਰਦਾ ਹੈ ਅਤੇ ਮਿੱਟੀ ਨੂੰ ਵਿਚ ਹੀ ਘੋਲ ਲੈਂਦਾ ਹੈ ਆਪਣੇ। ਲੇਕਿਨ ਕਦੇ ਇਹ ਨਹੀਂ ਦੇਖਿਆ ਕਿ ਮਿੱਟੀ ਤੋਂ ਪਾਣੀ ਦੌੜ ਜਾਵੇ, ਦੂਰ ਚਲਿਆ ਜਾਵੇ। ਹੇਠਾਂ ਆਕਾਸ਼ ਨਹੀਂ ਕਦੇ ਹੁੰਦਾ, ਪੈਰ ਉਪਰ ਨਹੀਂ ਕਦੇ ਹੋਇਆ ਕਰਦੇ। ਘੜੇ ਵਿਚ ਸਮੁੰਦਰ ਕਦੇ ਬੰਦ ਨਹੀਂ ਹੁੰਦਾ। ਹੁਣ ਚਾਰ ਗੱਲਾਂ ਮਹਾਰਾਜ ਨੇ ਕਹਿ ਦਿਤੀਆਂ, ਜਿਨ੍ਹਾਂ ਦੀ ਬਿਰਤੀ ਜਗਿਆਸੂ ਹੈ, ਖੋਜ ਵਾਲੇ ਪੁਰਸ਼ ਨੇ ਸੰਗਤ ਵਿਚ ਆਏ ਹੋਏ, ਉਹ ੳ, ਅ ਨੂੰ ਛੱਡ ਕੇ ਉਪਰਲੀ ਗੱਲ ਸਮਝਣ ਦਾ ਯਤਨ ਕਰੋ। ਇਹਨੂੰ ਹਿਰਦੇ 'ਚ ਵਸਾਓ। ਮਹਾਰਾਜ ਕਹਿੰਦੇ ਦੇਖੋ, ਅੱਗ ਜਾਲ ਦਿੰਦੀ ਹੈ, ਲੇਕਿਨ ਸਾਰੀ ਬਨਸਪਤੀ ਦੇ ਵਿਚ ਫੇਰ ਅੱਗ ਪਈ ਹੈ, ਉਹਨੂੰ ਜਾਲ ਨਹੀਂ ਰਹੀ। ਹਰੇਕ ਦਰਖਤ ਦੇ ਅੰਦਰ ਅੱਗ ਹੈ, ਧਰਤੀ ਤਿੰਨ ਹਿੱਸੇ ਹੈ ਸਮੁੰਦਰ ਤੋਂ ਘੱਟ, ਤਿੰਨ ਹਿੱਸੇ ਸਮੁੰਦਰ ਹੈ, ਚੌਥਾ ਹਿੱਸਾ ਧਰਤੀ ਹੈ। ਯਾਨਿ ਤਿੰਨ ਗੁਣਾਂ ਜ਼ਿਆਦਾ ਹੈ ਸਮੁੰਦਰ। ਸਮੁੰਦਰ ਧਰਤੀ ਨੂੰ ਖੋਰ ਨਹੀਂ ਰਿਹਾ ਤੇ ਇਸ ਤੋਂ ਦੂਰ ਰਹਿੰਦਾ ਹੈ।

*ਊਪਰਿ ਚਰਨ ਤਲੈ ਆਕਾਸੁ॥ ਅੰਗ - 900*

ਚਰਨ ਉਪਰ ਹੈ ਤੇ ਆਕਾਸ਼ ਥੱਲੇ ਹੈ, ਦਰਖਤ ਦੀ ਜੜ੍ਹ ਥੱਲੇ ਹੈ, ਬਾਕੀ ਸਾਰਾ ਫੈਲਾਓ ਉਤੇ ਹੈ -

***ਘਟ ਮਹਿ ਸਿੰਧੁ ਕੀਓ ਪਰਗਾਸੁ॥ ਅੰਗ - 900***

ਘੜੇ ਦੇ ਵਿਚੋਂ ਸਮੁੰਦਰ ਦਾ ਪ੍ਰਕਾਸ਼ ਹੋਇਆ। ਹੁਣ ਇਹਦੇ ਵਿਚੋਂ ਗੱਲ ਸਮਝੋ, ਮਹਾਰਾਜ ਨੇ ਬਚਨ ਕੀ ਕਹਿ ਦਿਤਾ, ਬਚਨ ਇਹ ਕਿਹਾ ਹੈ ਕਿ ਜਿਵੇਂ ਬੈਸੰਤਰ ਹੈ ਨਾ, ਦਰਖਤਾਂ ਦੇ ਅੰਦਰ, ਐਸੇ ਤਰ੍ਹਾਂ ਵਾਹਿਗੁਰੂ ਤੁਹਾਡੇ ਹਰੇਕ ਦੇ ਅੰਦਰ ਹੈ। ਨਿਹਚੇ ਨਾਲ ਇਹ ਗੱਲ ਅੰਦਰ ਵਸਾਓ ਕਿ ਮੇਰੇ ਅੰਦਰ ਵਾਹਿਗੁਰੂ ਦੀ ਜੋਤ ਹੈ, ਜਦੋਂ ਤਕ ਉਹ ਜੋਤ ਪ੍ਰਗਟ ਨਹੀਂ ਹੁੰਦੀ, ਮੇਰਾ ਕੁਛ ਬਣਦਾ ਨਹੀਂ ਹੈ, ਜਦੋਂ ਜੋਤ ਅੰਦਰ ਪ੍ਰਗਟ ਹੋ ਗਈ ਫੇਰ ਬਾਹਰ ਵੀ ਦਿਸਣ ਲਗ ਜਾਏਗੀ। ਇਸੇ ਤਰ੍ਹਾਂ ਦੇ ਨਾਲ ਜੜ੍ਹ ਜੋ ਪ੍ਰਮੇਸ਼ਰ ਸਾਰਿਆਂ ਦੀ ਹੈ, ਆਦਿ ਹੈ, ਉਹਦਾ ਸਾਰੇ ਫੈਲਾਓ ਹੈ, ਫੈਲਾਓ ਅਸੀਂ ਸਾਰੇ ਦੇਖੀ ਜਾਂਦੇ ਹਾਂ, ਜੜ੍ਹ ਵਾਲਾ ਸਾਡਾ ਧਿਆਨ ਨਹੀਂ ਜਾਂਦਾ। ਜਿਹੜਾ ਵਾਹਿਗੁਰੂ ਜੀ ਸਮੁੰਦਰ ਰੂਪ ਹੈ, ਆਹ ਸਾਡੇ ਸਰੀਰ ਦੇ ਵਿਚ ਪਰੀਪੂਰਨ ਹੈ, ਐਉਂ ਨਹੀਂ ਕਿ ਵਾਹਿਗੁਰੂ ਥੋੜ੍ਹਾ ਜਿਹਾ ਹੈ।

ਇਕ ਮਿਸਾਲ ਨਾਲ ਸਮਝ ਆ ਜਾਏਗਾ, ਸੂਰਜ ਧਰਤੀ ਤੋਂ ਹਜ਼ਾਰਾਂ ਗੁਣਾਂ ਵੱਡਾ ਹੈ, ਇਕ ਸ਼ੀਸ਼ਾ ਲੈ ਲਓ ਤੁਸੀਂ ਚਾਰ ਉਂਗਲ ਦਾ, ਧਰਤੀ ਦੇ ਮੁਕਾਮ ਤੇ ਇਹ ਖਰਬਾਂ ਗੁਣਾਂ ਛੋਟਾ ਹੈ, ਇਹਦੇ ਟੁਕੜੇ ਕਰ ਦਿਓ ਨਿੱਕੇ-ਨਿੱਕੇ। ਟੁੱਕੜੇ ਕਰਕੇ ਧੁੱਪ ਵਿਚ ਸੁੱਟ ਦਿਓ, ਫੇਰ ਟੁੱਕੜਾ ਚੁੱਕ ਕੇ ਦੇਖੋ, ਫੇਰ ਉਹਦੇ ਵਿਚ ਪੂਰਾ ਹੀ ਸੂਰਜ ਨਜ਼ਰ ਆਉਂਦਾ ਹੈ। ਜਿਹੜਾ ਧਰਤੀ ਤੋਂ ਹੀ ਹਜ਼ਾਰਾਂ ਗੁਣਾਂ ਵੱਡਾ ਹੈ, ਲੱਖਾਂ ਗੁਣਾਂ ਵੱਡਾ ਹੈ। ਉਹ ਇਕ ਸ਼ੀਸ਼ੇ ਦੇ ਟੁੱਕੜੇ 'ਚ ਪੂਰੇ ਦਾ ਪੂਰਾ ਨਜ਼ਰ ਆਉਂਦਾ ਹੈ। ਐਸੇ ਤਰ੍ਹਾਂ ਦੇ ਨਾਲ ਹਰ ਬੰਦੇ ਦੇ ਅੰਦਰ ਵਾਹਿਗੁਰੂ ਪੂਰੀ ਤਰ੍ਹਾਂ ਦੇ ਨਾਲ ਸਮਾਇਆ ਹੋਇਆ ਹੈ। ਐਹੋ ਜਿਹਾ ਸਮਰਥ ਹੈ ਜਿਹਦੀ ਖੇਲ੍ਹ ਨੂੰ ਜਾਣਿਆ ਨਹੀਂ ਜਾਂਦਾ।

***ਨਿਮਖ ਨ ਬਿਸਰੈ ਜੀਅ ਭਗਤਨ ਕੈ....॥***
***ਅੰਗ - 900***

ਜਿਹੜੇ ਬੰਦਗੀ ਕਰਨ ਵਾਲੇ ਨੇ, ਪਿਆਰ ਕਰਨ ਵਾਲੇ ਨੇ, ਕਦੇ ਝਮਕੇ ਜਿੰਨਾ ਚਿਰ ਵੀ ਪ੍ਰਮੇਸ਼ਰ ਨਹੀਂ ਉਨ੍ਹਾਂ ਨੂੰ ਭੁੱਲਦਾ।

***ਆਠ ਪਹਰ ਮਨ ਤਾ ਕਉ ਜਾਪਿ॥ ਅੰਗ - 900***

ਮਹਾਰਾਜ ਸਾਨੂੰ ਕਹਿ ਰਹੇ ਨੇ, ਪਿਆਰਿਓ! ਤੁਸੀਂ ਵੀ ਅੱਠੇ ਪਹਿਰ ਉਹਦਾ ਨਾਮ ਜਪੋ।

***ਪ੍ਰਥਮੇ ਮਾਖਨੁ ਪਾਛੈ ਦੂਧੁ॥ ਅੰਗ - 900***

ਦੁੱਧ ਹਮੇਸ਼ਾਂ ਪਿੱਛੋਂ ਆਉਂਦਾ ਹੈ, ਮੱਖਣ ਪਹਿਲਾਂ ਆਉਂਦਾ ਹੈ। ਲੇਕਿਨ ਦੁੱਧ ਦਾ ਜਿਹੜਾ ਸਾਰ ਹੈ, ਤੱਤ ਹੈ ਉਹ ਮੱਖਣ ਹੈ। ਆਹ ਸਾਰੀ ਸ੍ਰਿਸ਼ਟੀ ਦਾ ਜਿਹੜਾ ਤੱਤ ਹੈ ਇਹ ਵਾਹਿਗੁਰੂ ਹੈ। ਜਿਹਨੂੰ ਪਰਮ ਤੱਤ ਕਹਿੰਦੇ ਨੇ, ਉਹ ਤੱਤ ਪਹਿਲਾਂ ਹੈ, ਸ੍ਰਿਸ਼ਟੀ ਦਾ ਪਸਾਰਾ ਪਿੱਛੋਂ ਹੈ। ਜਿਹੜਾ ਲਹੂ ਸੀ ਮਾਂ ਦਾ, ਉਹਨੂੰ ਸ਼ੁੱਧ ਕਰਕੇ, ਬੱਚੇ ਦੇ ਪੀਣ ਵਾਸਤੇ ਦੁੱਧ ਬਣਾ ਦਿਤਾ।

***ਭੈ ਤੇ ਨਿਰਭਉ ਡਰਤਾ ਫਿਰੈ॥***
***ਹੋਦੀ ਕਉ ਅਣਹੋਦੀ ਹਿਰੈ॥ ਅੰਗ - 900***

ਸਾਡਾ ਜਿਹੜਾ ਸਰੂਪ ਹੈ, ਜਿਹੜਾ ਮੈਂ ਹੈ, ਤੁਸੀਂ ਵੀ ਕਹੋਂ ਆਪਣੇ ਆਪ ਨੂੰ ਮੈਂ, ਅਸੀਂ ਨਿਰਭਉ ਹਾਂ। ਕਿਉਂਕਿ ਸਾਨੂੰ ਨਾ ਕੋਈ ਤਲਵਾਰ ਵੱਢ ਸਕਦੀ ਹੈ, ਨਾ ਪਾਣੀ ਡੋਬ ਸਕਦਾ ਹੈ, ਨਾ ਅੱਗ ਜਾਲ ਸਕਦੀ ਹੈ। ਨਾ ਹਵਾ ਉਡਾ ਸਕਦੀ ਹੈ, ਨਾ ਜਮਦੂਤ ਸਾਨੂੰ ਮਾਰ ਸਕਦਾ ਹੈ, ਪ੍ਰਕ੍ਰਿਤੀ ਦਾ ਹਰ ਛਿਨ ਦੇ ਵਿਚ ਵਿਕਾਸ ਹੁੰਦਾ ਹੈ, ਵਿਨਾਸ਼ ਹੁੰਦਾ ਹੈ, ਇਹ ਭੈ ਤੋਂ ਜਿਹੜਾ ਨਿਰਭਉ ਹੈ, ਜਿਹੜਾ ਜੀਵ ਹੈ ਉਹ ਡਰਦਾ ਫਿਰਦਾ ਹੈ। ਜੀਵ ਤਾਂ ਹੈਗਾ ਅਸਲੀ ਮਾਇਆ ਹੈ ਨਹੀਂ। ਮਾਇਆ ਤਾਂ ਇਕ ਭੁਲੇਖਾ ਹੈ, ਇਹ ਅਣਹੁੰਦੀ ਚੀਜ਼ ਹੈ, ਜਿਵੇਂ ਵੇਲ ਹੁੰਦੀ ਹੈ, ਅਮਰਵੇਲ। ਦਰਖਤ ਤਾਂ ਅਸਲੀ ਚੀਜ਼ ਹੈ, ਅਮਰਵੇਲ ਉਤੇ ਐਵੇਂ ਹੀ ਪਈ ਹੋਈ ਹੈ। ਐਸ ਤਰ੍ਹਾਂ ਇਸ ਮਾਇਆ ਨੇ ਜੀਵ ਨੂੰ ਠੱਗ ਲਿਆ।

***ਦੇਹੀ ਗੁਪਤ ਬਿਦੇਹੀ ਦੀਸੈ॥ ਅੰਗ - 900***

ਜਿਹੜਾ ਤਾਂ ਅਸਲੀ, ਦੇਹੀ ਵਾਲਾ ਜੀਵ ਆਤਮਾ, ਉਹ ਤਾਂ ਗੁਪਤ ਵਸਦਾ ਹੈ, ਜਿਹੜੀ ਮਾਇਆ ਹੈ, ਜਿਹਦਾ ਵਜੂਦ ਕੋਈ ਨਹੀਂ, ਉਹ ਦਿਸਦੀ ਹੈ।

***ਸਗਲੇ ਸਾਜਿ ਕਰਤ ਜਗਦੀਸੈ॥ ਅੰਗ - 900***

ਵਾਹਿਗੁਰੂ ਜੀ ਨੇ ਐਸਾ ਕੌਤਕ ਰਚ ਦਿਤਾ, ਜਿਹਨੇ ਠੱਗਣਾ ਹੀ ਨਹੀਂ ਸੀਗਾ, ਮਾਇਆ ਜਿਹਦਾ ਵਜੂਦ ਹੀ ਨਹੀਂ ਹੈ, ਉਹ ਅਸਲੀ ਜੀਵ ਨੂੰ ਠੱਗ ਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਨਿੰਦਿਆ, ਚੁਗਲੀ, ਹਉਮੈ 'ਚ ਪਾ ਕੇ ਇਹ ਨੂੰ ਭਰਮਾ ਦਿੰਦੀ ਹੈ। ਜਿੰਨਾ ਚਿਰ ਜੀਵ ਆਤਮਾ ਨੂੰ ਆਤਮ ਤੱਤ ਦਾ ਗਿਆਨ ਨਹੀਂ ਹੁੰਦਾ, ਓਨੀਂ ਦੇਰ ਤੱਕ ਇਹ ਬਾਰ-ਬਾਰ ਜੰਮਦਾ ਰਹਿੰਦਾ ਹੈ, ਮਰਦਾ ਰਹਿੰਦਾ ਹੈ। ਅੱਗੇ ਆਵਾਜ਼ ਹੈ ਕਿ -

***ਸੰਤ ਸਭਾ ਮਿਲਿ ਕਰਹੁ ਬਖਿਆਣ॥***
***ਸਿੰਮ੍ਰਿਤਿ ਸਾਸਤ ਬੇਦ ਪੁਰਾਣ॥ ਅੰਗ - 900***

ਤੁਸੀਂ ਵੀਚਾਰ ਕਰੋ, ਸੰਤਾਂ ਦੀ ਸਭਾ 'ਚ ਆ ਕੇ, ਇਸ ਗੱਲ ਦੀ। ਸਾਰੀਆਂ ਸਿਮ੍ਰਿਤੀਆਂ, ਵੇਦਾਂ, ਪੁਰਾਣਾਂ, ਦੇ ਵਿਚ ਤੱਤ ਵਾਹਿਗੁਰੂ ਹੈ।

***ਬ੍ਰਹਮ ਬੀਚਾਰੁ ਬੀਚਾਰੇ ਸੋਇ।।***
***ਨਾਨਕ ਤਾ ਕੀ ਪਰਮ ਗਤਿ ਹੋਇ॥ ਅੰਗ - 900***

ਜਿਹੜਾ ਇਸ ਗੱਲ ਨੂੰ ਵੀਚਾਰ ਲੈਂਦਾ ਹੈ, ਕੋਈ ਬੰਦਾ। ਮਹਾਰਾਜ ਕਹਿੰਦੇ ਨੇ ਕੋਈ। ਸਾਰੇ ਨਹੀਂ ਵੀਚਾਰਦੇ ਇਸ ਗੱਲ ਨੂੰ। ਸਾਰੇ ਤਾਂ ਅਸੀਂ ਰੁੜ੍ਹੇ ਜਾਂਦੇ ਹਾਂ ਮਾਇਆ

ਦੇ ਅੰਦਰ। 'ਕੋਈ' ਜਿਹਨੇ ਵੀਚਾਰ ਲਿਆ ਉਹਦੀ ਪਰਮਗਤੀ ਹੋ ਜਾਏਗੀ।

ਐਸੇ ਵਿਚਾਰ ਸੰਗਤਾਂ ਬੜੀ ਵਿਆਖਿਆ ਦੇ ਨਾਲ, ਗੁਰੂ ਨਾਨਕ ਪਾਤਸ਼ਾਹ ਦੇ ਪਵਿੱਤਰ ਮੁਖਾਰਬਿੰਦ ਤੋਂ ਸਰਵਣ ਕਰ ਰਹੀਆਂ ਨੇ, ਕਰਤਾਰਪੁਰ ਦੇ ਅੰਦਰ। ਉਸੇ ਦੀਵਾਨ ਦੇ ਵਿਚ ਦੋ ਪ੍ਰੇਮੀ, ਜਿਹੜੇ ਉਤਮ ਕਿਸਮ ਦੇ ਜਗਿਆਸੂ ਸੀ, ਜਿਨ੍ਹਾਂ ਦੇ ਅੰਦਰ ਖੋਜ ਸੀ। ਜਿਨ੍ਹਾਂ ਨੇ ਕੋਈ ਰਸਤਾ ਲੱਭਣਾ ਸੀ। ਉਹ ਵੀ ਆ ਕੇ ਬੈਠੇ ਹੋਏ ਸੀ, ਗੱਲ੍ਹ ਤਾਂ ਉਨ੍ਹਾਂ ਨੇ ਸੁਣ ਲਈ ਸਾਰੀ ਕਿ ਵਾਹਿਗੁਰੂ ਸਾਡੇ ਅੰਦਰ ਹੈ। ਨਾਲ ਵੀਚਾਰ ਵੀ ਕਰਦੇ ਨੇ ਕਿ ਹਾਂ, ਜੀਵ ਆਤਮਾ ਠੱਗਿਆ ਗਿਆ ਤੇ ਦੁਨੀਆਂ ਨੂੰ ਸਤਿ ਮੰਨ ਲਿਆ ਤੇ ਸਤਿ ਵਾਹਿਗੁਰੂ ਨੂੰ ਅੱਖਾਂ ਤੋਂ ਓਹਲੇ ਕਰ ਲਿਆ ਤੇ ਇਹਦਾ ਇਲਾਜ ਕੀ ਕਰਿਆ ਜਾਵੇ?

ਜਦੋਂ ਦੀਵਾਨ ਦੀ ਸਮਾਪਤੀ ਹੋਈ ਉਸ ਵੇਲੇ ਦੋਵੇਂ ਪ੍ਰੇਮੀ ਉਠੇ ਤੇ ਇਕ ਦਾ ਨਾਮ ਤਾਂ ਭਾਈ ਮਾਲੋ ਸੀ, ਇਕ ਦਾ ਨਾਮ ਭਾਈ ਮਾਂਗੋ ਸੀ।

ਜਗਿਆਸੂ ਉਤਮ ਕਿਸਮ ਦੇ ਸੀ, ਬੜੇ ਥਾਵਾਂ ਤੇ ਫਿਰ ਚੁੱਕੇ ਸੀ, ਬੜੇ ਔਖੇ ਸਾਧਨ ਕਰ ਚੁੱਕੇ ਸੀ, ਕਿੰਨੇ-ਕਿੰਨੇ ਦਿਨ ਪ੍ਰਸ਼ਾਦਾ ਨਾ ਛਕਣਾ, ਕਿੰਨੇ-ਕਿੰਨੇ ਦਿਨ ਜਾਗਦੇ ਰਹਿਣਾ, ਕਿੰਨੇ-ਕਿੰਨੇ ਦਿਨ ਪਾਣੀ ਵਿਚ ਖੜ੍ਹੇ ਰਹਿਣਾ। ਤਕਲੀਫ ਵੀ ਸਹਿਣੀ, ਹੋਰ ਅਨੇਕਾਂ ਕਿਸਮ ਦੇ ਸਾਧਨ ਕਰ ਚੁੱਕੇ ਸੀ ਆਪਣੇ ਆਪ। ਲੇਕਿਨ ਨਾ ਮਨ ਸ਼ਾਂਤ ਹੋਇਆ, ਨਾ ਕਿਸੇ ਕਿਨਾਰੇ ਤੇ ਪਹੁੰਚੇ, ਈਮਾਨਦਾਰ ਸੀਗੇ। ਕਈ ਬੰਦੇ ਤਾਂ ਪ੍ਰਾਪਤੀ ਹੋਵੇ ਨਾ ਹੋਵੇ ਕਹਿੰਦੇ ਨੇ ਸਾਨੂੰ ਮਿਲ ਗਿਆ ਸਭ ਕੁੱਛ। ਮਹਾਰਾਜ ਕਹਿੰਦੇ, ਜਿਹੜਾ ਇਹ ਕਹਿੰਦਾ ਹੈ ਨਾ ਮੈਂ ਜਾਣ ਲਿਆ। ਕਹਿੰਦੇ ਉਹ ਮੂਰਖ ਬੰਦਾ ਹੈ, ਕਹਿੰਦੇ ਸਾਰੇ ਨੇ, ਪਰ ਜਿਹੜਾ ਇਹ ਕਹਿੰਦਾ ਹੈ, ਅਣਜਾਣ ਬੰਦਾ ਹੈ ਉਹ, ਵਾਹਿਗੁਰੂ ਜਾਨਣ ਵਾਲੀ ਚੀਜ਼ ਨਹੀਂ ਹੈ। ਜਾਨਣ ਵਾਲਾ ਹੋਰ ਹੁੰਦਾ ਹੈ, ਚੀਜ਼ ਜਾਨਣ ਵਾਲੀ ਹੋਰ ਹੁੰਦੀ ਹੈ। ਮਹਾਰਾਜ ਕਹਿੰਦੇ ਉਹ ਮੂਰਖ ਹੈ। ਕਿਉਂਕਿ ਗੱਲ ਦਾ ਪਤਾ ਲੱਗਿਆ ਨਹੀਂ ਹੈ, ਐਵੇਂ ਹੀ ਕਹਿੰਦਾ ਹੈ। ਸੋ ਇਹ ਈਮਾਨਦਾਰੀ ਨਾਲ ਕਹਿੰਦੇ ਸੀ ਕਿ ਸਾਨੂੰ ਨਹੀਂ ਕੁਛ ਪਤਾ ਲੱਗਿਆ, ਤਪ ਵੀ ਕਰਦੇ ਹਾਂ, ਭਜਨ ਵੀ ਕਰਦੇ ਹਾਂ, ਵਰਤ ਵੀ ਰਖਦੇ ਹਾਂ, ਚੰਦਰੈਣ ਵਰਤ ਵੀ ਰਖਦੇ ਹਾਂ, ਹੋਰ ਵਰਤ ਵੀ ਰਖਦੇ ਹਾਂ, ਤੀਰਥ ਯਾਤਰਾ ਵੀ ਕਰਦੇ ਹਾਂ, ਤੀਰਥਾਂ ਤੇ ਬੜੀ-ਬੜੀ ਦੇਰ ਰਹਿ ਆਏ ਹਾਂ ਤੇ ਪਵਿੱਤਰ ਦਰਿਆਵਾਂ ਦਾ ਜਲ ਪੀਂਦੇ ਰਹੇ ਹਾਂ, ਤੇ ਅੰਦਰ ਤਾਂ ਸਾਡੇ ਭੌਰਾ ਜਿੰਨਾ ਵੀ ਫਰਕ ਨਹੀਂ ਪਿਆ। ਇਹਦਾ ਮਤਲਬ ਹੈ ਸਾਡੀਆਂ ਤਾਰਾਂ ਸਹੀ ਨਹੀਂ ਹਨ, ਨੰਬਰ ਗਲਤ ਹੈ, ਜਿਹੜਾ ਅਸੀਂ ਘੁੰਮਾਈ ਜਾਂਦੇ ਹਾਂ। ਨਹੀਂ ਤਾਂ ਸਹੀ ਨੰਬਰ ਜੇ ਟੈਲੀਫੋਨ ਦਾ ਘੁੰਮਾਓ, ਕੋਈ ਨਾ ਕੋਈ ਘੰਟੀ ਵਜ ਜਾਂਦੀ ਹੈ, ਬੰਦਾ ਬੋਲ ਪੈਂਦਾ ਹੈ। ਸੋ ਕਿਤੇ ਗਲਤੀ ਹੈ।

ਇਹ ਗੁਰੂ ਨਾਨਕ ਪਾਤਸ਼ਾਹ ਦੇ ਦੀਵਾਨ ਵਿਚ ਆ ਗਏ। ਜਦੋਂ ਸਿੱਖੀ ਦਾ ਨਵਾਂ-ਨਵਾਂ ਪ੍ਰਕਾਸ਼ ਹੋਇਆ ਸੀ, ਬੜੀਆਂ ਧਾਰਨਾਵਾਂ, ਮਨ ਦੀਆਂ ਮਤਾਂ ਸੀਗੀਆਂ ਬੰਦਿਆਂ ਦੀਆਂ, ਕਿਉਂਕਿ ਅਨੇਕਾਂ ਸਾਧੂ ਸੰਤਾਂ ਨੂੰ ਮਿਲਦੇ ਸੀ, ਅਨੇਕਾਂ ਦਾ ਅਸਰ ਬੰਦਾ ਲੈਂਦਾ ਸੀ। ਗੁਰੂ ਨਾਨਕ ਪ੍ਰਕਾਸ਼ ਰੂਪ ਹੋ ਕੇ ਸੰਸਾਰ ਦੇ ਵਿਚ ਪ੍ਰਗਟੇ। ਸਤਿ ਦਾ ਰਾਹ ਦਰਸਾਉਣ ਵਾਸਤੇ।

ਇਨ੍ਹਾਂ ਨੇ ਵੀ ਉਡਦੀ-ਉਡਦੀ ਗੱਲ ਸੁਣ ਲਈ ਕਿ ਐਸ ਵੇਲੇ ਜੇ ਕੋਈ ਲੰਘਾ ਸਕਦਾ ਹੈ ਤਾਂ ਕਰਤਾਰਪੁਰ ਵਿਚ ਬੈਠੇ ਗੁਰੂ ਨਾਨਕ ਪਾਤਸ਼ਾਹ ਨੇ, ਜਿਹੜੇ ਨਿਰੋਲ ਸਤਿ ਦਾ ਉਪਦੇਸ਼ ਦੇ ਕੇ, ਜੀਵ ਨੂੰ, ਜੀਵ ਬਿਰਤੀ ਵਿਚੋਂ ਕੱਢ ਕੇ ਈਸ਼ਵਰ ਬਿਰਤੀ ਦੇ ਵਿਚ ਰਲਾ ਦਿੰਦੇ ਨੇ।

ਸਵਾਲ ਕਰਦੇ ਨੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਿਚ। ਕਿਹੋ ਜਿਹਾ ਵਚਿੱਤਰ ਨਜ਼ਾਰਾ ਹੋਣਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਆਪ ਤਖਤ ਦੇ ਉਤੇ ਬਿਰਾਜਮਾਨ ਨੇ, ਬੇਅੰਤ ਸੰਗਤ ਬੈਠੀ ਹੈ ਤੇ ਆਪ ਦੇ ਮੁਖਾਰਬਿੰਦ ਤੋਂ ਬਚਨ ਹੋ ਰਹੇ ਨੇ, ਉਸ ਵੇਲੇ ਦੋ ਜਗਿਆਸੂ ਉਠ ਕੇ ਬੇਨਤੀ ਕਰਦੇ ਨੇ, ਹੇ ਪ੍ਰਭੂ! ਕ੍ਰਿਪਾ ਕਰਕੇ ਇਹ ਤਾਂ ਦੱਸੋ?

***ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ***
***ਦਰਾ ਭੀਤਰਿ ਦਰੁ ਕਵਨੁ ਲਹੈ॥ ਅੰਗ - 877***

ਜਿਸ ਥਾਂ ਦੇ ਉਤੇ, ਜਿਸ ਦਰਵਾਜ਼ੇ ਦੇ ਉਤੇ ਵਾਹਿਗੁਰੂ ਵਸਦਾ ਹੈ, ਉਸ ਦਰ ਨੂੰ ਕੀ ਕਹਿੰਦੇ ਨੇ, ਕੀ ਉਹਦਾ ਨਾਮ ਹੈ? ਕੀ ਉਸ ਨੂੰ ਕਿਹਾ ਜਾਵੇ?

***ਜਿਸੁ ਦਰ ਕਾਰਣਿ ਫਿਰਾ ਉਦਾਸੀ***
***ਸੋ ਦਰੁ ਕੋਈ ਆਇ ਕਹੈ॥***
***ਕਿਨ ਬਿਧਿ ਸਾਗਰੁ ਤਰੀਐ॥***
***ਜੀਵਤਿਆ ਨਹ ਮਰੀਐ॥***
***ਦੁਖੁ ਦਰਵਾਜਾ ਰੋਹੁ ਰਖਵਾਲਾ***
***ਆਸਾ ਅੰਦੇਸਾ ਦੁਇ ਪਟ ਜੜੇ॥***
***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ***
***ਸਤ ਕੈ ਆਸਣਿ ਪੁਰਖੁ ਰਹੈ॥***
***ਕਿੰਤੇ ਨਾਮਾ ਅੰਤੁ ਨ ਜਾਣਿਆ***
***ਤੁਮ ਸਰਿ ਨਾਹੀ ਅਵਰ ਹਰੇ॥***
***ਊਚਾ ਨਹੀ ਕਹਣਾ ਮਨ ਮਹਿ ਰਹਣਾ***
***ਆਪੇ ਜਾਣੈ ਆਪਿ ਕਰੇ॥***
***ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ॥***
***ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ॥***
***ਇਨ ਬਿਧਿ ਸਾਗਰੁ ਤਰੀਐ॥ ਜੀਵਤਿਆ ਇਉ ਮਰੀਐ॥***
***ਅੰਗ - 877***

ਬੇਅੰਤ ਦਰ ਨੇ, ਉਨ੍ਹਾਂ ਵਿਚੋਂ ਜੋ ਪ੍ਰਮੇਸ਼ਰ ਦਾ ਦਰ ਹੈ ਉਹ ਕਿਸ ਤਰ੍ਹਾਂ ਨਾਲ ਲਿਆ ਜਾਵੇ? ਕਿਹੜਾ ਸਾਧਨ ਕਰਿਆ ਜਾਵੇ? ਕਿਹੜਾ ਮਹਾਤਮਾ ਮਿਲੇ ਜਿਹੜਾ ਇਨ੍ਹਾਂ ਦਰਾਂ ਦੇ ਵਿਚੋਂ ਸਾਨੂੰ ਪ੍ਰਮੇਸ਼ਰ ਦਾ ਦਰ ਦੱਸ ਦੇਵੇ? ਮਹਾਰਾਜ ਕਹਿਣ ਲੱਗੇ, ਦੇਖੋ ਪ੍ਰੇਮੀਓ! ਇਹ ਦਰ ਜਿਹੜੇ ਤੁਸੀਂ ਕਹਿੰਦੇ ਓਂ, ਇਨ੍ਹਾਂ ਸਾਰੇ ਦਰਾਂ ਦੇ ਵਿਚੋਂ ਹੀ ਵਾਹਿਗੁਰੂ ਦਾ ਦਰ ਹੈ। ਸਾਰੇ ਸਾਧਨਾਂ ਦੇ ਵਿਚੇ ਹੀ ਵਾਹਿਗੁਰੂ ਦਾ ਸਾਧਨ ਹੈ। ਸਾਰੇ ਮਹਾਤਮਾ ਦੇ ਵਿਚੇ ਵਾਹਿਗੁਰੂ ਨੂੰ ਮਨਾਉਣ ਵਾਲਾ ਮਹਾਤਮਾ ਹੋਇਆ ਕਰਦਾ ਹੈ।

ਕਹਿਣ ਲੱਗੇ, ਕਿਸ ਤਰ੍ਹਾਂ ਨਾਲ ਇਹ ਸਾਗਰ ਤਰੀਏ? ਮਹਾਰਾਜ ਨੇ ਕਿਹਾ ਕਿ ਜੀਉਂਦੇ ਮਰ ਜਾਓ ਭਾਈ, ਜੀਉਂਦੇ ਤੋਂ ਤਾਂ ਤਰਿਆ ਨਹੀਂ ਜਾਣਾ। ਜਦੋਂ ਆਦਮੀ ਪੁੱਠੀ ਤਾਰੀ ਤਰਦਾ ਹੈ, ਜਿਹਨੂੰ ਆਉਂਦੀ ਹੈ ਤਾਰੀ ਤਰਨੀ ਉਹ ਸਾਰਾ ਸਰੀਰ ਢਿੱਲਾ ਛੱਡ ਕੇ ਪਾਣੀ ਦੇ ਉਤੇ ਪੈ ਜਾਂਦਾ ਹੈ, ਮੁਰਦਾ ਬਣ ਜਾਂਦਾ ਹੈ, ਉਸਨੂੰ ਪਾਣੀ ਨਹੀਂ ਡੋਬਿਆ ਕਰਦਾ।

ਕਹਿੰਦੇ, ਪਾਤਸ਼ਾਹ! ਜੀਉਂਦੇ ਮਰ ਨਹੀਂ ਹੁੰਦਾ?

ਬਹੁਤ ਔਖਾ ਹੈ ਜੀਉਂਦੇ ਮਰਨਾ, ਗੱਲ ਕਹਿਣੀ ਸੁਖਾਲੀ ਹੈ। ਪਰ ਜੀਉਂਦੇ ਮਰਨਾ ਕੋਈ ਖੇਡ ਹੈ ਤੇ ਤੂੰ ਇਹ ਕਹਿੰਦਾ ਹੈਂ ਕਿ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***

***ਅੰਗ – 1102***

ਤੁਸੀਂ ਇਹ ਕਹਿੰਦੇ ਓਂ ਕਿ ਪਹਿਲਾਂ ਮਰਨਾ ਕਬੂਲ ਲੈ, ਇਹ ਕਬੂਲਣਾ ਹੀ ਸਾਨੂੰ ਔਖਾ ਹੈ, ਅਸੀਂ ਕਬੂਲ ਨਹੀਂ ਸਕਦੇ ਕਿਉਂਕਿ ਸਾਨੂੰ ਪਤਾ ਨਹੀਂ ਕਿ ਮਰਨਾ ਕੀ ਹੁੰਦਾ ਹੈ। ਮਰੇ ਬਗੈਰ ਇਹ ਤਰ ਨਹੀਂ ਹੁੰਦਾ। ਸੋ ਉਸ ਵੇਲੇ ਮਹਾਰਾਜ ਜੀ ਦਇਆ ਦੇ ਘਰ ਵਿਚ ਆਏ ਤੇ ਕਹਿਣ ਲੱਗੇ, ਪ੍ਰੇਮੀਓਂ! ਜਿਸ ਦਰਵਾਜ਼ੇ ਦੀ ਤੁਸੀਂ ਗੱਲ ਪੁੱਛਣ ਲੱਗੇ ਓਂ, ਉਹ ਤੁਹਾਨੂੰ ਦੱਸ ਦਿੰਦੇ ਹਾਂ, ਜਿਥੇ ਤੁਸੀਂ ਪ੍ਰਮੇਸ਼ਰ ਦੇ ਨਾਲ ਭਵਜਲ ਪਾਰ ਤਰਨਾ ਹੈ, ਉਹਦਾ ਵੀ ਤੁਹਾਨੂੰ ਦੱਸ ਦਿੰਦੇ ਹਾਂ ਕਿ ਉਹ ਬਹੁਤ ਗਹਿਰੀ ਖਾਈ ਹੈ। ਉਹ ਜੀਉਂਦੇ–ਜੀਉਂਦੇ ਨਹੀਂ ਤਰੀ ਜਾਂਦੀ।

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਕਿ ਵਾਹਿਗੁਰੂ ਤੇ ਸਾਡੇ ਵਿਚਾਲੇ ਜਿਹਨੂੰ ਭਵਜਲ ਕਹਿੰਦੇ ਨੇ, ਉਹ ਤ੍ਰਿਗੁਣ ਮਾਇਆ ਦਾ ਛੱਲਾਂ ਮਾਰਦਾ ਸਮੁੰਦਰ ਹੈ। ਕੋਈ ਬੰਦਾ ਇਹਦੇ ਵਿਚੋਂ ਜੀਉਂਦਾ–ਜੀਉਂਦਾ ਤਾਂ ਲੰਘ ਨਹੀਂ ਸਕਦਾ ਤੇ ਮਰਿਆ ਹੋਇਆ ਲੰਘ ਜਾਂਦਾ ਹੈ। ਮਰੀ ਹੋਈ ਚੀਜ਼ ਰੱਖ ਦਿਓ, ਪਾਣੀ ਡੋਬਦਾ ਹੀ ਨਹੀਂ, ਉਪਰ ਤਰੀ ਜਾਂਦਾ ਹੈ। ਇਸੇ ਤਰ੍ਹਾਂ ਜਿਹਨੂੰ ਆਪਣੇ ਆਪ ਨੂੰ ਮਾਰ ਲਿਆ, ਉਹ ਤਾਂ ਲੰਘ ਜਾਂਦਾ ਹੈ। ਜਿਹੜਾ ਮੈਂ ਵਿਚ ਹੈ, ਮੈਂ ਜੀਉਂਦਾ ਹਾਂ, ਉਹ ਨਹੀਂ ਲੰਘ ਸਕਦਾ। ਕਿਉਂਕਿ ਮਾਇਆ ਬਹੁਤ ਗਹਿਰੀ ਖਾਈ ਹੈ, ਇਹਦੇ ਵਿਚੋਂ ਲੰਘਿਆ ਨਹੀਂ ਜਾਂਦਾ।

ਇਕ ਵਾਰੀ ਕ੍ਰਿਸ਼ਨ ਮਹਾਰਾਜ ਬਚਨ ਕਰਦੇ ਨੇ ਕਹਿਣ ਲੱਗੇ, ਅਰਜਨ, ਮੇਰੀ ਜੋ ਤ੍ਰਿਗੁਣ ਮਾਇਆ ਹੈ, ਸੰਸਾਰ ਦੇ ਉਤੇ, ਉਹ ਅ–ਤਰ ਹੈ, ਨਾ ਤਰਨ ਵਾਲੀ ਹੈ, ਸਾਰੇ ਸੰਸਾਰ ਨੇ ਉਸਨੂੰ ਭੁਲਾਇਆ ਹੋਇਆ ਹੈ, ਮੈਂ ਨਿਰੰਕਾਰ ਸਾਰਿਆਂ ਦੇ ਹਿਰਦੇ ਵਿਚ ਰਹਿੰਦਾ ਹਾਂ, ਸਾਰੇ ਕੰਮ ਮੈਂ ਕਰਦਾ ਹਾਂ। ਮੈਂ ਹੀ ਇਸ ਜੀਵ ਨੂੰ ਸ਼ਕਤੀ ਦਿੰਦਾ ਹਾਂ ਅੱਖਾਂ ’ਚੋਂ ਦੇਖਣ ਦੀ, ਕੰਨਾਂ ’ਚੋਂ ਸੁਣਨ ਦੀ, ਜ਼ੁਬਾਨ ’ਚੋਂ ਬੋਲਣ ਦੀ, ਲੇਕਿਨ ਮੈਨੂੰ ਇਹ ਭੁੱਲਿਆ ਰਹਿੰਦਾ ਹੈ, ਜਿਹੜੀ ਅਣਹੋਂਦੀ ਚੀਜ਼ ਮਾਇਆ ਹੈ, ਉਹਨੂੰ ਯਾਦ ਰੱਖਦਾ ਹੈ।

ਅਰਜਨ ਕਹਿਣ ਲੱਗਿਆ ਕਿ ਮਹਾਰਾਜ! ਮੈਂ ਮਾਇਆ–ਮਾਇਆ ਸੁਣਦਾ ਤਾਂ ਹਾਂ ਕ੍ਰਿਪਾ ਕਰਕੇ ਮੈਨੂੰ ਦਰਸ਼ਨ ਤਾਂ ਕਰਾਓ ਇਹਦੇ ਇਹ ਹੈ ਕੀ ਚੀਜ਼?

ਕਹਿੰਦੇ, ਅਰਜਨ! ਇਹ ਤ੍ਰਿਗੁਣ ਮਾਇਆ ਜਿਹੜੀ ਹੈ, ਇਹਦੇ ਵਿਚ ਸਾਰਾ ਸੰਸਾਰ ਭੁੱਲ ਜਾਂਦਾ ਹੈ, ਕੋਈ ਨਹੀਂ ਰਹਿੰਦਾ ਜਿਹੜਾ ਨਾ ਭੁੱਲੇ। ਬਾਰ–ਬਾਰ ਕਿਹਾ, ਦੂਜੇ ਦਿਨ ਵੀ ਇਸਨੇ ਬੇਨਤੀ ਕਰੀ ਕਿ ਮਹਾਰਾਜ! ਮੈਨੂੰ ਮਾਇਆ ਤਾਂ ਦਿਖਾਓ ਕਿ ਕੀ ਹੁੰਦੀ ਹੈ? ਕਹਿੰਦੇ, ਅਰਜਨ! ਤੂੰ ਆਪਣੇ ਆਪ ਨੂੰ ਭੁੱਲ ਜਾਏਂਗਾ, ਕਹਿੰਦਾ ਆਹ ਵੀ ਗੱਲ ਕਦੇ ਹੋ ਸਕਦੀ ਹੈ ਕਿ ਮੈਂ ਆਪਣੇ ਆਪ ਨੂੰ ਭੁੱਲ ਜਾਵਾਂ। ਕਹਿੰਦੇ ਹਾਂ, ਮੇਰੀ ਮਾਇਆ ਦਾ ਵਜੂਦ ਕੋਈ ਨਹੀਂ, ਲੇਕਿਨ ਸੱਚਮੁੱਚ ਲਗਦੀ ਹੈ। ਸੱਚੀ ਲਗਦੀ ਹੈ ਤੇ ਹੈ ਕੋਈ ਚੀਜ਼ ਨਹੀਂ ਹੈ।

ਹੈ ਤਾਂ ਸਾਧਸੰਗਤ ਜੀ! ਸਾਰੇ ਨਿਰੰਕਾਰ ਵਾਹਿਗੁਰੂ ਹੀ, ਇਸ ਤੋਂ ਬਗੈਰ ਹੋਰ ਕੁਛ ਨਾ ਹੋਇਆ, ਨਾ ਹੋਣਾ, ਨਾ ਹੈ ਸੀ, ਆਹ ਤਾਂ ਹੈਗੀ ਅਸਲੀ ਗੱਲ।

***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥***

***ਅੰਗ – 922***

ਲੇਕਿਨ ਸਾਨੂੰ ਨਾ ਇਹ ਹਰੀ ਦਾ ਰੂਪ ਨਜ਼ਰ ਆਉਂਦਾ ਹੈ, ਨਾ ਗੁਰੂ ਦਾ ਸ਼ਬਦ ਸਾਡੇ ਹਿਰਦੇ ਵਿਚ ਕਾਟ ਕਰਦਾ ਹੈ। ਕਿਉਂਕਿ ਸਾਨੂੰ ਮੂਰਛਤ ਕਰ ਦਿਤਾ ਮਾਇਆ ਨੇ, ਭੁਲਾ ਦਿਤਾ। ਐਨਾ ਭੁੱਲ ਗਏ ਅਸੀਂ, ਆਪਣੇ ਆਪ ਨੂੰ ਭੁੱਲ ਗਏ। ਕ੍ਰਿਸ਼ਨ ਮਹਾਰਾਜ ਕਹਿੰਦੇ, ਅਰਜਨ! ਤੂੰ ਤਾਂ

ਤੂੰ, ਜਿਹੜੇ ਵੱਡੇ ਦੇਵੀ ਦੇਵਤੇ ਬ੍ਰਹਮਾ, ਵਿਸ਼ਨੂੰ, ਮਹੇਸ਼ ਇਹ ਸਭ ਭੁੱਲੇ ਹੋਏ ਨੇ, ਮਾਇਆ ਐਨੀ ਪ੍ਰਬਲ ਹੈ।

ਅਰਜਨ ਕਹਿਣ ਲੱਗਿਆ, ਮਹਾਰਾਜ ਮੈਨੂੰ ਦਿਖਾ ਦਿਓ।

ਕਹਿੰਦੇ, ਕੀ ਕਰੇਂਗਾ ਤੂੰ ਆਪਣੇ ਆਪ ਨੂੰ ਭੁੱਲ ਜਾਏਂਗਾ, ਮੈਨੂੰ ਵੀ ਭੁੱਲ ਜਾਏਂਗਾ।

ਕਹਿੰਦਾ, ਨਹੀਂ ਭੁੱਲਦਾ।

ਕਹਿੰਦੇ, ਚੰਗਾ, ਦਾਤਨ ਕਰਨੀ ਹੈ, ਜਾਹ ਪਾਣੀ ਲਿਆ।

ਕੋਲ ਹੀ ਸਰੋਵਰ ਸੀ, ਇਕ ਪੈਰ ਜਾ ਕੇ ਇਹਨੇ ਪਉੜੀ ਤੇ ਰੱਖ ਲਿਆ ਹੇਠਲੀ ਤੇ, ਗੜਵੀ ਲੈ ਕੇ ਜਦੋਂ ਪਾਣੀ ਵਿਚ ਡਬੋਣ ਲੱਗਿਆ ਉਸ ਤੋਂ ਪਹਿਲਾਂ-ਪਹਿਲਾਂ ਇਸ ਤੇ ਮਾਇਆ ਪੈ ਗਈ।

ਸੀਨ ਬਦਲ ਗਿਆ, 300 ਸਾਲ ਅੱਗੇ ਸਮਾਂ ਕਰ ਦਿਤਾ। ਜੰਗਲ ਬਣ ਗਿਆ ਭਿਆਨਕ, ਜਾਨਵਰ ਫਿਰ ਰਹੇ, ਚੀਤੇ ਫਿਰ ਰਹੇ ਨੇ, ਵੱਡੀਆਂ-ਵੱਡੀਆਂ ਸਰਾਲਾਂ, ਸੱਪ ਫਿਰਦੇ ਨੇ। ਹਾਥੀ ਫਿਰਦੇ ਨੇ, ਹੋਰ ਜੰਗਲੀ ਜਾਨਵਰ ਬੇਅੰਤ ਫਿਰ ਰਹੇ ਨੇ। ਦੇਖ ਕੇ ਡਰ ਗਿਆ, ਆਵਾਜ਼ ਦਿੰਦਾ ਹੈ ਕਿ ਮਹਾਰਾਜ ਤੁਸੀਂ ਕਿੱਥੇ ਚਲੇ ਗਏ। ਸੁੱਝਦਾ ਹੀ ਨਹੀਂ ਕਿ ਮੈਂ ਕਿੱਥੇ ਆ ਗਿਆ, ਕੁੱਛ ਯਾਦ ਨਹੀਂ ਆਉਂਦਾ, ਭੁੱਲ ਗਿਆ ਸਭ। ਰਾਤ ਪੈ ਗਈ, ਦਰਖਤਾਂ ਤੇ ਚੜ੍ਹ ਕੇ ਰਾਤ ਕੱਟਦਾ ਹੈ, ਦੂਜਾ ਦਿਨ ਹੋ ਗਿਆ, ਟੋਲ੍ਹਦਾ ਫਿਰਦਾ ਹੈ, ਹਾਕਾਂ ਮਾਰਦਾ ਹੈ, ਰੋਈ ਜਾਂਦਾ ਹੈ ਉਚੀ-ਉਚੀ, ਫੇਰ ਕੁੱਛ ਨਹੀਂ ਲੱਭਿਆ, ਫੇਰ ਦਰਖਤ ਤੇ ਰਾਤ ਕੱਟੀ। ਉਥੇ ਨਾ ਕੁੱਛ ਖਾਣ ਨੂੰ, ਨਾ ਪੀਣ ਨੂੰ ਬੁਰਾ ਹਾਲ ਹੋ ਗਿਆ।

ਚੌਥੇ ਦਿਨ ਜੰਗਲ ਤੋਂ ਬਾਹਰ ਨਿਕਲਿਆ। ਉਥੇ ਕੀ ਦੇਖਦਾ ਹੈ, ਕੋਈ ਪ੍ਰੇਮੀ ਨੇ, ਕੰਮ ਕਰ ਰਹੇ ਨੇ, ਉਥੇ ਜਾ ਕੇ ਪੁੱਛਣ ਲੱਗਿਆ, ਕਿ ਕ੍ਰਿਸ਼ਨ ਮਹਾਰਾਜ ਨਹੀਂ ਦੇਖੇ, ਉਹ ਸਾਰੇ ਇਹਦੇ ਮੂੰਹ ਵਲ ਦੇਖਣ ਲਗ ਗਏ। ਕਹਿੰਦਾ, ਕੀ ਦੇਖਦੇ ਓਂ ਸਾਰੇ? ਮੈਨੂੰ ਦਸਦੇ ਕਿਉਂ ਨਹੀਂ? ਤੇ ਮੈਂ ਅਰਜਨ ਹਾਂ। ਉਹ ਹੋਰ ਹੱਸਣ ਲਗ ਗਏ, ਤਾੜੀ ਮਾਰ ਕੇ। ਬਲ ਇਹਦਾ ਕੋਈ ਚੱਲੇ ਨਾ। ਉਹ ਕਹਿੰਦੇ, ਤੂੰ ਕਿਸੇ ਪਾਗਲਖਾਨੇ 'ਚੋਂ ਤਾਂ ਨਹੀਂ ਨੱਠ ਕੇ ਆਇਆ? ਕ੍ਰਿਸ਼ਨ ਨੂੰ ਹੋਏ ਨੂੰ ਤਾਂ 300 ਸਾਲ ਹੋ ਗਏ। ਅਰਜਨ ਨੂੰ ਹੋਏ ਨੂੰ 300 ਸਾਲ ਹੋ ਗਏ। ਉਹ ਰਾਜ ਆਪਣੇ ਪੋਤੇ ਪ੍ਰੀਸ਼ਦ ਨੂੰ ਦੇਣ ਤੋਂ ਬਾਅਦ, ਉਹ ਪਹਾੜਾਂ ਵਿਚ ਜਾ ਕੇ ਬਰਫ ਵਿਚ ਗਲ ਗਏ। ਤੂੰ ਅਰਜਨ ਕਿਧਰੋਂ ਬਚ ਕੇ ਆ ਗਿਆ? ਬੜੀ ਜਿੱਦ ਕਰਦਾ ਹੈ ਕਿ ਮੈਂ ਅਰਜਨ ਹਾਂ, ਮੇਰੇ ਕੋਲ ਹੁਣੇ ਕ੍ਰਿਸ਼ਨ ਖੜ੍ਹੇ ਸੀ ਤੇ ਅੱਜ ਚਾਰ ਦਿਨ ਹੋ ਗਏ ਮੈਨੂੰ ਵਿਛੜੇ ਨੂੰ। ਤੁਸੀਂ ਤਿੰਨ ਸੌ ਸਾਲ ਕਹਿੰਦੇ ਓਂ? ਕਹਿੰਦੇ ਜੇ ਸਾਡਾ ਯਕੀਨ ਨਹੀਂ ਆਉਂਦਾ ਤਾਂ ਭਾਈ, ਤਾਂ ਸ਼ਹਿਰ ਚੱਲ। ਇਹ ਰਾਜਾ ਕ੍ਰਿਸ਼ਨ ਭਗਤ ਹੈ, ਤੇ ਮਹਾਂਭਾਰਤ ਦੀ ਇਹਨੇ ਕਥਾ ਕਰਾਈ ਹੋਈ ਹੈ, ਮੰਦਰ ਵਿਚ। ਉਥੇ ਚੱਲ।

ਉਥੇ ਲਿਜਾ ਕੇ ਬਿਠਾ ਦਿਤਾ, ਉਥੇ ਗੱਲ ਆ ਰਹੀ ਹੈ ਕਿ ਮਹਾਂਭਾਰਤ ਦਾ ਯੁੱਧ ਇਸ ਤਰ੍ਹਾਂ ਨਾਲ ਜਿੱਤਿਆ। ਰਾਜਸੂ ਯੱਗ ਕਰਿਆ, ਉਸ ਤੋਂ ਬਾਅਦ ਰਾਜ ਆਪਣੇ ਪੋਤੇ ਨੂੰ ਦੇ ਕੇ, ਪ੍ਰੀਸ਼ਦ ਨੂੰ ਦੇ ਕੇ, ਉਹ ਪਹਾੜਾਂ ਵਿਚ ਚਲੇ ਗਏ। ਸਾਰੀ ਕਥਾ ਰੋਜ਼ ਹੀ ਸੁਣਿਆ ਕਰੇ। ਕਹਿੰਦਾ, ਹੈਂ, ਕਥਾ ਮੇਰੀ ਹੈ, ਇਹ ਗੱਲ ਕੀ ਹੋ ਗਈ? ਮੈਂ ਸੁੱਤਾ ਹਾਂ ਕਿ ਜਾਗਦਾ ਹਾਂ, ਕੀ ਮੈਨੂੰ ਸੁਪਨਾ ਆ ਰਿਹਾ ਹੈ? ਪੁੱਛਿਆ, ਉਥੇ ਕਹਿੰਦਾ ਮੈਂ ਜਾਗਦਾ ਹਾਂ? ਉਹ ਕਹਿੰਦੇ, ਤੇਰਾ ਤਾਂ ਦਿਮਾਗ ਹਿੱਲਿਆ ਹੋਇਆ ਹੈ।

ਇਕ ਤੂੰ ਕ੍ਰਿਸ਼ਨ-ਕ੍ਰਿਸ਼ਨ ਕਰੀ ਜਾਂਦਾ ਹੈ, ਇਕ ਤੂੰ ਆਪਣੇ ਆਪ ਨੂੰ ਅਰਜਨ ਕਹੀ ਜਾਂਦਾ ਹੈਂ। ਦੇਖ, ਹੁਣ ਤਾਂ ਤੂੰ ਕਹਿ ਦਿਤਾ, ਉਹ ਕ੍ਰਿਸ਼ਨ ਭਗਤ ਹੈ, ਉਹ ਤੈਨੂੰ ਸਜ਼ਾ ਦੇ ਦਏਗਾ, ਤੈਨੂੰ ਕਾਲ ਕੋਠੜੀ 'ਚ ਬੰਦ ਕਰ ਦਏਗਾ। ਤੂੰ ਅੱਜ ਤੋਂ ਆਪਣਾ ਨਾਮ ਪਰਦੇਸੀ ਰੱਖ ਲੈ, ਜੇ ਹੋਰ ਕੋਈ ਨਹੀਂ ਆਉਂਦਾ। ਕਹਿੰਦਾ, ਚੰਗਾ ਮੈਨੂੰ ਪਰਦੇਸੀ ਕਹਿ ਦਿਆ ਕਰੋ, ਆਪਣਾ ਨਾਮ ਵੀ ਭੁੱਲ ਗਿਆ। ਉਸ ਤੋਂ ਬਾਅਦ ਕਥਾ ਸੁਣਦਾ ਹੈ, ਉਥੇ ਪਰਦੇਸੀ ਬਣ ਕੇ ਰਹਿੰਦਾ ਹੈ, ਰਾਜੇ ਨੇ ਦੇਖਿਆ ਕਿ ਤੀਰ ਅੰਦਾਜ਼ੀ ਦਾ ਬੜਾ ਮਾਹਰ ਹੈ, ਆਪਣੀਆਂ ਫੌਜਾਂ ਦਾ ਕਮਾਂਡਰ ਬਣਾ ਦਿਤਾ। ਆਪਣੀ ਲੜਕੀ ਦੀ ਸ਼ਾਦੀ ਕਰ ਦਿਤੀ ਤੇ ਉਸ ਵੇਲੇ ਸਾਰੇ ਕਰਮ ਧਰਮ ਭੁੱਲ ਗਿਆ, ਸਾਰਾ ਦਿਨ ਭੋਗਾਂ ਦੇ ਵਿਚ ਮਸਤ ਰਹਿੰਦਾ ਹੈ, ਜਿਹੜੀਆਂ ਚੀਜ਼ਾਂ ਨਹੀਂ ਖਾਣੀਆਂ ਸੀ, ਉਹ ਖਾਣੀਆਂ ਸ਼ੁਰੂ ਕਰ ਦਿਤੀਆਂ। ਜਿਹੜੇ ਕੰਮ ਨਹੀਂ ਕਰਨੇ ਸੀ, ਉਹ ਸਾਰੇ ਕਰਨ ਲਗ ਗਿਆ, ਭਜਨ ਬੰਦਗੀ ਸਭ ਕੁਛ ਛੱਡ ਦਿਤਾ। ਪੱਕਾ ਨਾਸਤਕ ਹੋ ਗਿਆ। ਜੇ ਕੋਈ ਕ੍ਰਿਸ਼ਨ ਦਾ ਨਾਉਂ ਲੈ ਲਵੇ, ਉਹਨੇ ਤਿਉੜੀ ਵੱਟ ਲੈਣੀ। ਕਹਿੰਦਾ ਮੇਰੇ ਕੋਲ ਕ੍ਰਿਸ਼ਨ ਦਾ ਨਾਉਂ ਨਾ ਲਿਓ। ਕੀ ਸੀਗਾ ਕ੍ਰਿਸ਼ਨ, 16 ਹਜ਼ਾਰ 108 ਰਾਣੀਆਂ ਸੀ ਉਹਦੇ, ਉਹਦਾ ਨਾਉਂ ਲੈਂਦਾ ਹੈਂ ਤੂੰ ਮੇਰੇ ਕੋਲ। ਨਿੰਦਿਆ ਕਰਨੀ ਸ਼ੁਰੂ ਕਰ ਦਿਤੀ। ਬਿਲਕੁਲ ਬੇਮੁਖ ਹੋ ਗਿਆ। ਬੜਾ ਸਮਾਂ ਲੰਘਣ ਤੋਂ ਬਾਅਦ, ਹਰ ਵਕਤ ਆਪਣੇ ਪਤਨੀ ਨਾਲ ਪਿਆਰ ਕਰਦਾ ਹੈ, ਡਿਊਟੀਆਂ ਵੀ ਘੱਟ ਦਿੰਦਾ ਹੈ, ਨਸ਼ਿਆਂ ਦੇ ਵਿਚ ਪ੍ਰਵਿਰਤ ਹੋ ਗਿਆ, ਰਾਜੇ ਨੇ ਕਈ ਵਾਰੀ ਤਾੜਨਾ ਕਰੀ ਕਿ ਤੂੰ ਇਹ ਮਾੜੇ ਕੰਮ ਕਰਦਾ ਹੈਂ, ਠੀਕ ਨਹੀਂ ਹੈਗਾ, ਤੂੰ ਭਗਤੀ ਨਹੀਂ

ਕਰਦਾ, ਤੂੰ ਨਾਸਤਕ ਪੁਰਸ਼ ਹੈਂ। ਲੇਕਿਨ ਉਹਦੀ ਕਲਾ ਦੇਖ ਕੇ ਉਸਨੂੰ ਬਿਠਾਇਆ ਹੋਇਆ ਸੀ ਤੇ ਇਕ ਦਿਨ ਉਹਦੀ ਘਰਵਾਲੀ ਚੜ੍ਹਾਈ ਕਰ ਗਈ। ਕਹਿਣ ਲੱਗਿਆ, ਮੈਂ ਇਹਦਾ ਸਸਕਾਰ ਨਹੀਂ ਹੋਣ ਦੇਣਾ, ਮੈਂ ਨਾਲ ਹੀ ਜਲ ਜਾਣਾ ਹੈ ਇਹਦੇ। ਬਥੇਰਾ ਸਮਝਾਉਂਦੇ ਨੇ, ਕਹਿੰਦਾ ਮੈਂ ਫੈਸਲਾ ਕਰ ਲਿਆ, ਪ੍ਰਤਗਿਆ ਕਰ ਲਈ, ਹੁਣ ਤਾਂ ਮੈਂ ਇਹਦੇ ਨਾਲ ਜਾਣਾ ਹੈ, ਉਸ ਤੋਂ ਬਾਅਦ ਚਿਖਾ ਦੇ ਉਤੇ ਲੈ ਕੇ ਉਸਦੀ ਘਰਵਾਲੀ ਨੂੰ, ਉਤੇ ਬੈਠ ਗਿਆ, ਸਾਰੇ ਸਮਝਾਉਂਦੇ ਨੇ ਕਿ ਇਹ ਗੱਲ ਤਾਂ ਕਦੇ ਹੋਈ ਨਹੀਂ, ਇਸਤਰੀ ਦੇ ਨਾਲ ਕਦੇ ਉਹਦਾ ਪਤੀ ਤਾਂ ਜਲਿਆ ਹੀ ਨਹੀਂ ਹੈ। ਲੇਕਿਨ ਸਮਝਦਾ ਨਹੀਂ ਹੈ, ਕ੍ਰਿਸ਼ਨ ਮਹਾਰਾਜ ਨੇ ਉਧੋ ਨੂੰ ਭੇਜਿਆ, ਜਾਹ ਤੂੰ ਦੱਸ, ਇਹਨੂੰ ਯਾਦ ਕਰਾ ਕਿ ਤੂੰ ਕ੍ਰਿਸ਼ਨ ਹੈਂ। ਉਹ ਆ ਗਿਆ, ਕਹਿੰਦਾ ਤੂੰ ਮੈਨੂੰ ਪਛਾਣਦਾ ਹੈਂ, ਕਹਿੰਦਾ ਨਹੀਂ ਮੈਂ ਨਹੀਂ ਪਛਾਣਦਾ ਤੈਨੂੰ? ਉਸ ਨੇ ਕਿਹਾ ਕਿ ਮੈਂ ਊਧੋ ਹਾਂ।

ਕਹਿਣ ਲੱਗਿਆ, ਉਹ ਜਿਹੜਾ ਕ੍ਰਿਸ਼ਨ ਵੇਲੇ ਹੋਇਐ, ਤੂੰ ਪਾਗਲਖਾਨੇ 'ਚੋਂ ਆਇਆ ਹੈਂ? 300 ਸਾਲ ਹੋ ਗਏ ਊਧੋ ਨੂੰ ਤਾਂ ਮਰੇ ਨੂੰ। ਤੂੰ ਕਿੱਥੋਂ ਆ ਗਿਆ?

ਬਥੇਰਾ ਸਮਝਾਉਂਦਾ ਹੈ ਪਰ ਸਮਝਦਾ ਨਹੀਂ, ਕਹਿੰਦਾ ਮੇਰੇ ਕੋਲ ਨਾਉਂ ਨਾ ਲਈਂ ਕ੍ਰਿਸ਼ਨ ਦਾ। ਬਿਲਕੁਲ ਨਾ ਨਾਉਂ ਲਈ, ਨਾ ਅਰਜਨ ਦਾ ਨਾ ਕ੍ਰਿਸ਼ਨ ਦਾ। ਮੈਂ ਅਰਜਨ ਹੈ ਹੀ ਨਹੀਂ।

ਊਧੋ ਕ੍ਰਿਸ਼ਨ ਮਹਾਰਾਜ ਕੋਲ ਜਾ ਕੇ ਕਹਿਣ ਲੱਗਿਆ, ਮਹਾਰਾਜ! ਉਹ ਤਾਂ ਸਭ ਕੁਛ ਭੁੱਲ ਗਿਆ, ਉਹ ਤਾਂ ਮੈਨੂੰ ਵੀ ਨਹੀਂ ਪਛਾਣਦਾ। ਮੈਂ ਬਹੁਤ ਸਮਝਾਇਆ ਪਰ ਉਹ ਮੰਨਦਾ ਹੀ ਨਹੀਂ। ਮੈਂ ਕਿਹਾ ਕਿ ਤੂੰ ਕ੍ਰਿਸ਼ਨ ਜੀ ਦਾ ਧਨੁਸ਼ਧਾਰੀ ਅਰਜਨ ਹੈਂ, ਤੂੰ ਕਿਹਾ ਸੀ ਕਿ ਮੇਰੇ ਤੇ ਮਾਇਆ ਪਾ ਦਿਓ, ਇਹ ਮਾਇਆ ਹੈ। ਪਰ ਉਹ ਤਾਂ ਮੰਨਦਾ ਹੀ ਨਹੀਂ।

ਐਨੇ ਨੂੰ ਕ੍ਰਿਸ਼ਨ ਮਹਾਰਾਜ ਆਪ ਚਲੇ ਗਏ, ਸਮਝਾਉਂਦੇ ਨੇ ਉਸਨੂੰ। ਲੇਕਿਨ ਸਮਝਦਾ ਨਹੀਂ, ਕਹਿੰਦਾ ਕ੍ਰਿਸ਼ਨ ਤਾਂ ਨਕਲੀ ਆ ਗਿਆ ਇਹ, ਪਾਗਲਖਾਨੇ 'ਚੋਂ ਉਠ ਕੇ ਕੋਈ, ਕ੍ਰਿਸ਼ਨ ਨੂੰ ਤਾਂ 300 ਸਾਲ ਹੋ ਗਏ। ਉਹ ਤਾਂ ਇਸ ਤਰ੍ਹਾਂ ਦੇ ਨਾਲ ਜਾ ਕੇ ਪ੍ਰਭਾਵ ਸ਼ੇਤਰ 'ਚ ਜਾ ਕੇ ਬਹਿ ਗਿਆ ਸੀ ਤੇ ਬੱਧਕ ਨੇ ਬਾਣ ਮਾਰਿਆ ਸੀ, ਉਹ ਤਾਂ ਕਦੋਂ ਦਾ ਚੜ੍ਹਾਈ ਕਰ ਗਿਆ ਸੀ। ਤੂੰ ਕਿਧਰੋਂ ਆ ਗਿਆ ਉਹਦਾ ਰੂਪ ਬਣਾ ਕੇ?

ਸੋ ਬੜਾ ਵਿਵਾਦ ਕਰਿਆ ਤੇ ਕਹਿਣ ਲੱਗਿਆ ਕਿ ਮੈਂ ਤਾਂ ਨਾਲ ਹੀ ਮਰਨਾ ਹੈ ਆਪਣੀ ਪਤਨੀ ਦੇ। ਪੰਡਤ ਕਹਿਣ ਲੱਗਿਆ ਕਿ ਜੇ ਤੂੰ ਨਹੀਂ ਹਟਦਾ ਤਾਂ ਜਾ ਕੇ ਪਹਿਲਾਂ ਇਸ਼ਨਾਨ ਤਾਂ ਕਰ ਆ। ਤੂੰ ਅੱਗ 'ਚ ਜਲਣਾ ਹੈ, ਸ਼ੁੱਧ ਹੋ ਕੇ ਆ।

ਜਦੋਂ ਉਥੇ ਜਾਂਦਾ ਹੈ, ਤਾਂ ਕ੍ਰਿਸ਼ਨ ਮਹਾਰਾਜ ਨਾਲ ਹੀ ਜਾਂਦੇ ਨੇ, ਕਹਿੰਦੇ ਅਰਜਨ! ਤੂੰ ਅਜੇ ਵੀ ਸਮਝ ਜਾ, ਮੈਂ ਹੀ ਤੇਰੇ ਤੇ ਮਾਇਆ ਪਾਈ ਹੋਈ ਹੈ, ਤੂੰ ਮੈਨੂੰ ਕਿਹਾ ਸੀ ਕਿ ਮੇਰੇ ਤੇ ਮਾਇਆ ਪਾ ਕੇ ਦਿਖਾਓ। ਮੈਂ ਤੈਨੂੰ ਕਿਹਾ ਸੀ ਕਿ ਮੇਰੀ ਮਾਇਆ ਐਨੀ ਪ੍ਰਬਲ ਹੈ ਤਰੀ ਨਹੀਂ ਜਾਂਦੀ। ਇਹਦੇ ਵਿਚ ਤੂੰ ਤਾਂ ਤੂੰ, ਸਾਰੇ ਦੇਵੀ ਦੇਵਤੇ ਭੁੱਲੀਂ ਬੈਠੇ ਨੇ, ਸਾਰਾ ਸੰਸਾਰ ਭੁੱਲਿਆ ਬੈਠਾ ਹੈ। ਅਣਹੋਂਦੀ ਚੀਜ਼ ਜਿਹੜੀ ਹੈ, ਉਹਨੂੰ ਹੋਈ ਹੋਈ ਸਮਝਦਾ ਹੈ। ਮੈਂ ਤੇਰੇ ਤੇ ਮਾਇਆ ਪਾਈ ਹੈ ਤੂੰ ਹੋਸ਼ ਵਿਚ ਆ। ਪਰ ਮੰਨਦਾ ਹੀ ਨਹੀਂ ਗੱਲ।

ਅਖੀਰ ਕ੍ਰਿਸ਼ਨ ਮਹਾਰਾਜ ਨੇ ਹਲਕਾ ਜਿਹਾ ਥੱਪੜ ਮਾਰਿਆ ਮੂੰਹ ਤੇ ਮਾਇਆ ਲਾਹ ਲਈ। ਮਾਇਆ ਲਾਹੀ ਤਾਂ ਕੀ ਦੇਖਦਾ ਹੈ ਕਿ ਨਾ ਉਥੇ ਕੋਈ ਰਾਜਾ, ਨਾ ਚਿਖਾ, ਨਾ ਕੋਈ ਲੋਕ। ਰੱਥ ਖੜ੍ਹਾ ਹੈ ਕ੍ਰਿਸ਼ਨ ਮਹਾਰਾਜ ਦਾ ਤੇ ਇਹਨੇ ਇਕ ਪੈਰ ਤਲਾਬ ਵਿਚ ਰੱਖਿਆ ਹੋਇਆ ਹੈ ਤੇ ਗੜਵੀ ਹੱਥ ਵਿਚ ਹੈ। ਕ੍ਰਿਸ਼ਨ ਕਹਿਣ ਲੱਗੇ, ਅਰਜਨ! ਮੈਂ ਦਾਤਣ ਕਰਨੀ ਹੈ, ਤੂੰ ਦੇਰ ਕਰ ਦਿਤੀ ਪਾਣੀ ਲਈ, ਕੀ ਸੋਚੀ ਜਾਂਦਾ ਹੈਂ?

ਪਾਣੀ ਲੈ ਆਇਆ, ਲੇਕਿਨ ਰੋ ਰਿਹਾ ਹੈ। ਮਹਾਰਾਜ ਕਹਿੰਦੇ, ਰੋਂਦਾ ਕਿਉਂ ਹੈ? ਕਹਿੰਦਾ, ਮੇਰੀ ਇਸਤਰੀ ਕਿੱਥੇ ਗਈ? ਮੇਰੇ ਬੱਚੇ ਕਿੱਥੇ ਗਏ?

ਉਹ ਕਹਿੰਦੇ ਅਰਜਨ! ਤੂੰ ਹੋਸ਼ ਵਿਚ, ਜਾਗ।

ਇਹ ਜਾਗ ਨਹੀਂ ਆਇਆ ਕਰਦੀ ਸਾਧਸੰਗਤ ਜੀ! ਸਾਨੂੰ ਵੀ ਨਹੀਂ ਆਉਂਦਾ। ਇਹ ਜਾਗ ਓਦੋਂ ਆਉਂਦੀ ਹੈ–

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ॥*** ***ਅੰਗ – 204***

ਅਸੀਂ ਵੀ ਸੁੱਤੇ ਪਏ ਹਾਂ, ਸਾਰਾ ਸੰਸਾਰ ਸੁੱਤਾ ਪਿਆ ਹੈ। ਵੱਡੇ-ਵੱਡੇ ਰਾਜੇ, ਵੱਡੇ-ਵੱਡੇ ਵਿਦਵਾਨ, ਕਥਾਕਾਰ, ਕੀਰਤਨ ਕਰਨ ਵਾਲੇ, ਸੁਣਨ ਵਾਲੇ ਸਭ ਸੁੱਤੇ ਪਏ ਨੇ।

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ***
***ਸੁਤਿਆ ਰੈਣਿ ਵਿਹਾਣੀ॥*** ***ਅੰਗ – 920***

ਕਹਿੰਦੇ, ਇਕ ਦੋ ਚਾਰ ਨਹੀਂ ਸੁੱਤੇ, ਸਾਰਾ ਸੰਸਾਰ ਸੌਂ ਗਿਆ। ਸੁੱਤਾ ਹੋਇਆ ਕਿੰਨਾ ਭੁੱਲ ਗਿਆ, ਵਾਹਿਗੁਰੂ ਹਰ ਵਕਤ ਇਹਦੇ ਨਾਲ ਰਹਿੰਦਾ ਹੈ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ਅੰਗ - 677*

ਕਿਸੇ ਦੇ ਯਾਦ ਰਹਿੰਦਾ ਹੈ ਪ੍ਰਮੇਸ਼ਰ? ਕੋਈ ਬੰਦਾ ਕਹੇ ਕਿ ਹਾਂ ਮੇਰੇ ਹਰ ਵਕਤ ਵਾਹਿਗੁਰੂ ਯਾਦ ਰਹਿੰਦਾ ਹੈ ਤੇ ਮੈਨੂੰ ਐਉਂ ਲਗਦਾ ਹੈ ਕਿ ਮੇਰੇ ਨਾਲ ਹੀ ਤੁਰਦਾ ਫਿਰਦਾ ਹੈ, ਮੇਰੇ ਨਾਲ ਹੀ ਪ੍ਰਸ਼ਾਦੇ ਛਕਦਾ ਹੈ, ਮੇਰਾ ਨਾਲ ਸੌਂਦਾ ਮੇਰੇ ਨਾਲ ਹੀ ਜਾਗਦਾ ਹੈ। ਮੇਰੇ ਨਾਲ ਹੀ ਹੈ ਹਰ ਵਕਤ। ਭੂਤ ਨੂੰ ਤਾਂ ਅਸੀਂ ਮੰਨ ਲਵਾਂਗੇ, ਕਿ ਉਹਦਾ ਸਾਇਆ ਮੇਰੇ ਤੇ ਰਹਿੰਦਾ ਹੈ, ਪਰ ਵਾਹਿਗੁਰੂ ਨੂੰ ਨਹੀਂ ਮੰਨਦੇ।

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਅਰਜਨ! ਮੈਂ ਤੇਰੇ ਤੇ ਮਾਇਆ ਪਾਈ ਹੈ। ਹੋਸ਼ ਵਿਚ ਆ। ਬੜੀ ਮੁਸ਼ਕਲ ਦੇ ਨਾਲ ਹੋਸ਼ ਵਿਚ ਲਿਆਂਦਾ। ਕਹਿਣ ਲੱਗਿਆ, ਹੇ ਪ੍ਰਭੂ! ਐਡੀ ਮਾਇਆ ਤੇਰੀ, ਮੈਂ ਤਾਂ ਬਿਲਕੁਲ ਹੀ ਭੁੱਲ ਗਿਆ ਸੀ 100%। ਕਹਿੰਦੇ ਤੂੰ ਨਹੀਂ ਭੁੱਲਿਆ, ਸਾਰਾ ਸੰਸਾਰ ਭੁੱਲਿਆ ਬੈਠਾ ਹੈ। ਹੈਗਾ ਇਹ ਜੀਵ ਆਤਮਾ ਪਰ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦਾ ਜੀਵ ਮੰਨੀ ਜਾਂਦਾ ਹੈ। ਸਰੀਰ ਦੀ ਮੈਂ ਨੂੰ ਮੈਂ ਕਹੀ ਜਾਂਦਾ ਹੈ, ਜਦੋਂ ਮੈਂ ਕਹਿੰਦਾ ਹੈ, ਸਰੀਰ ਨੂੰ ਕਹਿੰਦਾ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਭਾਈ ਮਾਲੋ ਤੇ ਮਾਂਗੋ, ਇਹ ਜਿਹੜੀ ਮੈਂ ਇਹ ਮਰਨਾ ਕਬੂਲ ਕਰਨਾ ਪੈਣਾ ਹੈ, ਕਿਉਂਕਿ ਜਿੰਨਾ ਚਿਰ ਇਹ ਮੈਂ ਤੁਹਾਡੀ ਹੈਗੀ, ਤੁਸੀਂ ਇਕ ਗਲਤ ਜਾਗ ਦੇ ਵਿਚ ਆਏ ਬੈਠੇ ਓਂ। ਸੋ ਇਸ ਤਰ੍ਹਾਂ ਨਾਲ ਇਹ ਜਿਸ ਤਰ੍ਹਾਂ ਤੁਸੀਂ ਕਬੂਲਦੇ ਨਹੀਂ ਹੋਂ, ਓਨਾ ਚਿਰ ਅੱਗੇ ਨਹੀਂ ਚੱਲ ਸਕਦੇ। ਜਿੰਨਾ ਚਿਰ ਤੱਕ ਮਰਦੇ ਨਹੀਂ ਓਂ ਓਨਾ ਚਿਰ ਤੱਕ ਤਰਿਆ ਨਹੀਂ ਜਾਂਦਾ। ਮਰਿਆ ਹੋਇਆ ਕਰਦਾ ਹੈ, ਜੀਉਂਦਾ ਤਰ ਨਹੀਂ ਸਕਦਾ। ਇਹ ਹਉਮੈ ਜਿਹੜੀ ਹੈ ਇਹ ਜੰਮਣ ਮਰਨ ਦੇ ਚੱਕਰ ਵਿਚ ਪਾ ਕੇ ਰੱਖਦੀ ਹੈ।

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥*
*ਅੰਗ - 466*

ਸੋ ਜਿਸ ਦਰ ਦੀ ਗੱਲ ਤੁਸੀਂ ਕਰੀ ਹੈ -

*ਜਿਸੁ ਦਰ ਕਾਰਣਿ ਫਿਰਾ ਉਦਾਸੀ*
*ਸੋ ਦਰੁ ਕੋਈ ਆਇ ਕਹੈ॥ ਅੰਗ - 877*

ਕਹਿੰਦੇ ਦਰਵਾਜ਼ਾ ਜਿਹੜਾ ਹੈ ਵੱਡਾ ਡਾਟ। ਉਹ ਦੁਖਾਂ ਦਾ ਹੈ। ਉਹਦਾ ਨਾਉਂ ਦੁਖ ਦਰਵਾਜਾ। ਕਹਿੰਦੇ ਜਿਹੜਾ ਵਾਹਿਗੁਰੂ ਦਾ ਦਰਵਾਜ਼ਾ ਹੈ ਇਹਨੂੰ ਦੁੱਖ ਦਰਵਾਜ਼ਾ ਕਹਿੰਦੇ ਨੇ। ਇਹਦੇ ਪਹਿਰੇ ਤੇ ਉਤੇ ਕ੍ਰੋਧ ਬੈਠਾ ਹੈ, 'ਰੋਹ ਰਖਵਾਲਾ'। ਤੇ ਇਹਦੇ ਜਿਹੜੇ ਦਰਵਾਜ਼ੇ ਦੇ ਪੱਟ ਨੇ, ਉਹ ਆਸਾ ਤੇ ਅੰਦੇਸਾ ਦੇ ਨੇ। ਉਸ ਤੋਂ ਅੱਗੇ ਕੀ ਹੈ? ਮਾਇਆ ਜਲ ਖਾਹੀ। ਐਨੀ ਡੂੰਘੀ ਹੈ, ਵਿਸ਼ਿਆਂ ਵਿਕਾਰਾਂ ਦੀ ਭਰੀ ਹੋਈ। ਭੋਗਾਂ ਦੀ ਭਰੀ ਹੋਈ। 'ਪਾਣੀ ਕਰਿ ਬਾਂਧਿਆ' ਵਿਸ਼ਿਆਂ ਵਿਕਾਰਾਂ ਦੇ ਪਾਣੀ ਰੂਪ, ਤ੍ਰਿਸ਼ਨਾ ਵਗੈਰਾ ਦੇ ਵਿਚ ਘਰ ਬੰਨ੍ਹਿਆ ਹੋਇਆ ਹੈ। 'ਸਤਿ ਕੈ ਆਸਨ ਪੁਰਖਿ ਰਹੇ।' ਇਨ੍ਹਾਂ ਤੋਂ ਨਿਰਲੇਪ ਅੰਦਰਲੇ ਪਾਸੇ ਵਾਹਿਗੁਰੂ ਰਹਿੰਦਾ ਹੈ। ਇਹਦੇ ਤੱਕ ਪਹੁੰਚੋ।

ਜਿੰਨਾ ਚਿਰ ਤੁਸੀਂ ਦੁਖ ਨੂੰ ਸੁੱਖ ਕਰਕੇ ਨਹੀਂ ਮੰਨਦੇ, ਓਨੀਂ ਦੇਰ ਤੱਕ ਦੁਖ ਨੂੰ ਦੁੱਖ ਕਹਿੰਦੇ ਓ, ਦੁੱਖ ਨਾਲ ਤੁਹਾਡਾ ਸਮਝੌਤਾ ਨਹੀਂ ਹੋ ਸਕਦਾ। 'ਸਗਲੇ ਦੂਖ ਪਾਣੀ ਕਰਿ ਪੀਵਾ।' ਜਦੋਂ ਬਿਰਤੀ ਐਸੀ ਆ ਜਾਏਗੀ ਫੇਰ -

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ॥ ਅੰਗ - 757*

ਜਦੋਂ ਤੱਕ ਤੁਸੀਂ ਇਸ ਗੱਲ ਨੂੰ ਮੰਨਦੇ ਨਹੀਂ ਓ, 'ਕੇਤਿਆ ਦੂਖਿ ਭੂਖ ਸਦ ਮਾਰ ਏਹ ਭੀ ਦਾਤ ਤੇਰੀ ਦਾਤਾਰ।' ਦੁੱਖ ਵੀ ਪ੍ਰਮੇਸ਼ਰ ਦੀ ਦਾਤ ਹੁੰਦੀ ਹੈ -

*ਦੂਖ ਦਾਰੂ ਸੁਖ ਰੋਗਿ ਭਇਆ ਜਾ ਸੁਖੁ ਤਾਮਿ ਨ ਹੋਈ॥*

ਦੁਨੀਆਂ ਦੇ ਅੰਦਰ ਸਾਰੇ ਲੋਕ, ਜੋ ਵੀ ਹਨ, ਸਾਰੇ ਚਾਹੇ ਜੀਵ ਨੇ, ਚਾਹੇ ਜੰਤੂ ਨੇ, ਚਾਹੇ ਮਨੁੱਖ ਨੇ, ਚਾਹੇ ਪਸ਼ੂ ਨੇ, ਚਾਹੇ ਪੰਛੀ ਨੇ, ਸਾਰੇ ਸੁੱਖ ਚਾਹੁੰਦੇ ਨੇ, ਦੁੱਖ ਕੋਈ ਨਹੀਂ ਚਾਹੁੰਦਾ। ਲੇਕਿਨ ਫੇਰ ਦੁੱਖ ਆ ਜਾਂਦਾ ਹੈ, ਬਿਨਾਂ ਮੰਗੇ ਹੀ ਆ ਜਾਂਦਾ ਹੈ।

ਇਕ ਵਾਰੀ ਦੁੱਖ ਨੂੰ ਕਿਸੇ ਨੇ ਸਵਾਲ ਕੀਤਾ ਕਿ ਤੂੰ ਬਿਨ ਬੁਲਾਇਆ ਮਹਿਮਾਨ ਹੈਂ। ਤੈਨੂੰ ਕੋਈ ਨਹੀਂ ਦੁਨੀਆਂ ਵਿਚ ਚਾਹੁੰਦਾ ਪਰ ਫੇਰ ਵੀ ਤੂੰ ਆ ਜਾਂਦਾ ਹੈਂ? ਬੜਾ ਢੀਠ ਹੈਂ। ਤੇਰਾ ਫਾਇਦਾ ਕੀ ਹੈ ਸੰਸਾਰ ਦੇ ਅੰਦਰ। ਸਭ ਚੀਜ਼ਾਂ ਦਾ ਫਾਇਦਾ ਹੈ, ਦੁਖ ਦਾ ਵੀ ਕੋਈ ਫਾਇਦਾ ਹੈ? ਉਹ ਕਹਿਣ ਲੱਗਾ ਪ੍ਰੇਮੀਆ! ਜੇ ਮੈਂ ਨਾ ਹੋਵਾਂ, ਸੁਖ ਹੋਵੇ ਹੀ ਨਾ। ਸੁੱਖ ਨੂੰ ਮੈਂ ਹੀ ਜਨਮ ਦਿੰਦਾ ਹਾਂ। ਕਿਸਾਨ ਖੇਤੀ ਕਰਦਾ ਹੈ, ਦਿਨ ਰਾਤ ਮਿਹਨਤ ਕਰਦਾ ਹੈ। ਧਾਨਾਂ ਦੇ ਖੇਤ ਨੇ, ਸੱਪ ਸਰਰ-ਸਰਰ ਕਰਦੇ ਫਿਰਦੇ ਨੇ, ਪਾਣੀ ਦਿਸਦਾ ਨਹੀਂ ਹੈ ਰਾਤਾਂ ਨੂੰ ਟੋਅ-ਟੋਅ ਕੇ ਪਾਣੀ ਲਾਉਂਦਾ ਹੈ, ਜਦੋਂ ਫਸਲ ਪੱਕ ਜਾਂਦੀ ਹੈ, ਧਾਨ ਆ ਜਾਂਦੇ ਨੇ, ਘਰ ਵਿਚ ਚੌਲ ਆ ਗਏ, ਪੈਸਾ ਫੇਰ ਜੇਬ ਵਿਚ ਪੈ ਜਾਂਦਾ ਹੈ, ਫੇਰ ਖੁਸ਼ੀਆਂ ਆ ਜਾਂਦੀਆਂ ਨੇ। ਜੇ ਉਹ ਨਾ ਦੁੱਖ ਕੱਟਦਾ,

ਫੇਰ ਉਹਦੇ ਕੋਲ ਫਸਲ ਕਿੱਥੋਂ ਆਉਂਦੀ। ਬੱਚਾ ਪੜ੍ਹਦਾ ਹੈ, ਸਭ ਸੌਂ ਜਾਂਦੇ ਨੇ, ਇਕੱਲਾ ਬੈਠਾ ਪੜ੍ਹੀ ਜਾਂਦਾ ਹੈ, ਇਮਤਿਹਾਨ ਦਿੰਦਾ ਹੈ, ਜਦੋਂ ਪਾਸ ਹੋ ਜਾਂਦਾ ਹੈ, ਵੱਡਾ ਆਫੀਸਰ ਲਗ ਜਾਂਦਾ ਹੈ, ਕਿਵੇਂ ਲਗ ਗਿਆ ਕਿਉਂਕਿ ਮੈਂ ਉਹਦਾ ਸਾਥ ਦੇ ਰਿਹਾ ਸੀ। ਬਾਕੀ ਸਭ ਸੁੱਤੇ ਪਏ ਰਹਿੰਦੇ ਸੀ, ਉਹਨੂੰ ਮੈਂ ਜਗਾ ਕੇ ਰਖਦਾ ਸੀ।

ਕਹਿਣ ਲੱਗਿਆ, ਜੇ ਮੈਂ ਨਾ ਹੋਵਾਂ ਨਾ ਕੋਈ ਸਾਧੂ ਹੋਵੇ, ਨਾ ਸੰਤ ਹੋਵੇ।

ਗੁਰੂ ਦਸਵੇਂ ਪਾਤਸ਼ਾਹ ਨੂੰ ਪੁਛਿਆ ਕਿ ਮਹਾਰਾਜ ਜੇ ਸਿੱਖ ਤੁਹਾਡਾ ਦਾਤਾਂ ਲੈ ਕੇ, ਬਖਸ਼ਿਸ਼ਾਂ ਲੈ ਕੇ ਫੇਰ ਭੁੱਲ ਜਾਵੇ। ਫੇਰ ਵੀ ਇਲਾਜ ਹੈ ਉਹਨੂੰ ਵਾਪਸ ਬੁਲਾਉਣ ਦਾ ਕੋਈ?

ਮਹਾਰਾਜ ਕਹਿੰਦੇ ਫੇਰ ਅਸੀਂ ਦੁੱਖ ਦੀ ਜੰਜੀਰ ਪਾਇਆ ਕਰਦੇ ਹਾਂ। ਹੱਥਕੜੀ ਭੇਜ ਦਿੰਦੇ ਹਾਂ ਦੁੱਖਾਂ ਦੀ, ਜਦੋਂ ਦੁੱਖ ਦੀ ਜੰਜੀਰ ਹੱਥ ਵਿਚ ਪੈ ਗਈ ਫੇਰ ਖਿੱਚ ਲੈਂਦੇ ਹੁੰਦੇ ਹਾਂ ਅਸੀਂ, ਇਹ ਉਹਨੂੰ ਸਾਡੇ ਵੱਲ ਲਿਆਉਣ ਵਾਸਤੇ ਦੁੱਖ ਸਾਡੀ ਹੱਥਕੜੀ ਹੈ।

ਸੋ ਦੁੱਖ ਨਾਲ ਜਦੋਂ ਸਮਝੌਤਾ ਕਰਦਾ ਹੈ, ਅੰਮ੍ਰਿਤ ਵੇਲੇ ਜਾਗਦਾ ਹੈ, ਬੰਦਗੀ ਕਰਦਾ ਹੈ, ਪਾਠ ਕਰਦਾ ਹੈ, ਸੇਵਾ ਕਰਦਾ ਹੈ। ਕਿੰਨਾ ਔਖਾ ਹੈ ਜੇਠ ਹਾੜ੍ਹ ਦੇ ਮਹੀਨੇ ਲੋਹ ਤਪਦੀ ਹੋਵੇ, ਪ੍ਰਸ਼ਾਦੇ ਬੀਬੀਆਂ ਲਾਹ ਰਹੀਆਂ ਹੋਣ, ਭਾਈ ਲਾਹ ਰਹੇ ਹੋਣ, ਸਬਜ਼ੀਆਂ ਬਣਾ ਰਹੇ ਹੋਣ। ਕਿੰਨਾ ਸੇਕ ਪੈ ਰਿਹਾ ਹੁੰਦਾ ਹੈ? ਲੇਕਿਨ ਉਹ ਜਿਹੜਾ ਦੁੱਖ ਹੈ ਸੁਖ ਨੂੰ ਜਨਮ ਦੇ ਰਿਹਾ ਹੁੰਦਾ ਹੈ। ਪ੍ਰਮੇਸ਼ਰ ਵਲ ਨੂੰ ਲਿਜਾ ਰਿਹਾ ਹੈ ਉਨ੍ਹਾਂ ਨੂੰ, ਪੈਰ ਪੈਰ ਤੇ ਵਿਘਨਾਂ ਦਾ ਨਾਸ਼ ਕਰ ਰਿਹਾ ਹੈ। ਸੋ ਦੁੱਖ ਦੇ ਨਾਲ ਸਮਝੌਤਾ ਕੀਤਾ ਹੋਇਆ ਹੈ, ਨਹੀਂ ਤਾਂ ਕੌਣ ਬਹਿੰਦਾ ਤਪਦੀਆਂ ਤਵੀਆਂ ਦੇ ਨੇੜੇ।

ਦੁੱਖ ਨਾਲ ਜਦੋਂ ਸਮਝੌਤਾ ਕਰ ਲੈਂਦਾ ਹੈ, ਦੁੱਖ ਨੂੰ ਚੰਗਾ ਸਮਝਣ ਲਗ ਜਾਂਦਾ ਹੈ -

***ਕੇਤਿਆ ਦੂਖ ਭੂਖ ਸਦ ਮਾਰ॥***
***ਏਹਿ ਭਿ ਦਾਤਿ ਤੇਰੀ ਦਾਤਾਰ॥*** ***ਅੰਗ - 5***

ਫੇਰ ਇਹ ਦਰਵਾਜ਼ੇ ਦੇ ਉਤੇ ਖੜ੍ਹਾ ਹੋ ਜਾਂਦਾ ਹੈ। ਦੁੱਖ ਇਹਨੂੰ ਨਠਾਉਂਦਾ ਨਹੀਂ ਹੈ ਕਿ ਇਹ ਤਾਂ ਮੈਨੂੰ ਚੰਗਾ ਸਮਝਦਾ ਹੈ। ਰਖਵਾਲਾ ਕਹਿੰਦੇ ਹੈਗਾ 'ਰੋਹ'। ਕ੍ਰੋਧ ਰਖਵਾਲਾ ਹੈ। ਕ੍ਰੋਧ ਅੰਨੇ ਕਰ ਦਿੰਦਾ ਹੈ ਅੱਖਾਂ ਵਾਲਿਆਂ ਨੂੰ। ਦਿਸਦਾ ਹੀ ਨਹੀਂ ਕੁਛ ਬੰਦੇ ਨੂੰ ਤੇ ਬੋਲਾ ਕਰ ਦਿੰਦਾ ਹੈ ਕੰਨਾਂ ਵਾਲੇ ਨੂੰ।

ਕ੍ਰੋਧ ਨਾਲ ਵੀ ਸਮਝੌਤਾ ਕਰਨਾ ਪੈਂਦਾ ਹੈ ਕਿ ਆਹ ਤਾਂ ਤੂੰ ਛੱਡ ਦੇ ਮੈਂ ਤੈਨੂੰ ਮਾਰਦਾ ਨਹੀਂ ਹਾਂ, ਮੇਰਾ ਤੂੰ ਸਾਥ ਦੇਹ। ਜਿਸ ਦਿਨ ਮੈਂ ਨਿਤਨੇਮ ਨਾ ਕਰਿਆ ਓਦਣ ਕ੍ਰੋਧ ਵਿਚ ਆਉਣੈ ਕਿ ਉਸ ਦਿਨ ਪ੍ਰਸ਼ਾਦਾ ਨਹੀਂ ਛਕਣਾ। ਅੱਜ ਮੈਂ ਨਿਤਨੇਮ ਨਹੀਂ ਕਰਿਆ, ਅੱਜ ਮੈਂ ਮਨ ਨੂੰ ਸਜ਼ਾ ਦੇਣੀ ਹੈ। ਐਸਾ ਕ੍ਰੋਧ ਤੇਰੀ ਹਸਤੀ ਨਹੀਂ ਮਿਟਾਉਂਦਾ ਤੈਨੂੰ ਸਹੀ ਪਾਸੇ ਲਾਉਂਦਾ ਹੈ।

ਇਕ ਮਹਾਤਮਾ ਕਿਸੇ ਪ੍ਰੇਮੀ ਦੇ ਘਰ ਠਹਿਰੇ ਹੋਏ ਨੇ, ਸਰਦੀ ਦਾ ਮਹੀਨਾ ਹੈ, ਰਾਤ ਨੂੰ ਉਹਨੇ ਦੇਖਿਆ ਕਿ ਇਹ ਸੌਂਦੇ ਤਾਂ ਘੱਟ ਹੀ ਨੇ, ਫਟਾ-ਫਟ ਉਠ ਕੇ ਬਹਿ ਜਾਂਦੇ ਨੇ, ਨਾਂਹ ਲੈਂਦੇ ਨੇ, ਤੇ ਮਨ ਵਿਚ ਆਇਆ ਕਿ ਇਨ੍ਹਾਂ ਨੂੰ ਪਾਲਾ ਲਗਦਾ ਰਹਿੰਦਾ ਹੈ, ਤਾਂ ਉਠਦੇ ਨੇ। ਉਹਨੇ ਇਕ ਵਧੀਆ ਰੇਸ਼ਮ ਦੀ ਰਜਾਈ ਬਣਾ ਕੇ ਸੰਤਾਂ ਨੂੰ ਲਿਆ ਕੇ ਦੇ ਦਿਤੀ। ਕਹਿਣ ਲੱਗਾ, ਲਓ ਮਹਾਰਾਜ! ਤੁਸੀਂ ਅੱਜ ਏਸ ਰਜਾਈ ਵਿਚ ਪੈਣਾ। ਮਹਾਤਮਾ ਰਜਾਈ ਵਿਚ ਪੈ ਗਏ, ਹੁਣ ਰਜਾਈ ਦਾ ਨਿੱਘ ਆ ਗਿਆ, ਉਠਣ ਨੂੰ ਜੀਅ ਨਾ ਕਰਿਆ, ਦਿਨ ਚੜ੍ਹ ਗਿਆ। ਮਹਾਤਮਾ ਨੇ ਮਨ ਨਾਲ ਲੜਨਾ ਸ਼ੁਰੂ ਕਰ ਦਿਤਾ, ਕ੍ਰੋਧ ਆ ਗਿਆ ਉਨ੍ਹਾਂ ਨੂੰ ਹੱਦ ਤੋਂ ਜ਼ਿਆਦਾ, ਕਹਿੰਦੇ ਅੱਜ ਤੈਨੂੰ ਮੈਂ ਸਜ਼ਾ ਦੇ ਕੇ ਛੱਡੂ। ਕਹਿਣ ਲੱਗਿਆ, ਪ੍ਰੇਮੀਆ! ਨਾਹੁੰਣ ਨੂੰ ਕੋਈ ਥਾਉਂ ਹੈ? ਕਹਿਣ ਲੱਗੇ, ਮਹਾਰਾਜ ਆਹ ਹੈ ਤਾਂ ਪਾਣੀ। ਕਹਿਣ ਲੱਗੇ, ਖੁਲ੍ਹਾ ਪਾਣੀ ਚਾਹੀਦਾ ਹੈ। ਜਿਹਦੇ ਵਿਚ ਮੈਂ ਬਹਿ ਸਕਾਂ।

ਕਹਿੰਦਾ ਜੀ, ਓਹ ਤਾਂ ਆਹ ਟੋਭਾ ਹੀ ਹੈ। ਹੈ ਤਾਂ ਸੁੱਚਾ ਪਰ ਹੈ ਟੋਭਾ। ਕੰਡਾ ਪੱਕਾ ਹੈ ਉਰਲਾ। ਕਹਿੰਦੇ, ਚਲ, ਉਥੇ ਚੱਲੀਏ।

ਰਜਾਈ ਲੈ ਕੇ ਚਲੇ ਗਏ ਤੇ ਪਾਣੀ ਵਿਚ ਵੜ ਗਏ ਰਜਾਈ ਸਮੇਤ। ਉਹ ਪ੍ਰੇਮੀ ਕਹਿਣ ਲੱਗਿਆ, ਮਹਾਰਾਜ! ਰਜਾਈ ਮੈਨੂੰ ਫੜਾ ਦਿਓ। ਕਹਿੰਦੇ, ਰਜਾਈ ਦਾ ਹੀ ਤਾਂ ਸਾਰਾ ਝਗੜਾ ਹੈ। ਪਾਣੀ 'ਚ ਬਹਿ ਗਏ, ਸਣੇ ਰਜਾਈ, ਨਾਲੇ ਕਹੀ ਜਾਏ ਹੁਣ ਦੱਸ? ਕਹਿੰਦੇ, ਤੈਨੂੰ ਸਿਆਲ-ਸਿਆਲ ਨਾ ਸਜ਼ਾ ਦਿਤੀ ਤਾਂ ਕਹੀਂ। ਕ੍ਰੋਧ ਕਰਿਆ ਉਸ ਨੇ ਜ਼ਬਰਦਸਤ, ਕਰਿਆ ਕਿਸ ਉਪਰ, ਮਨ ਉਪਰ। ਸਾਰਾ ਸਿਆਲ ਠੁਰ-ਠੁਰ ਕਰਦਾ ਰਿਹਾ ਕਰੇ, ਨਾਲੇ ਦੰਦ ਵੱਜਿਆ ਕਰਨ, ਨਾਲ ਕਹੇ ਆ ਗਿਆ ਸੁਆਦ ਫੇਰ ਰਜਾਈ ਦਾ। ਰਜਾਈ ਰਾਤ ਨੂੰ ਗਿੱਲੀ ਤੇ ਦਿਨੇ ਵੀ ਗਿੱਲੀ, ਲੈ ਕੇ ਰੱਖਣੀ।

ਸੋ ਕ੍ਰੋਧ ਨੂੰ ਕਹੋ ਕਿ ਮੈਂ ਤੈਨੂੰ ਮਾਰਦਾ ਨਹੀਂ ਹਾਂ, ਮੈਂ ਤੇਰਾ ਸਾਥੀ ਹੋ ਜਾਵਾਂਗਾ। ਸੋ ਮਾੜਾ ਕੰਮ ਕਰਿਆ ਆਪੇ ਹੀ ਸਜ਼ਾ ਦੇ ਦਿੰਦੇ ਹਾਂ ਆਪਣੇ ਆਪ ਨੂੰ। ਐਸਾ ਕ੍ਰੋਧ

ਜਿਹੜਾ ਹੈ ਉਹ ਕੰਮ ਦਿੰਦਾ ਹੈ, ਉਹ ਦਰਵਾਜ਼ਾ ਖੋਲ੍ਹ ਦਿੰਦਾ ਹੈ। ਜਦੋਂ ਰਖਵਾਲਾ ਹੀ ਆਪਣਾ ਬਣ ਗਿਆ, ਫੇਰ ਜਿਹੜੇ ਦੋ ਦਰਵਾਜ਼ੇ ਜਿਹੜੇ ਨੇ, ਉਨ੍ਹਾਂ ਦੇ ਨੇੜੇ ਆ ਗਿਆ। 'ਆਸ ਅੰਦੇਸਾ ਦੋਇ ਪਟ ਜੜੇ'। ਆਸਾਵਾਂ ਜਿਨ੍ਹਾਂ ਨੂੰ ਵਾਸ਼ਨਾਵਾਂ ਕਹਿੰਦੇ ਨੇ, ਅੰਦੇਸਾ ਹੁੰਦਾ ਹੈ ਫਿਕਰ। ਕਿ ਆਹ ਐਉਂ ਨਾ ਹੋ ਜਾਵੇ, ਐਉਂ ਨਾ ਹੋ ਜਾਵੇ। ਇਹਦੇ ਨਾਲ ਕੀ ਹੁੰਦਾ ਹੈ, ਆਦਮੀ ਹੁਕਮ ਦੇ ਵਿਚ ਨਹੀਂ ਚਲ ਸਕਦਾ। ਅੰਦੇਸੇ ਵਿਚ ਪੈ ਕੇ। ਆਸਾ ਵੀ ਹੁਕਮ ਤੋਂ ਬਾਹਰ ਰਖਦਾ ਹੈ, ਅੰਦੇਸਾ ਵੀ ਹੁਕਮ ਤੋਂ ਬਾਹਰ ਰਖਦਾ ਹੈ। ਆਦਮੀ ਦਾ ਦਿਮਾਗ ਕੰਮ ਕਰਦਾ ਹੈ ਕਿ ਜੇ ਮੈਂ ਐਉਂ ਕਰ ਲਿਆ ਤਾਂ ਆਹ ਹੋ ਜਾਏਗਾ। ਮੈਂ ਕਰਿਆ ਇਹ ਕੰਮ, ਮੈਂ ਫਲਾਣਾ ਬੰਦਾ ਠੀਕ ਕਰਿਆ। ਫਲਾਣੀ ਗੱਲ ਮੈਂ ਕਰੀ ਹੈ, ਮਹਾਰਾਜ ਕਹਿੰਦੇ, ਤੂੰ ਕੀ ਕਰ ਸਕਦਾ ਹੈਂ ਭਾਈ। 'ਇਸ ਕੇ ਹਾਥ ਹੋਇ ਤਾ ਸਭ ਕੁਛ ਲੇਇ।'

ਇਹ ਤਾਂ ਪ੍ਰਮੇਸ਼ਰ ਦਾ ਹੁਕਮ ਚੱਲ ਰਿਹਾ ਹੈ। 'ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ।' ਸਭ ਕੁੱਛ ਪ੍ਰਮੇਸ਼ਰ ਦੇ ਪ੍ਰਬੰਧ ਵਿਚ ਹੋ ਰਿਹਾ ਹੈ। ਤੂੰ ਆਸਾ ਤੇ ਅੰਦੇਸਾ ਕਿਹੜੀ ਗੱਲ ਦਾ ਕਰਦਾ ਹੈਂ? ਜਿੰਨਾ ਚਿਰ ਹੁਕਮ ਨਹੀਂ ਬੁੱਝਦਾ, ਓਨੀਂ ਦੇਰ ਤੱਕ ਆਸਾ ਤੇ ਅੰਦੇਸਾ ਨੂੰ ਪਾਰ ਨਹੀਂ ਕਰ ਸਕਦਾ। ਆਸਾਵਾਂ ਬਣੀਆਂ ਰਹਿਣਗੀਆਂ ਪਰ ਅਸਲੀ ਗੱਲ ਹੁਕਮ ਦੀ ਹੈ।

ਮਹਾਰਾਜ ਕਹਿੰਦੇ, ਸਾਰੇ ਸੰਸਾਰ ਤੇ ਪ੍ਰਮੇਸ਼ਰ ਦਾ ਹੁਕਮ ਚਲ ਰਿਹਾ ਹੈ। ਇਸ ਦੀਆਂ ਆਸਾ, ਅੰਦੇਸੇ ਤੇ ਸਾਰੇ ਡਰ ਫਜ਼ੂਲ ਨੇ। ਜਦੋਂ ਹੁਕਮ ਵਿਚ ਆ ਜਾਏਗਾ, ਫੇਰ ਇਹ ਦਰਵਾਜ਼ੇ ਦੋਵੇਂ ਖੁਲ੍ਹ ਜਾਣਗੇ, ਆਸਾ ਤੇ ਅੰਦੇਸਾ ਦੇ।

ਹੁਣ ਅੱਗੇ ਕੀ ਰਹਿ ਗਿਆ, "ਮਾਇਆ ਜਲ ਖਾਹੀ ਪਾਨੀ ਕਰਿ ਬਾਂਧਿਆ" ਵਿਸ਼ੇ ਵਿਕਾਰਾਂ ਦੀ ਖਾਹੀ ਆ ਗਈ, ਬੜੀ ਔਖੀ ਹੈ ਵਿਸ਼ੇ ਵਿਕਾਰਾਂ ਦੀ ਖਾਹੀ ਤਰਨੀ। ਸਭ ਕੁੱਛ ਜਾਣਦੇ ਹਾਂ ਅਸੀਂ ਕਿ ਮਾੜੀਆਂ ਚੀਜ਼ਾਂ ਦਾ ਅਸਰ ਮਾੜਾ ਹੁੰਦਾ ਹੈ। ਲੇਕਿਨ ਫੇਰ ਵੀ -

***ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥***
***ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥***

***ਅੰਗ - 1376***

ਪਰ ਜਾਣ ਬੁੱਝ ਕੇ ਖੂਹ ਵਿਚ ਗਿਰਦਾ ਹੈ। ਜਾਣਦਾ ਸਭ ਕੁੱਛ ਹੈ ਸ਼ਰਾਬ ਪੀਣ ਵਾਲਾ ਕਿ ਮੇਰਾ ਸਰੀਰ ਖਰਾਬ ਹੋ ਜਾਏਗਾ। ਮੈਨੂੰ ਗਾਲ੍ਹਾਂ ਪੈਂਦੀਆਂ ਨੇ, ਬੱਚੇ ਮੈਨੂੰ ਚੰਗਾ ਨਹੀਂ ਸਮਝਦੇ, ਮੇਰੀ ਇਜ਼ਤ ਦਿਨੋ ਦਿਨ ਘਟਦੀ ਜਾਂਦੀ ਹੈ, ਬੁਢਾਪੇ 'ਚ ਜਾ ਕੇ ਮੇਰੇ ਸੈਲਾਂ 'ਚ ਸ਼ਰਾਬ ਪੈ ਜਾਣੀ ਹੈ, ਮੇਰੇ ਹੱਥ ਪੈਰ ਵੀ ਕੰਬਣਗੇ, ਸਰੀਰ ਦੇ ਵਿਚ ਨੁਕਸ ਪੈ ਜਾਏਗਾ। ਜੇ ਕਿਤੇ ਇਹਦਾ ਬੀਜ ਅੰਦਰ ਰਹਿ ਗਿਆ, ਮੈਨੂੰ ਕੈਂਸਰ ਵੀ ਹੋ ਸਕਦਾ ਤੇ ਮੈਂ ਰੜਾਅ-ਰੜਾਅ ਕੇ ਜਾਨ ਦੇਵਾਂਗਾ। ਸਭ ਜਾਣਦਾ ਹੈ, ਲੇਕਿਨ ਜਦੋਂ ਬੋਤਲ ਸਾਮ੍ਹਣੇ ਆ ਜਾਂਦੀ ਹੈ ਫੇਰ ਕਹਿੰਦਾ ਹੈ ਮੈਨੂੰ ਕੁਛ ਨਹੀਂ ਪਤਾ।

ਇਕ ਦਿਨ ਪੀ ਲਈ ਤਾਂ ਸਜ਼ਾ ਦੇ ਦੇ ਮਨ ਨੂੰ ਕਿ ਮੈਂ ਚਾਰ ਦਿਨ ਰੋਟੀ ਨਹੀਂ ਖਾਣੀ, ਦੇਖ ਫੇਰ ਦੂਜੀ ਵਾਰੀ ਪੀਂਦਾ ਹੈਂ ਕਿ ਨਹੀਂ। ਕਰ ਲੈ, ਕਿ ਮੈਂ ਪੁੱਠਾ ਲਟਕ ਜਾਣਾ ਹੈ। ਦੋ ਘੰਟੇ ਤੈਨੂੰ ਪੁੱਠਾ ਲਟਕ ਕੇ ਸਜ਼ਾ ਦੇਵਾਂਗਾ। ਫੇਰ ਦੇਖ ਤਾਂ ਦੁਬਾਰਾ ਪੀ ਲਏਂਗਾ ਜਾਂ ਨਹੀਂ ਪੀਵੇਂਗਾ। ਸਜ਼ਾ ਦੇ ਕੇ ਤਾਂ ਦੇਖ ਆਪਣੇ ਆਪ ਨੂੰ।

ਸੋ ਇਹ ਵਿਸ਼ੇ ਵਿਕਾਰਾਂ ਦੀ ਖਾਹੀ ਤਰਨੀ ਬਹੁਤ ਔਖੀ ਹੈ। ਜਦੋਂ ਤਕ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ, 'ਪਾਨੀ ਕਰਿ ਬਾਂਧਿਆ' ਵਾਸ਼ਨਾਵਾਂ ਦਾ ਪਾਣੀ। ਉਹਨੂੰ ਤਰਨਾ ਔਖਾ ਹੈ, ਜੇ ਇਹਨੂੰ ਤਰ ਜਾਵੇ, 'ਸਤਿ ਕੇ ਆਸਣ ਪੁਰਖ ਰਹੇ' ਫੇਰ ਸਤਿ ਕੇ ਆਸਣ ਵਾਹਿਗੁਰੂ ਦਾ ਨਿਵਾਸ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਭਾਈ! ਨਾਮ ਜਪਿਆ ਕਰੋ। ਕਹਿਣ ਲੱਗੇ, ਮਹਾਰਾਜ ਨਾਮ ਤਾਂ ਬੇਅੰਤ ਨੇ?

ਕਹਿੰਦੇ, ਨਾਮ ਤਾਂ ਠੀਕ ਹੈ ਸਾਰੇ ਪ੍ਰਮੇਸ਼ਰ ਦੇ ਨੇ। ਲੇਕਿਨ ਰੌਲਾ ਨਹੀਂ ਪਾਉਣਾ ਕਿ ਮੈਂ ਐਨਾ ਭਜਨ ਕਰਦਾ ਹਾਂ, ਮੈਂ ਐਨਾ ਪਾਠ ਕਰਦਾ ਹਾਂ, ਮੈਂ 25 ਪਾਠ ਜਪੁਜੀ ਸਾਹਿਬ ਦੇ ਰੋਜ਼ ਕਰਦਾ ਹਾਂ, ਮੈਂ 100 ਰੋਜ਼ ਕਰਦਾਂ। ਕਹਿੰਦੇ, ਨਾ ਪ੍ਰੇਮੀਆ! ਜੇ ਕੁਛ ਲੱਭ ਗਿਆ, ਉਚਾ ਨਹੀਂ ਕਹਿਣਾ ਮਨ ਮਹਿ ਰਹਿਣਾ, ਆਪੇ ਜਾਣੇ ਆਪ।'

ਜਿੰਨਾ ਚਿਰ ਆਸਾ ਤੇ ਅੰਦੇਸਾ ਦੇ ਵਿਚ ਹੈ, ਕਿਵੇਂ ਕਹਿ ਸਕਦਾ ਹੈ ਕਿ ਵਾਹਿਗੁਰੂ ਇੱਕੋ ਹੀ ਹੈ ਸਾਰੇ। ਜਦੋਂ ਆਸਾਵਾਂ ਛੱਡ ਕੇ ਹੁਕਮ ਵਿਚ ਆ ਜਾਏਗਾ, ਉਸ ਵੇਲੇ ਵਾਹਿਗੁਰੂ ਦਾ ਮਿਲਾਪ ਹੋਏਗਾ।

ਗੋਰਖਨਾਥ ਨੇ ਪੁਛਿਆ, ਹੇ ਗੁਰੂ ਨਾਨਕ! ਇਹ ਦੁਨੀਆਂ ਦਾ ਜਿਹੜੀ ਦੁਨੀਆਂ ਦੇ ਵਿਚ ਝੂਠ ਦੀ ਕੰਧ ਬਣੀ ਹੋਈ ਹੈ ਇਹ ਕਿਵੇਂ ਢਹੇ? 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ?" ਕਿਵੇਂ ਸੱਚ ਦੇ ਨਾਲ ਮਿਲ ਕੇ ਸਚਿਆਰ ਹੋਈਏ, ਕਿਵੇਂ ਇਹ ਝੂਠ ਦੀ ਜਿਹੜੀ ਕੰਧ ਬਣੀ ਹੋਈ ਹੈ, ਇਹ ਟੁਟਦੀ ਕਿਵੇਂ ਹੈ?

ਮਹਾਰਾਜ ਕਹਿਣ ਲੱਗੇ, ਇਹਦਾ ਇਲਾਜ ਇਕੋ ਹੀ ਹੈ?

***ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***

***ਅੰਗ - 1***

ਕਹਿਣ ਲੱਗੇ, ਗੋਰਖਨਾਥ! ਇਹ ਸਾਰਾ ਸੰਸਾਰ ਹੁਕਮ ਵਿਚ ਚਲ ਰਿਹਾ ਹੈ। ਇਹਦੇ ਨਾਲ ਸੁਰ ਰਲਾ ਦੇ, ਫੇਰ

ਹਉਮੈ ਦੀ ਕੰਧ ਟੁੱਟ ਜਾਂਦੀ ਹੈ ਤੇ ਸਚਿਆਰੇ ਹੋ ਜਾਈਦਾ ਹੈ।

ਸੋ ਇਸ ਤਰ੍ਹਾਂ ਨਾਲ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਕੰਮ ਕਰੇ ਸਾਰੇ, ਜਿੰਨੇ ਵੀ ਕਰ ਸਕਦਾ ਹੈ। ਲੇਕਿਨ ਆਸਾ ਦੇ ਵਿਚ ਨਿਰਾਸਾ ਰਹੇ, ਜੋ ਕੁਛ ਹੋਣਾ ਹੈ ਹੋ ਜਾਣਾ ਹੈ, ਓਹੀ ਪ੍ਰਵਾਨ ਹੈ।

***ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ॥***
***ਇਨ ਬਿਧਿ ਸਾਗਰੁ ਤਰੀਐ॥ ਜੀਵਤਿਆ ਇਉ ਮਰੀਐ॥***
***ਅੰਗ - 877***

ਕਹਿੰਦੇ ਇਸ ਤਰ੍ਹਾਂ ਵਾਹਿਗੁਰੂ ਨੂੰ ਮਿਲੀਦਾ ਹੈ, ਆਹ ਗੱਲਾਂ ਜਿਹੜੀਆਂ ਅਸੀਂ ਤੁਹਾਨੂੰ ਦੱਸੀਆਂ ਨੇ ਇਨ੍ਹਾਂ ਦੇ ਨਾਲ ਫੇਰ ਸਾਗਰ ਤਰਿਆ ਜਾਂਦਾ ਹੈ। ਫੇਰ ਜੀਉਂਦੇ ਐਉਂ ਮਰ ਹੋਇਆ ਕਰਦਾ ਹੈ।

ਉਸ ਵੇਲੇ ਬੇਨਤੀ ਕੀਤੀ ਪਾਤਸ਼ਾਹ! ਆਪ ਨੇ ਬਹੁਤ ਵੱਡਾ ਉਪਦੇਸ਼ ਦਿਤਾ। ਪਰ ਸਾਡੇ ਵਿਚ ਤਾਕਤ ਨਹੀਂ, ਕੋਈ ਤਰੀਕਾ ਹੋਰ ਦੱਸੋ, ਸੁਖਾਲਾ ਜਿਹੜੇ ਤੁਹਾਡੇ ਬਚਨ ਨੇ ਇਨ੍ਹਾਂ ਨੂੰ ਕਮਾਉਣ ਜੋਗੀ ਤਾਕਤ ਹਾਸਲ ਕਰੀਏ। ਕਿਉਂਕਿ ਸਾਡੇ ਤਾਕਤ ਨਹੀਂ ਹੈ ਕਿ ਅਸੀਂ ਸਮਝ ਲਈਏ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ।

ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, ਪ੍ਰੇਮੀਓ! ਤੁਸੀਂ ਤਪ ਕਰਿਆ ਕਰੋ। ਬੇੜਾ ਬੰਨੋ ਜਪ ਤਪ ਦਾ।

ਕਹਿੰਦੇ ਇਹਦੇ ਨਾਲ ਬਹੁਤ ਛੇਤੀ ਲੰਘ ਜਾਂਦਾ ਹੈ। ਨਾ ਛੱਲਾਂ ਦਿੰਦੇ ਸਰੋਵਰ ਦਾ ਵਾਹ ਪੈਂਦਾ ਹੈ ਤੇ ਨਾ ਕੋਈ ਮਾਇਆ ਦੇ ਉਛਾਰਿਆਂ ਦਾ ਕਤਰਾ ਆਉਣਾ ਹੈ। ਐਹੋ ਜਿਹਾ ਸੁਖਾਲਾ ਰਸਤਾ ਤੁਹਾਨੂੰ ਦੱਸ ਦਿਤਾ।

ਕਹਿੰਦੇ, ਸੱਚੇ ਪਾਤਸ਼ਾਹ! ਤਪ ਤਾਂ ਅਸੀਂ ਕਰਦੇ ਰਹੇ ਹਾਂ ਬਹੁਤ। ਧੁੱਪੇ ਬੈਠ-ਬੈਠ ਕੇ ਨਾਮ ਜਪਿਆ ਹੈ, ਪਾਲੇ ਦੇ ਵਿਚ ਬੈਠ-ਬੈਠ ਕੇ ਨਾਮ ਜਪਿਆ ਹੈ। ਨਾਮ ਤਾਂ ਨਹੀਂ ਜਪਿਆ, ਮੰਤਰ ਦਾ ਜਾਪ ਕਰਦੇ ਰਹੇ ਹਾਂ। ਪਰ ਮਹਾਰਾਜ ਸਾਨੂੰ ਕੋਈ ਫਰਕ ਨਹੀਂ ਪਿਆ। ਮਹਾਰਾਜ ਕਹਿੰਦੇ, ਦੇਖੋ, ਪ੍ਰੇਮੀਓ! ਤੁਸੀਂ ਰਾਜਸੀ ਤੇ ਸਾਂਤਕੀ ਤਪ ਕਰਿਆ ਕਰੋ।

ਕਹਿੰਦੇ, ਸੱਚੇ ਪਾਤਸ਼ਾਹ! ਸਾਨੂੰ ਤਾਂ ਭੇਤ ਹੀ ਨਹੀਂ ਹੈ ਕਿ ਸਾਂਤਕੀ ਤਪ ਕੀ ਹੁੰਦਾ ਹੈ ਤੇ ਰਾਜਸੀ ਕੀ ਹੁੰਦਾ ਹੈ। ਕ੍ਰਿਪਾ ਕਰੋ, ਆਪ ਜੀ ਹੀ ਇਕ ਗੱਲ ਤੇ ਪ੍ਰਕਾਸ਼ ਪਾਓ ਤਾਂ ਕਿ ਸਾਨੂੰ ਰਾਹ ਲੱਭ ਜਾਵੇ।

ਉਸ ਵੇਲੇ ਮਹਾਰਾਜ ਕਹਿਣ ਲੱਗੇ, ਦੇਖੋ! ਸੰਸਾਰ ਦੇ ਅੰਦਰ ਲੋਕ ਮਾਨਤਾ ਚਾਹੁੰਦੇ ਨੇ, ਹਰ ਬੰਦੇ ਦੇ ਮਨ ਵਿਚ ਖਿਆਲ ਆਉਂਦਾ ਹੈ, ਮੈਨੂੰ ਸੰਸਾਰ ਮੰਨਣ ਲਗ ਜਾਵੇ, ਮੇਰੀ ਵਾਹਵਾ-ਵਾਹਵਾ ਹੋਵੇ, ਉਹਦੇ ਵਾਸਤੇ ਬੜੇ ਦਿਖਾਵੇ ਕਰਦਾ ਹੈ, ਬੜੇ ਔਖੇ ਕੰਮ ਕਰਦਾ ਹੈ, ਧੂਣੀਆਂ ਤਾਪਦਾ ਹੈ, ਚਾਰ ਧੂਣੀਆਂ ਲਾਈਆਂ ਹੋਈਆਂ ਨੇ, ਧਰਤੀ ਤਪ ਰਹੀ ਹੈ, ਉਤੋਂ ਸੂਰਜ ਤਪ ਰਿਹਾ ਹੈ, ਬਾਹਰ ਬੈਠਾ ਹੈ, ਲਹੂ ਸੁੱਕ ਰਿਹਾ ਹੈ ਸਾਰਾ, ਸਰੀਰ ਸੁੱਕ ਕੇ ਪਿੰਜਰ ਬਣ ਰਿਹਾ ਹੈ। ਇਹ ਭਾਈ! ਤਾਮਸੀ ਤਪ ਹੈ।

ਦੂਸਰਾ ਹੁੰਦਾ ਹੈ, ਜਲ ਧਾਰੇ। ਬਹਿ ਜਾਣਾ ਪੋਹ ਦੇ ਮਹੀਨੇ ਤੇ ਉਪਰ ਇਕ ਚਾਟੀ ਰੱਖ ਲੈਣੀ ਘੋੜੀ ਬਣਾ ਕੇ, ਉਹਦੇ ਵਿਚ 100 ਘੜਾ ਰਾਤ ਦਾ ਠਰਿਆ ਹੋਇਆ ਪਾਈ ਜਾਣਾ, ਅੰਗੂਠੇ ਜਿੰਨੀ ਗਲੀ ਕਰਕੇ ਸਿਰ ਵਿਚ ਪਾਣੀ ਦੀ ਧਾਰ ਪਈ ਜਾਣੀ, ਤਾਂ ਸੁੰਨ ਹੋ ਜਾਂਦਾ ਹੈ ਬੰਦਾ, ਉਸ ਤੋਂ ਬਾਅਦ ਉਹਨੂੰ ਚੁੱਕ ਲੈਂਦੇ ਨੇ। ਇਹਦੇ ਨਾਲ ਸ਼ਕਤੀਆਂ ਤਾਂ ਆ ਜਾਂਦੀਆਂ ਨੇ, ਰਿੱਧੀਆਂ ਸਿੱਧੀਆਂ, ਪਰ ਇਹਦੇ ਵਿਚ ਆਦਮੀ ਫਸ ਕੇ ਰਹਿ ਜਾਂਦਾ ਹੈ, ਅੱਗੇ ਰੱਬ ਵਲ ਨਹੀਂ ਜਾਂਦਾ। ਬੱਸ ਲੋਕਾਂ ਦੀ ਵਾਹਵਾ-ਵਾਹਵਾ ਮਿਲ ਜਾਂਦੀ ਹੈ।

ਕਈ ਨੇ ਪੁੱਠਾ ਲਟਕ ਪੈਂਦੇ ਨੇ। ਦੋ-ਦੋ ਮਹੀਨੇ ਪੁੱਠਾ ਲਟਕ ਕੇ ਰਹਿੰਦੇ ਨੇ, ਰਾਤ ਨੂੰ ਲਾਹ ਦਿੰਦੇ ਨੇ, ਦਿਨ ਵਿਚ ਫੇਰ ਲਟਕਾ ਦਿੰਦੇ ਨੇ। ਕਈ ਉਪਰ ਨੂੰ ਬਾਹਵਾਂ ਕਰ ਲੈਂਦੇ ਨੇ, ਕਈ ਇਕ ਪੈਰ ਦੇ ਭਾਰ ਖੜ੍ਹੇ ਰਹਿੰਦੇ ਨੇ। ਕਈ ਕੰਦ-ਮੂਲ ਹੀ ਖਾਂਦੇ ਨੇ, ਅੰਨ੍ਹ ਨੂੰ ਮੂੰਹ ਨਹੀਂ ਲਾਉਂਦੇ। ਕਈ ਭ੍ਰਮਣ ਕਰਦੇ ਨੇ, ਸਾਰੇ ਭਾਰਤ ਵਰਸ਼ ਦਾ। ਕਈ ਚੰਦਰਾਇਣੀ ਵਰਤ ਰਖਦੇ ਨੇ, ਚੰਦ ਦੇ ਨਾਲ ਖਾਣਾ ਘਟਾਉਂਦੇ ਜਾਂਦੇ ਨੇ। ਪਹਿਲੇ ਇਕ ਬੁਰਕੀ ਘਟਾਉਂਦੇ ਨੇ, ਦੋ ਨੂੰ ਦੋ, ਤਿੰਨ ਨੂੰ ਤਿੰਨ ਬੁਰਕੀਆਂ, ਇਸ ਤਰ੍ਹਾਂ ਕਰਦੇ-ਕਰਦੇ 15ਵੇਂ ਦਿਨ ਥੱਲੇ ਚਲੇ ਜਾਂਦੇ ਨੇ, ਫੇਰ ਇਕ-ਇਕ ਦਿਨ ਵਧਾਉਣ ਲਗ ਜਾਂਦੇ ਨੇ। ਇਸ ਨੂੰ ਚੰਦਰਾਇਣ ਵਰਤ ਕਹਿੰਦੇ ਨੇ। ਇਸੇ ਤਰ੍ਹਾਂ ਨਾਲ ਹੋਰ ਅਨੇਕਾਂ ਸਾਧਨ ਕਰਦੇ ਨੇ।

ਮਹਾਰਾਜ ਕਹਿੰਦੇ, ਦੇਖੋ ਪ੍ਰੇਮੀਓ! ਇਨ੍ਹਾਂ ਦੀ ਖੇਚਲ ਤਾਂ ਹੈਗੀ ਬਹੁਤੀ, ਪਰ ਫਲ ਬਿਲਕੁਲ ਹੀ ਥੋੜ੍ਹਾ ਹੈ ਤੇ ਕਈਆਂ ਨੂੰ ਇਹ ਵਹਿਮ ਹੁੰਦਾ ਹੈ ਕਿ ਤੀਰਥ ਦੇ ਕੰਢੇ ਜਾ ਕੇ ਵਸ ਜਾਈਏ ਤੇ ਉਹਦਾ ਹੀ ਪਾਣੀ ਪੀਈਏ ਤੇ ਓਹਦਾ ਹੀ ਇਸ਼ਨਾਨ ਕਰੀਏ। ਇਹਦੇ ਨਾਲ ਤਾਂ ਭਾਈ! ਗੱਲ ਨਹੀਂ ਬਣਦੀ।

ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਇਸ ਤਰ੍ਹਾਂ ਦੇ ਨਾਲ ਸੰਸਾਰ ਭੁੱਲ-ਭਲਾਈਆਂ 'ਚ ਪੈ ਕੇ ਤਾਮਸੀ ਤਪ ਕਰ ਰਿਹਾ ਹੈ, ਗਲਤ ਧਾਰਨਾਵਾਂ ਨੇ ਤੇ ਨਾਮ ਤੋਂ ਬਗੈਰ ਕੋਈ ਗੱਲ ਬਣਿਆ ਨਹੀਂ ਕਰਦੀ। ਬਾਕੀ ਇਹ ਜਿਹੜਾ ਜਪ ਤਪ ਇਹਦੀ ਵੀ ਜੁਗਤ ਹੁੰਦੀ ਹੈ, ਜੇ ਜੁਗਤ ਨਾ ਆਵੇ,

ਓਨੀ ਦੇਰ ਤਕ ਇਹ ਫਲ ਨਹੀਂ ਦਿਆ ਕਰਦੇ।

ਜੇ ਅੰਦਰ ਨਾਮ ਨਹੀਂ ਵਸਿਆ ਇਹ ਵੀ ਫਲ ਨਹੀਂ ਦਿਆ ਕਰਦਾ।

***ਕਿਆ ਜਪੁ ਕਿਆ ਤਪੁ ਸੰਜਮੋ***
***ਕਿਆ ਬਰਤੁ ਕਿਆ ਇਸਨਾਨੁ॥***
***ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ॥***
***ਅੰਗ – 337***

ਜੁਗਤੀ ਜਾਨਣ ਦੀ ਜ਼ਰੂਰਤ ਹੋਇਆ ਕਰਦੀ ਹੈ। ਸੋ ਨਾਮ ਤੋਂ ਬਗੈਰ ਕੋਈ ਚੀਜ਼ ਥਾਉਂ ਨਹੀਂ ਪਿਆ ਕਰਦੀ।

॥ ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥

***ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥***
***ਬਹੁ ਤੀਰਥ ਭਵਿਆ॥ ਤੇਤੋ ਲਵਿਆ॥ ਅੰਗ – 467***

ਕਹਿਣ ਲੱਗੇ ਮਹਾਰਾਜ, ਕਿ ਭਾਈ! ਆਹ ਕਰਮ ਜਿਹੜੇ ਅਸੀਂ ਦੱਸੇ ਨੇ, ਇਹ ਜੇ ਕਰਮ ਕਰੀ ਜਾਵੇ। ਇਹ ਸਾਰੇ ਤਾਮਸੀ ਕਰ ਨੇ, ਨਾਮ ਤੋਂ ਬਗੈਰ ਕੁੱਛ ਲੇਖੇ 'ਚ ਨਹੀਂ ਪਿਆ ਕਰਦਾ। ਸੋ ਇਸ ਕਰਕੇ ਤੁਸੀਂ ਇਸ ਨੂੰ ਛੱਡ ਕੇ ਰਾਜਸੀ ਤੇ ਸਾਂਤਕੀ ਤਪ ਕਰੋ। ਉਸ ਵੇਲੇ ਦੋਹਾਂ ਨੇ ਬੇਨਤੀ ਕੀਤੀ, ਠੀਕ ਹੈ ਪਾਤਸ਼ਾਹ! ਸਾਡਾ ਮਨ ਮੰਨ ਗਿਆ ਇਸ ਗੱਲ ਦੇ ਉਤੇ, ਅਸੀਂ ਵੀ ਬੜੇ ਭੁਲੇਖੇ ਵਿਚ ਸੀ ਕਿ ਜਿਹੜੇ ਜ਼ਿਆਦਾ ਤਪਸਿਆ ਕਰਦੇ ਨੇ ਕਿ ਬੜੇ ਵੱਡੇ ਸੰਤ ਨੇ, ਉਹ ਤਾਂ ਧੁੱਪੇ ਹੀ ਬੈਠਾ ਰਹਿੰਦਾ, ਜੁੱਤੀ ਨਹੀਂ ਕਦੇ ਪਾਉਂਦੇ, ਉਪਰ ਕਪੜਾ ਹੀ ਨਹੀਂ ਲੈਂਦੇ। ਮਹਾਰਾਜ ਕਹਿੰਦੇ ਨੇ ਨਾ ਸੰਤ ਤਾਂ ਉਹ ਨੇ –

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥ ਅੰਗ – 319***

ਉਸ ਵੇਲੇ ਦੋਹਾਂ ਨੇ ਬੇਨਤੀ ਕਰੀ ਕਿ ਪਾਤਸ਼ਾਹ! ਸਾਨੂੰ ਰਾਜਸੀ ਤਪ ਦੀ ਜੁਗਤ ਦੱਸੋ। ਉਸ ਵੇਲੇ ਮਹਾਰਾਜ ਨੇ ਕਿਹਾ –

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ***
***ਮਨ ਸਾ ਮਿਲਿਆ ਨ ਕੋਈ॥ ਅੰਗ – 342***

ਕਹਿੰਦੇ ਜਿਹੜਾ ਮਨ ਨੂੰ ਸਿਧਾਉਣਾ ਹੈ ਨਾ, ਇਸ ਸਾਰੇ ਨੂੰ ਰਾਜਸੀ ਤਪ ਕਹਿੰਦੇ ਨੇ। ਪੰਜੇ ਗਿਆਨ ਇੰਦਰੀਆਂ, ਪੰਜੇ ਕਰਮ ਇੰਦਰੀਆਂ, ਮਨ, ਚਿੱਤ, ਬੁੱਧ ਇਨ੍ਹਾਂ ਨੂੰ ਇਕ ਥਾਂ ਦੇ ਉਤੇ ਕੇਂਦਰਤ ਕਰਨਾ, ਇਕਾਗਰ ਕਰਨਾ। ਹਰੀ ਦਾ ਜਸ ਹੋ ਰਿਹਾ ਹੋਵੇ, ਕਥਾ ਤੇ ਕੀਰਤਨ ਦੋਵੇਂ ਹੋ ਰਹੇ ਹੋਣ। ਇਨ੍ਹਾਂ ਦੋਹਾਂ ਦੇ ਵਿਚ ਮਨ ਨੂੰ ਇਕਾਗਰ ਕਰਕੇ ਧਰਨਾ ਕਰਨਾ ਤੇ ਗੱਲ ਸਮਝਣੀ, ਸਮਝ ਕੇ ਹਿਰਦੇ ਵਿਚ ਧਾਰਨ ਕਰਨੀ ਤੇ ਗੁਰੂ ਦੀ ਆਗਿਆ ਸਤਿ ਸਤਿ ਕਰਕੇ ਮੰਨਣੀ।

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥***
***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥***
***ਅੰਗ – 669***

ਜਿਹਨੇ ਸਤਿ ਸਤਿ ਕਰਕੇ ਮੰਨੀ ਉਹਨੂੰ ਫਲ ਕਿੰਨਾ ਹੈ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਅੰਗ – 546***

ਕਈ ਕਰੋੜ ਜਗਾਂ ਦਾ ਫਲ ਸਹਿਜ ਸੁਭਾਅ ਹਰੀ ਦੀ ਸੰਗਤ 'ਚ ਆ ਕੇ ਮਿਲ ਜਾਏਗਾ। ਸੋ ਮਹਾਰਾਜ ਰੁਚੀ ਰੱਖ ਕੇ ਵਾਹਿਗੁਰੂ ਦੇ ਗੁਣਾਂ ਨੂੰ ਗਾਉਣਾ ਤੇ ਉਨ੍ਹਾਂ ਦੀ ਕਥਾ ਸਰਵਣ ਕਰਨੀ। ਰੋਜ਼ ਮਿਲ ਕੇ ਪ੍ਰਮੇਸ਼ਰ ਦੇ ਪਿਆਰਿਆਂ ਦੇ ਨਾਲ ਰਲ ਕੇ ਸਤਿਸੰਗ ਕਰਨੀ।

ਹੁਣ ਪ੍ਰੇਮੀਓਂ! ਆਪੇ ਦੇਖ ਲਓ, ਤਾਮਸੀ ਤੇ ਰਾਜਸੀ ਤਪ ਵਿਚ ਕਿੰਨਾ ਫਰਕ ਹੈ। ਤਾਮਸੀ ਤਪ ਵਿਚ ਕਿੰਨੀ ਖੇਚਲ ਹੈ, ਫਲ ਥੋੜ੍ਹਾ ਹੈ। ਜਿਹੜਾ ਰਾਜਸੀ ਤਪ ਇਹਦੇ ਵਿਚ ਖੇਚਲ ਬਿਲਕੁਲ ਹੀ ਥੋੜ੍ਹੀ ਹੈ, ਫਲ ਹਜ਼ਾਰਾਂ ਗੁਣਾਂ ਜ਼ਿਆਦਾ ਹੈ।

ਉਸ ਵੇਲੇ ਦੋਹਾਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਆਪ ਕ੍ਰਿਪਾ ਕਰਕੇ ਸਾਡੀ ਬੇਨਤੀ ਨੂੰ ਸਰਵਣ ਕਰੋ, ਸਾਡੇ ਦੋਹਾਂ ਦੇ ਮਨ 'ਚ ਹੋ ਗਿਆ ਸ਼ੰਕਾ, ਅਸੀਂ ਦੂਰ ਤੋਂ ਆਏ ਹਾਂ ਜਗਿਆਸਾ ਧਾਰ ਕੇ ਤੇ ਜੇ ਸਾਡਾ ਸ਼ੰਕਾ ਨਵਿਰਤ ਨਾ ਹੋਇਆ ਤਾਂ ਤੁਹਾਡਾ ਬਚਨ ਸਾਡੇ ਅੰਦਰ ਨਹੀਂ ਜਾਣਾ।

ਮਹਾਰਾਜ ਕਹਿੰਦੇ ਦੱਸੋ, ਸ਼ੰਕਾ ਤਾਂ ਦੱਸਣਾ ਚਾਹੀਦਾ ਹੈ?

ਕਿਉਂਕਿ ਸ਼ੰਕਾ ਤਾਂ ਦੱਸਣ ਹੀ ਹੈ, ਬੰਦੇ ਅੰਦਰ ਵੈਰਾਗ ਹੋਣਾ ਚਾਹੀਦਾ ਹੈ, ਵਿਵੇਕ ਹੋਣਾ ਚਾਹੀਦਾ ਹੈ, ਖਟਸਮਤੀ, ਮੋਖਸ਼ ਇੱਛਾ ਚਾਰ ਚੀਜ਼ਾਂ ਜਗਿਆਸੂ 'ਚ ਹੋਣੀਆਂ ਚਾਹੀਦੀਆਂ ਹਨ। ਵੈਰਾਗ ਹੋਵੇ ਪਹਿਲਾਂ ਮਾਇਆ ਨਾਲ। ਮਾਇਆ ਸਤਿ ਹੈ ਤੇ ਵਾਹਿਗੁਰੂ ਨਾਲ ਮਿਲਣਾ ਹੈ। ਚਾਰ ਦਿਨ ਦਾ ਚਮਤਕਾਰਾ ਹੈ ਲੰਘ ਜਾਣਾ ਹੈ। ਦੂਸਰਾ ਵਿਵੇਕ ਹੋਣਾ ਚਾਹੀਦਾ ਹੈ, ਵਿਵੇਕ ਹੁੰਦਾ ਹੈ, ਵਾਹਿਗੁਰੂ ਸਤਿ ਹੈ ਤੇ ਜਿੰਨਾ ਦ੍ਰਿਸ਼ਟਮਾਨ ਹੈ ਇਹ ਸਭ ਬਦਲਣ ਵਾਲਾ ਹੈ, ਇਹ ਥਿਰ ਨਹੀਂ ਰਹਿੰਦਾ, ਇਹਨੇ ਚਲੇ ਹੀ ਜਾਣਾ ਹੈ, ਇਸ ਗੱਲ ਦਾ ਪੱਕਾ ਨਿਹਚਾ ਹੋਵੇ, ਇਹਨੂੰ ਵਿਵੇਕ ਕਹਿੰਦੇ ਨੇ। ਤੀਸਰਾ ਹੋਇਆ ਕਰਦਾ ਹੈ ਖਟਸਮਤੀ।

***ਸਮ ਦਮ ਸ਼ਰਧਾ ਤੀਸਰੀ ਸਮਾਧਾਨ ਉਪਰਾਮ***
***ਛਟੀ ਤਤਿਕਸ਼ਾ ਜਾਨੀਐ ਭਿੰਨ ਭਿੰਨ ਇਹ ਨਾਮ।***

ਕਹਿੰਦੇ ਸਮ ਹੁੰਦਾ ਹੈ, ਸਰੀਰ ਦੇ ਨਾਲ ਕੋਈ ਵੀ ਬੁਰਾ ਕੰਮ ਨਾ ਕਰਨਾ, ਮਨ ਦੇ ਵਿਚ ਸਾਰੇ ਗੁਣ ਧਾਰਨ ਕਰਨੇ, ਔਗੁਣ ਸਾਰੇ ਕੱਢ ਦੇਣੇ। ਜਿਸ ਤਰ੍ਹਾਂ ਦੇ ਨਾਲ ਧੀਰਜ ਹੈ, ਖਿਮਾ ਹੈ, ਸ਼ਾਂਤੀ ਹੈ, ਦਇਆ ਹੈ, ਅਹਿੰਸਾ ਹੈ, ਸਤਿ ਹੈ, ਸੰਤੋਖ ਹੈ, ਬ੍ਰਹਮਚਰੀਆ ਹੈ, ਮਿੱਠਾ ਬੋਲਣਾ ਹੈ, ਤਪ ਹੈ, ਦਾਨ ਹੈ, ਇਹ ਸਾਰੀਆਂ ਚੀਜ਼ਾਂ ਸਮ ਦਮ ਇਹ 20 ਹੁੰਦੀਆਂ ਨੇ।

ਤੀਸਰੀ ਹੁੰਦੀ ਹੈ ਸ਼ਰਧਾ। ਸਮਾਧਾਨ ਕਰਾ ਲੈਣਾ, ਅਗਰ ਕੋਈ ਸ਼ੰਕਾ ਪੈ ਗਿਆ। ਗੁਰੂ ਦੇ ਬਚਨਾਂ ਨੂੰ ਜਾਨਣ ਦਾ ਯਤਨ ਕਰਨਾ ਕਿ ਮਹਾਰਾਜ ਕੀ ਕਹਿੰਦੇ ਨੇ, ਆਪਣਾ ਖਰੜ ਗਿਆਨ ਨਹੀਂ ਲਾਉਣਾ। ਸੋ ਮਹਾਰਾਜ ਕਹਿੰਦੇ ਨੇ, ਸਮਾਧਾਨ ਤੇ ਉਪਰਾਮ। ਸਭ ਕਾਸੇ ਤੋਂ ਉਪਰਾਮ ਰਹਿਣਾ। ਫੇਰ ਤਤਿਕਸ਼ਾ ਹੈ ਸੇਵਾ ਕਰਨੀ। ਨਾਉਂ ਵੱਖਰੇ-ਵੱਖਰੇ ਕਰਕੇ ਦੱਸੇ ਨੇ ਇਹਨੂੰ ਖਟਸਮਤੀ ਕਹਿੰਦੇ ਨੇ।

ਫੇਰ ਹੁੰਦੀ ਹੈ, ਮੋਖਸ ਇੱਛਾ, ਪੱਕਾ ਇਰਾਦਾ ਕਰ ਲੈਣਾ ਕਿ ਮੈਂ ਇਸੇ ਜਨਮ ਦੇ ਅੰਦਰ ਪ੍ਰਮੇਸ਼ਰ ਨੂੰ ਮਿਲਣਾ। ਇਹ ਚਾਰ ਤਾਂ ਹੁੰਦੇ ਨੇ, ਬੈਰੰਗ ਸਾਧਨ। ਚਾਰ ਹੁੰਦੇ ਨੇ, ਅੰਤਰੰਗ, ਸੁਣਨਾ। ਜਿਵੇਂ ਤੁਸੀਂ ਸੁਣ ਰਹੇ ਓਂ, ਫੇਰ ਹੁੰਦਾ ਹੈ ਅੰਤਰੰਗ ਇਹਨੂੰ 100% ਮੰਨਣਾ। ਫੇਰ ਇਹਦਾ ਤਜਰਬਾ ਕਰਨਾ, ਦੇਖਣਾ, ਇਹਨੂੰ ਨਧਿਆਸਣ ਕਰਨਾ, ਫੇਰ ਇਹਦੀ ਪ੍ਰਾਪਤੀ ਹੁੰਦੀ ਹੈ, ਮਤਲਬ ਆਪਣੇ ਸਰੂਪ ਨੂੰ ਜਾਨਣਾ। ਮਹਾਰਾਜ ਕਹਿੰਦੇ, ਭਾਈ! ਇਹ ਜਿਹੜੇ ਸਾਧਨ ਨੇ ਇਹ ਬਹੁਤ ਫਲ ਦਿੰਦੇ ਨੇ।

ਕਹਿਣ ਲੱਗੇ, ਮਹਾਰਾਜ ਸਾਡੇ ਮਨ ਵਿਚ ਹੋ ਗਿਆ ਸੰਸਾ। ਰਿਸ਼ੀ ਮੁਨੀ ਜਿੰਨੇ ਅਸੀਂ ਸੁਣੇ ਨੇ ਵੱਡੇ-ਵੱਡੇ, ਵਿਸ਼ਵਾਮਿਤਰ ਸੁਣਿਆ ਹੈ, 58 ਹਜ਼ਾਰ ਸਾਲ ਤਪਸਿਆ ਕਰਦਾ ਰਿਹਾ। ਸਾਰੰਗੀ ਰਿਸ਼ੀ ਸੁਣਿਆ ਹੈ 88 ਹਜ਼ਾਰ ਸਾਲ ਤਪਸਿਆ ਕਰੀ।

ਮਹਾਰਾਜ ਕਹਿੰਦੇ ਫੇਰ ਭਾਈ! ਉਨ੍ਹਾਂ ਦਾ ਕ੍ਰੋਧ ਤਾਂ ਮਰਿਆ ਨਾ?

ਵਿਸ਼ਵਾਮਿਤਰ ਨੇ ਵਸ਼ਿਸ਼ਟ ਜੀ ਦਾ ਸੌ ਪੁੱਤਰ ਮਾਰ ਦਿਤਾ ਸੀ, ਸਿਰਫ ਏਸ ਗੱਲ ਦੇ ਉਤੇ ਕਿ ਜਦੋਂ ਉਹ ਸਸ਼ਤਰਧਾਰੀ ਹੋ ਕੇ ਆਉਂਦਾ ਸੀ, ਉਹਨੂੰ ਰਾਜਰਿਖੀ ਕਹਿ ਦਿੰਦੇ ਸੀ। ਇਕ ਦਿਨ ਵੈਸੇ ਹੀ ਆ ਗਿਆ, ਉਸ ਦਿਨ ਵਸ਼ਿਸ਼ਟ ਜੀ ਨੇ ਕਿਹਾ ਆਓ! ਬ੍ਰਹਮ ਰਿਖੀ। ਕਹਿੰਦਾ, ਜੇ ਇਹ ਗੱਲ ਤੁਸੀਂ ਪਹਿਲਾਂ ਹੀ ਕਹਿ ਦਿੰਦੇ, ਮੈਂ ਤੁਹਾਡਾ ਸੌ ਪੁੱਤਰ ਤਾਂ ਨਾ ਮਾਰਦਾ ਨਾ।

ਕਿੰਨਾ ਕ੍ਰੋਧ ਸੀ, ਇਕ ਮਾੜੀ ਜਿਹੀ ਗੱਲ ਇਕ ਪੁੱਤਰ ਰੋਜ਼ ਮਾਰਦਾ ਰਿਹਾ, ਸੌ ਮਾਰ ਦਿਤੇ। ਦਰਵਾਸ਼ਾ ਰਿਸ਼ੀ ਸੀ, ਤਪ ਕਰਿਆ, ਸਰਾਫ ਹੀ ਦਿਤੇ ਉਸਨੇ। ਮਹਾਰਾਜ ਕਹਿੰਦੇ ਮਨ ਤਾਂ ਸ਼ਾਂਤ ਨਾ, ਨਾ ਹੋਇਆ ਫੇਰ ਤਪ ਦੇ ਨਾਲ?

ਕਹਿੰਦੇ ਸੱਚੇ ਪਾਤਸ਼ਾਹ! ਜਿਹੜੇ ਪ੍ਰਵਾਨ ਪੁਰਸ਼ ਨੇ, ਲੋਕ ਆਦਰ ਕਰਦੇ ਨੇ ਜਿਨ੍ਹਾਂ ਦਾ, ਬਾਬੇ ਫਰੀਦ ਨੂੰ ਹੀ ਲੈ ਲਓ, ਉਨ੍ਹਾਂ ਨੇ ਕਿੱਡੀ ਤਪਸਿਆ ਕਰੀ, ਅਸੀਂ ਬਾਰੇ ਇਸ ਤਰ੍ਹਾਂ ਸਰਵਣ ਕਰਿਆ ਹੈ -

***ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥ ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥***

***ਅੰਗ - 1382***

ਕਹਿੰਦੇ, ਪਾਤਸ਼ਾਹ! ਨੌਜਵਾਨ ਫਰੀਦ, ਸੋਹਣੇ ਸੁੰਦਰ ਸਰੀਰ ਵਾਲਾ, ਜਦੋਂ ਪ੍ਰਮੇਸ਼ਰ ਨੂੰ ਟੋਲ੍ਹਣ ਲੱਗਿਆ ਉਸ ਵੇਲੇ ਕਿੰਨਾ ਭਿਆਨਕ ਤਪ ਕਰਿਆ ਉਸਨੇ ਕਿ ਸੁੱਕ ਕੇ ਕੇਵਲ ਹੱਡੀਆਂ ਦੀ ਮੁੱਠੀ ਰਹਿ ਗਿਆ। ਵਜ਼ਨ ਕਿੰਨਾ ਕੁ ਰਹਿ ਗਿਆ, ਕੁੱਛ ਸੇਰਾਂ ਕੁ ਤੇ ਆ ਗਿਆ। ਫੇਰ ਇਸ ਤੋਂ ਵੀ ਜ਼ਿਆਦਾ ਤਪ ਕਰਿਆ, ਛੇ ਮਹੀਨੇ ਹੋ ਗਏ, ਖੂਹ ਵਿਚ ਲਟਕਦੇ ਨੂੰ। ਤਪ ਐਨਾ ਕਰਦਾ ਸੀ, ਕਾਂਵਾਂ ਨੇ ਆਉਣਾ ਠੂੰਗਾਂ ਮਾਰਨੀਆਂ, ਤਲੀਆਂ ਦਾ ਮਾਸ ਖਾ ਗਏ। ਅਖੀਰ ਇਥੇ ਤੱਕ ਨੌਬਤ ਪਹੁੰਚ ਗਈ ਉਸਦੀ ਕਿ ਮੁਰਦਾ ਹੈ ਇਹ ਚੱਲੋ ਚੰਗੀ ਤਰ੍ਹਾਂ ਨਿਰਣਾ ਕਰੀਏ ਪਹਿਲਾਂ ਜਾ ਕੇ ਅੱਖ ਤੇ ਮਾਰੀਏ। ਜਦੋਂ ਅੱਖ ਦੇ ਉਤੇ ਠੂੰਗ ਮਾਰਨ ਲੱਗੇ ਉਸ ਵੇਲੇ ਬਾਬੇ ਫਰੀਦ ਨੇ ਧੀਮੀ ਆਵਾਜ਼ ਵਿਚ ਕਾਂ ਨਾਲ ਗੱਲ ਕਰੀ।

***ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥***
***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥***

***ਅੰਗ - 1382***

ਸੱਚੇ ਪਾਤਸ਼ਾਹ! ਐਡੇ ਵੱਡੇ-ਵੱਡੇ ਉੱਘਰ ਤਪ ਕੀਤੇ ਨੇ। ਐਸਾ ਅਸੀਂ ਸੰਗਤ ਵਿਚ ਸੁਣਿਆ ਹੈ ਕਿ ਉਸ ਨੇ ਬੇਨਤੀ ਕਰੀ ਕਿ ਮੇਰੀਆਂ ਅੱਖਾਂ ਨਾ ਛੇੜੋ। ਸੱਚੇ ਪਾਤਸ਼ਾਹ! ਐਡੇ ਵੱਡੇ-ਵੱਡੇ ਤਪਾਂ ਦਾ ਵੀ ਫਲ ਘੱਟ ਹੋਇਆ ਹੈ?

ਇਹ ਜਿਹੜੇ ਤਪ ਨੇ ਭਾਈ! ਇਹ ਪ੍ਰਮੇਸ਼ਰ ਤਕ ਨਹੀਂ ਪਹੁੰਚਾ ਸਕਦੇ ਇਹ ਤਮੋਗੁਣੀ ਤਪ ਨੇ।

ਕਹਿੰਦੇ, ਫੇਰ ਮਹਾਰਾਜ! ਤਪ ਕਿਵੇਂ ਘੱਟ ਹੋਇਆ?

ਕਹਿੰਦੇ, ਲਓ ਤੁਹਾਨੂੰ ਸਮਝਾਉਂਦੇ ਹਾਂ। ਇਕ ਹੈ ਲੱਕੜਹਾਰਾ, ਉਹ ਲੱਕੜੀਆਂ ਜੰਗਲ ਵਿਚੋਂ ਵੱਢਦਾ ਹੈ, ਜੰਗਲ ਦਾ ਠੇਕਾ ਲੈ ਲਿਆ ਪਹਾੜ ਦੇ ਉਤੇ, ਸਵਾਰੀ ਕੋਈ ਜਾਂਦੀ ਨਹੀਂ ਉਥੇ। ਪਗਡੰਡੀਆਂ ਦੇ ਉਤੇ ਜਾ ਕੇ ਲੱਕੜੀਆਂ ਵੱਢਦਾ ਹੈ, ਲੱਕੜੀਆਂ ਨੂੰ ਮੋਢਿਆਂ ਤੇ ਚੁਕਾ-

ਚੁਕਾ ਕੇ, ਰੋੜ੍ਹ-ਰੋੜ੍ਹ ਕੇ ਪਹਾੜ ਦੀਆਂ ਚੋਟੀਆਂ ਤੋਂ ਲਿਆਉਂਦਾ ਹੈ ਤੇ ਉਥੋਂ ਪਾਣੀ ਦਾ ਆਸਰਾ ਲੈ ਕੇ ਮੈਦਾਨ ਵਿਚ ਲਿਆਉਂਦਾ ਹੈ। ਮੈਦਾਨ 'ਚ ਆ ਕੇ, ਪਾਣੀ ਵਿਚੋਂ ਕੱਢਦਾ ਹੈ, ਕੱਢ ਕੇ, ਫੇਰ ਗੱਡੀਆਂ 'ਚ ਲੱਦਦਾ ਹੈ, ਫੇਰ ਸ਼ਹਿਰ ਵਿਚ ਲਿਆਉਂਦਾ ਹੈ, ਫੇਰ ਸ਼ਹਿਰ ਵਿਚ ਲਿਆ ਕੇ ਵੇਚਦਾ ਹੈ। ਉਹਦੀ ਖੇਚਲ ਹੱਦ ਤੋਂ ਜ਼ਿਆਦਾ ਹੈ, ਮੁਨਾਫਾ ਬਹੁਤ ਘੱਟ ਹੈ। ਇਹਦੇ ਮੁਕਾਬਲੇ ਤੇ ਇਕ ਬੰਦਾ ਕੱਪੜੇ ਦਾ ਵਪਾਰ ਕਰਦਾ ਹੈ, ਨਾਲ-ਨਾਲ ਦੀ ਲਿਆਉਂਦਾ ਹੈ ਆਰਾਮ ਦੇ ਨਾਲ, ਬੈਠ ਕੇ ਵੇਚੀ ਜਾਂਦਾ ਹੈ, ਬੇਅੰਤ ਮੁਨਾਫਾ ਕੱਢ ਲੈਂਦਾ ਹੈ। ਲੱਕੜੀਆਂ ਵਾਲਾ ਉਥੇ ਹੀ ਰਹਿ ਜਾਂਦਾ ਹੈ, ਤੂੜੀ ਦਾ ਵਪਾਰੀ ਉਥੇ ਹੀ ਰਹਿ ਜਾਂਦਾ ਹੈ, ਮੱਝਾਂ ਗਾਈਆਂ ਦਾ ਵਪਾਰੀ ਉਥੇ ਹੀ ਰਹਿ ਜਾਂਦਾ ਹੈ ਪਰ ਖੇਚਲ ਹੱਦ ਤੋਂ ਜ਼ਿਆਦਾ ਹੈ। ਪਰ ਜਿਹੜਾ ਕਪੜੇ ਵਾਲਾ ਹੈ, ਉਹ ਮਾੜਾ ਜਿਹਾ ਹੀ ਕੰਮ ਕਰਦਾ ਹੈ, ਕੱਪੜਾ ਵੇਚੀ ਜਾਂਦਾ ਹੈ, ਰਾਸ਼ਨ ਵੇਚੀ ਜਾਂਦਾ ਹੈ, ਉਹਦੇ ਨਾਲ ਐਨਾ ਮੁਨਾਫਾ ਹੁੰਦਾ ਹੈ। ਇਸੇ ਤਰ੍ਹਾਂ ਇਕ ਵੱਡੇ ਸ਼ਹਿਰ ਦੇ ਵਿਚ ਜੌਹਰੀ ਹੈ, ਉਹ ਹੀਰੇ ਜਵਾਹਰਾਤ ਦਾ ਕੰਮ ਕਰਦਾ ਹੈ, ਇਕ ਹੀਰਾ ਵਿਕ ਜਾਵੇ ਉਸਦਾ ਦੋ ਮਹੀਨੇ ਬਾਅਦ, ਹਜ਼ਾਰਾਂ ਰੁਪਏ ਉਸਨੂੰ ਮੁਨਾਫਾ ਹੋਇਆ ਕਰਦਾ ਹੈ, ਉਹ ਕਿਤੇ ਦੁਕਾਨ ਤੇ ਨਹੀਂ ਬਹਿੰਦਾ, ਆਪਣੇ ਘਰ ਰਹਿੰਦਾ ਹੈ, ਟੈਲੀਫੋਨਾਂ ਤੇ ਗੱਲਾਂ ਹੁੰਦੀਆਂ ਨੇ, ਟਾਈਮ ਸੱਟ ਕਰਕੇ, ਮਿਲ ਜਾਂਦੇ ਨੇ। ਜੇ ਦੋ ਹੀਰੇ ਵੀ ਵਿਕ ਜਾਣ, ਕਹਿੰਦੇ ਸਾਲਾਂ ਦੀ ਰੋਟੀ ਕਮਾ ਲੈਂਦਾ ਹੈ। ਖੇਚਲ ਕਿੰਨੀ ਘੱਟ ਤੇ ਫਲ ਕਿੰਨਾ ਜ਼ਿਆਦਾ। ਇਸੇ ਤਰ੍ਹਾਂ ਨਾਲ ਜਿਹੜਾ ਰਾਜਸੀ ਤਪ ਹੈ ਉਹ ਤਾਮਸੀ ਤਪ ਨਾਲੋਂ ਬੇਅੰਤ ਫਲ ਦੇਣ ਵਾਲਾ ਹੋਇਆ ਕਰਦਾ ਹੈ। ਉਹਦੇ ਵਿਚ ਆਪਣੇ ਆਪ ਦੀ ਖੋਜ ਕਰਨੀ ਪੈਂਦੀ ਹੈ। ਮਨ ਦੀ ਵੀ ਖੋਜ ਕਰਨੀ ਪੈਂਦੀ ਹੈ, ਇੰਦਰੀਆਂ ਦੇ ਉਤੇ ਵੀ ਪਹਿਲਾ ਦੇਣਾ ਪੈਂਦਾ ਹੈ। ਇਹੀ ਗੱਲ ਬਾਬੇ ਫਰੀਦ ਨੂੰ ਫੁਰਮਾਨ ਹੋਈ ਸੀ -

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥***

***ਅੰਗ - 1378***

ਕਹਿਣ ਲੱਗੇ ਪਿਆਰਿਓ ਤਾਮਸੀ ਤਪ ਬਾਰੇ ਤੁਹਾਨੂੰ ਦੱਸ ਦਿਤਾ, ਰਾਜਸੀ ਤੇ ਜੋ ਸਾਂਤਕੀ ਤਪ ਨੇ ਉਹ ਆਪਣੀਆਂ ਇੰਦਰੀਆਂ ਨੂੰ ਟਿਕਾਉਣਾ ਤੇ ਆਪਣੇ ਮਨ ਦੀ ਖੋਜ ਕਰਨੀ। ਅੱਖਾਂ ਨੂੰ ਕਾਬੂ ਕਰਨਾ -

***ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ॥***
***ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ॥***
***ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥***
***ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ॥***
***ਅੰਗ - 1362***

ਜਿਹੜੇ ਸਾਧ ਸੰਗਤ ਦੇ ਦਰਸ਼ਨ ਨਹੀਂ ਕਰਦੇ ਨੈਣ ਉਨ੍ਹਾਂ ਬੰਦ ਕਰਾ ਦਿਓ।

ਇਕ ਮਿਸਾਲ ਨਾਲ ਦੱਸਦੇ ਹਾਂ ਕਿ ਇਕ ਮਹਾਤਮਾ ਦੇ ਕੋਲ ਕੋਈ ਜਗਿਆਸੂ ਆਇਆ। ਕਹਿਣ ਲੱਗਿਆ, ਮੈਂ ਪ੍ਰਮੇਸ਼ਰ ਨੂੰ ਮਿਲਣਾ ਚਾਹੁੰਦਾ ਹਾਂ। ਮਹਾਤਮਾ ਨੇ ਕਿਹਾ, ਪੁਰਾਣਾ ਥੇਹ ਖੋਜ ਲੈ, ਇਹਦੇ ਵਿਚੋਂ ਜਿਹੜੀਆਂ ਚੀਜ਼ਾਂ ਇਹਦੇ ਵਿਚੋਂ ਤੇਰਾ ਸਾਥ ਦੇਣ ਲਈ ਹੋਣਗੀਆਂ ਉਹ ਪੱਕ ਲਈਂ, ਬਾਕੀਆਂ ਨੂੰ ਸੁੱਟ ਦੇਵੀਂ। ਉਸਨੇ ਖੋਜਣਾ ਸ਼ੁਰੂ ਕਰ ਦਿਤਾ, ਸਾਰਿਆਂ ਨਾਲੋਂ ਪਹਿਲਾਂ ਸਰੀਰ ਦੀ ਖੋਜ ਕਰੀ। ਨੇਤਰਾਂ ਦਾ ਦਰਵਾਜ਼ਾ ਦੇਖਿਆ। ਨੇਤਰਾਂ ਦੇ ਵਿਚ ਇਕ ਇਸਤਰੀ ਨਿਕਲੀ ਜਿਸਦਾ ਨਾਮ ਲੱਜਾ ਸੀ। ਬਹੁਤ ਸੁੰਦਰ ਇਸਤਰੀ, ਇਹਨੇ ਨਮਸਕਾਰ ਕਰੀ ਖੋਜ ਕਰਨ ਵਾਲੇ। ਇਹਨੇ ਪੁਛਿਆ ਕਿ ਤੂੰ ਕੌਣ ਹੈਂ ਬੀਬੀ। ਕਹਿਣ ਲੱਗੀ, ਮੇਰਾ ਨਾਮ ਹੈ ਲੱਜਾ ਤੇ ਮੈਂ ਨੇਤਰਾਂ ਦੇ ਵਿਚ ਵਸਦੀ ਹਾਂ। ਜੇ ਮੈਂ ਨਾ ਨੇਤਰਾਂ ਵਿਚ ਵਸਾਂ ਤਾਂ ਨੇਤਰ ਗਲਤ ਹੋ ਜਾਂਦੇ ਨੇ ਤੇ ਮੇਰਾ ਵੈਰੀ ਹੈਗਾ ਕਾਮ। ਤੂੰ ਮੇਰੀ ਮਦਦ ਕਰੇ, ਮੇਰੇ ਨਾਲ ਲੱਜਾ ਦੇ ਨਾਲ ਰਲ ਕੇ ਕਾਮ ਨੂੰ ਜਿੱਤ ਲੈ, ਗੁਰਬਾਣੀ ਦੀ ਮਦਦ ਲੈ ਇਹਦੇ ਵਾਸਤੇ, ਸ਼ੁੱਭ ਖਿਆਲਾਂ ਦੀ ਮਦਦ ਲੈ। ਬੇਗਾਨੇ ਰੂਪ ਦੇਖਦੇ ਨੇ ਕਹਿੰਦੇ ਉਹ ਧਿਰਕਾਰਯੋਗ ਨੈਣ ਨੇ। ਲੱਜਾ ਕਹਿਣ ਲੱਗੀ ਤੂੰ ਆਸਰਾ ਲੈ ਬਾਣੀ ਦਾ, ਗੁਰੂਆਂ ਦਾ ਲੈ ਤੇ ਮੇਰੇ ਨਾਲ ਰਲ ਤੇ ਕਾਮ ਵੈਰੀ ਦੇ ਉਤੇ ਆਪਾਂ ਫਤਹਿ ਪਾਈਏ।

ਜਗਿਆਸੂ ਨੇ ਇਸੇ ਤਰ੍ਹਾਂ ਕੀਤਾ, ਬਾਣੀ ਦਾ ਓਟ ਆਸਰਾ ਲਿਆ, ਤੇ ਫੇਰ ਚੱਲ ਪਿਆ। ਅੱਗੇ ਆ ਗਿਆ ਦਰਵਾਜ਼ਾ ਮੁੱਖ ਦਾ, ਉਹਦੇ ਵਿਚੋਂ ਦਇਆ ਨਿਕਲ ਆਈ, ਜੀਭ ਤੋਂ।

ਪੁਛਿਆ, ਤੂੰ ਕੌਣ ਹੈਂ?

ਕਹਿਣ ਲੱਗੀ ਮੈਂ ਦਇਆ।

ਪੁਛਿਆ ਕਿ ਇਥੇ ਦੁਸ਼ਮਣ ਵੀ ਹੈ ਕੋਈ?

ਕਹਿਣ ਲੱਗੀ, ਹਾਂ ਕ੍ਰੋਧ ਹੈ ਦੁਸ਼ਮਣ?

ਕਿਵੇਂ ਮਾਰਿਆ ਜਾਵੇਗਾ ਕ੍ਰੋਧ?

ਕਹਿਣ ਲੱਗੀ, ਖਿਮਾ ਦਾ ਆਸਰਾ ਲੈਣਾ ਪਵੇਗਾ ਤੈਨੂੰ, ਜੇ ਖਿਮਾ ਆ ਜਾਵੇ ਤਾਂ ਕ੍ਰੋਧ ਮਰ ਜਾਂਦਾ ਹੈ।

ਮਹਾਰਾਜਾ ਰਣਜੀਤ ਸਿੰਘ ਚਲੇ ਜਾ ਰਹੇ ਨੇ, ਅਚਾਨਕ ਇਕ ਵਾੜ ਦੇ ਓਹਲੇ ਛੋਟੇ-ਛੋਟੇ ਬੱਚੇ ਨੇ, ਕੋਈ ਦੱਸ ਸਾਲ ਦਾ, ਕੋਈ ਪੰਜ ਸਾਲ ਦਾ, ਕੋਈ ਛੇ ਸਾਲ,

ਇਕ ਬੇਰੀ ਹੈ ਉਚੀ, ਉਹਨੂੰ ਇੱਟਾਂ ਮਾਰ-ਮਾਰ ਕੇ ਬੇਰ ਝਾੜਨ ਦਾ ਯਤਨ ਕਰ ਰਹੇ ਨੇ, ਇਕ ਬੱਚੇ ਨੇ ਜ਼ੋਰ ਨਾਲ ਇੱਟ ਮਾਰੀ, ਬੇਰੀ 'ਚ ਲੱਗੀ ਨਾ, ਉਪਰ ਚਲੀ ਗਈ ਉਤੋਂ ਦੀ ਮਹਾਰਾਜਾ ਦੇ ਮੱਥੇ ਤੇ ਲੱਗੀ। ਬੜਾ ਦਰਦ ਹੋਈ।

ਉਸ ਵੇਲੇ ਮਹਾਰਾਜ ਰਣਜੀਤ ਸਿੰਘ ਨੇ ਕਿਹਾ ਕਿ ਕੌਣ ਹੈ ਬੰਦਾ, ਜਿਹਨੇ ਇੱਟ ਮਾਰੀ ਹੈ ਮੇਰੇ? ਜਾਓ ਪਕੜ ਕੇ ਲਿਆਓ।

ਅੰਗਰਖਸ਼ਕ ਉਸੇ ਵਕਤ ਗਏ ਤੇ ਜਾ ਕੇ ਬੱਚਿਆਂ ਦੇ ਤਮਾਚੇ ਮਾਰੇ ਤੇ ਬਾਹਵਾਂ ਮਰੋੜ ਲਈਆਂ ਫੜ ਕੇ ਲੈ ਆਏ।

ਮਹਾਰਾਜੇ ਨੇ ਕਿਹਾ, ਬੱਚਿਆਂ ਨੂੰ ਕੀ ਕਹਿੰਦੇ ਓਂ ਤੁਸੀਂ? ਇਨ੍ਹਾਂ ਨੇ ਕਿਤੇ ਜਾਣ ਕੇ ਇੱਟ ਮਾਰੀ ਹੈ ਮੇਰੀ ਤੁਸੀਂ ਐਉਂ ਬਾਹਵਾਂ ਮਰੋੜੀ ਲਿਆਏ ਓਂ?

ਉਸ ਵੇਲੇ ਬੜੇ ਪਿਆਰ ਦੇ ਵਿਚ ਆ ਕੇ ਕਹਿੰਦੇ ਬੇਟਾ, ਤੁਸੀਂ ਮੇਰੀ ਇੱਟ ਕਿਉਂ ਮਾਰੀ ਹੈ? ਮੈਂ ਤਾਂ ਤੁਹਾਡਾ ਕੁਛ ਵਿਗਾੜਿਆ ਨਹੀਂ ਸੀ।

ਹੁਣ ਦੇਖੋ ਸਾਧਸੰਗਤ ਜੀ! ਕ੍ਰੋਧ ਜਿੱਤਿਆ ਜਾ ਰਿਹਾ ਹੈ। ਜਦੋਂ ਕ੍ਰੋਧ ਆ ਜਾਂਦਾ ਹੈ ਕਹਿੰਦੇ ਨੇ ਮਾਰੋ, ਗਲ ਵੱਢ ਦਿਓ ਇਹਦਾ। ਅੱਗੇ ਵਾਸਤੇ ਨਾ ਕੋਈ ਕਰੇ।

ਬੱਚੇ ਨੇ ਕਿਹਾ ਕਿ ਜੀ ਅਸੀਂ ਤੁਹਾਡੇ ਨਹੀਂ ਮਾਰੀ ਇੱਟ।

ਮਹਾਰਾਜੇ ਨੇ ਕਿਹਾ, ਤੁਸੀਂ ਡਰੋ ਨਾ, ਸਹੀ-ਸਹੀ ਗੱਲ ਕਰੋ।

ਕਹਿਣ ਲੱਗੇ, ਅਸੀਂ ਤਾਂ ਬੇਰ ਝਾੜਦੇ ਸੀ, ਬੇਰੀ ਦੇ ਇੱਟ ਮਾਰਦੇ ਸੀ, ਉਹ ਆ ਕੇ ਤੁਹਾਡੇ ਲਗ ਗਈ। ਸਾਨੂੰ ਨਹੀਂ ਸੀ ਪਤਾ ਤੁਸੀਂ ਤੁਰੇ ਜਾ ਰਹੇ ਓਂ।

ਉਸ ਵੇਲੇ ਦਇਆ ਮਹਾਰਾਜਾ ਦਇਆ ਵਿਚ ਆ ਗਿਆ, ਖਿਮਾ ਵਿਚ ਆ ਗਿਆ। ਮੁਨਸ਼ੀ ਬੁਲਾ ਲਿਆ, ਪ੍ਰਾਈਵੇਟ ਸੈਕਟਰੀ। ਦੋ ਪਿੰਡਾਂ ਜੀ ਜਗੀਰ ਇਨ੍ਹਾਂ ਮੁੰਡਿਆਂ ਨੂੰ ਲਿਖ ਦਿਓ। ਇਹ ਬੇਰੀ ਦੇ ਇੱਟ ਮਾਰ ਦੇ ਸੀ ਬੇਰੀ ਬੇਰ ਦਿੰਦੀ ਹੈ, ਦੱਸੋ ਰਾਜੇ ਨੂੰ ਵੀ ਕੀ ਦੇਣਾ ਚਾਹੀਦਾ ਹੈ, ਰਾਜੇ ਨੂੰ ਵੀ ਤਾਂ ਕੁੱਛ ਦੇਣਾ ਚਾਹੀਦਾ ਹੈ ਨਾ।

ਕਿੱਡੀ ਖਿਮਾ ਸੀ, ਕਿਵੇਂ ਕ੍ਰੋਧ ਨੂੰ ਮਾਰ ਦਿਤਾ।

ਸੋ ਇਹ ਖਿਮਾ ਵੱਡੀ ਚੀਜ਼ ਹੈ। ਸੋ ਇਸ ਤੋਂ ਬਾਅਦ ਅੱਗੇ ਚੱਲੇ, ਅੱਗੇ ਆ ਗਿਆ ਦਰਵਾਜ਼ਾ, ਉਹਦੇ ਵਿਚੋਂ ਨਿਕਲੀ ਕੀਰਤੀ, ਜਸ ਆ ਗਿਆ। ਕਹਿਣ ਲੱਗੀ ਮੇਰਾ ਵੈਰੀ ਲੋਭ ਹੈ। ਜਦੋਂ ਲੋਭ ਦੇ ਵਿਚ ਆ ਕੇ ਅਸੀਂ ਕਿਸੇ ਤੋਂ ਮੰਗ ਲਿਆ ਤਾਂ ਇਜ਼ਤ ਸਾਡੀ ਜਾਂਦੀ ਰਹਿੰਦੀ ਹੈ।

ਇਕ ਸੁਥਰਾ ਸੀ, ਚੰਗਾ ਪੈਸਾ ਸੀ ਉਸ ਕੋਲ। ਉਹਦੇ ਉਤੇ ਡਾਕੀਆਂ ਨੇ ਹਮਲਾ ਕਰ ਦਿਤਾ ਤੇ ਸਾਰਾ ਡੇਰਾ ਲੁੱਟ ਲਿਆ। ਸਭ ਕਪੜੇ ਲੈ ਗਏ। ਜਦੋਂ ਕਪੜੇ ਲੈ ਕੇ ਚਲੇ ਗਏ, ਉਸ ਵੇਲੇ ਸੁਥਰਾ ਨੱਚਣ ਲੱਗ ਗਿਆ, ਇਕੱਲੀ ਕੁਪੀਨ ਰਹਿ ਗਈ ਉਸ ਕੋਲ। ਛਾਲਾਂ ਮਾਰਦਾ ਹੈ। ਡਾਕੂ ਕਹਿਣ ਲੱਗਿਆ ਤੈਨੂੰ ਕਿਹੜੀ ਖੁਸ਼ੀ ਚੜ੍ਹ ਗਈ? ਤੇਰਾ ਸਭ ਕੁਛ ਜਾਂਦਾ ਰਿਹਾ। ਕਹਿਣ ਲੱਗਿਆ ਮੇਰਾ ਕੁਛ ਨਹੀਂ ਗਿਆ। ਉਸ ਨੇ ਪੁਛਿਆ, ਕਿਉਂ? ਕਹਿੰਦਾ, ਜੇ ਤੁਸੀਂ ਕੁਪੀਨ ਵੀ ਲੈ ਜਾਂਦੇ ਮੈਂ ਨੰਗਾ ਹੀ ਰਹਿ ਜਾਣਾ ਸੀ। ਤੇੜ ਜੋਗਾ ਤਾਂ ਤੁਸੀਂ ਛੱਡ ਦਿਤਾ ਨਾ। ਐਨਾ ਹੀ ਬਹੁਤ ਹੈ ਆਪਾਂ ਨੂੰ।

ਡਾਕੂਆਂ ਨੇ ਸੋਚਿਆ ਇਹ ਤਾਂ ਬੜਾ ਸੰਤੋਖੀ ਪੁਰਸ਼ ਹੈ। ਡਾਕੂਆਂ ਦੇ ਮਨ ਵਿਚ ਦਇਆ ਆ ਗਈ, ਸਾਰਾ ਮਾਲ ਮੋੜ ਕੇ ਸੁਥਰੇ ਨੂੰ ਕਹਿਣ ਲੱਗੇ, ਸਾਨੂੰ ਆਪਣੇ ਚੇਲੇ ਬਣਾ ਲੈ। ਸੋ ਲੋਭ ਨਹੀਂ ਕੀਤਾ ਉਸਨੇ।

ਇਵੇਂ ਜਿਵੇਂ ਇਕ ਸਮਦਰਸ਼ੀ ਬੱਚਾ ਸੀ, ਸੰਤੋਖ ਦੇ ਵਿਚ ਰਹਿਣ ਵਾਲਾ। ਉਹਨੂੰ ਇਕ ਸੇਠ ਨੇ ਗੋਦ ਲੈ ਲਿਆ। ਉਹਨੂੰ ਬਹੁਤ ਸੋਹਣਾ ਖਾਣਾ ਦੇਵੇ, ਬਹੁਤ ਸੋਹਣਾ ਰਹਿਣ ਵਾਸਤੇ ਦੇਵੇ। ਉਹਨੂੰ ਇਕ ਦਿਨ ਪੁੱਛਣ ਲੱਗਿਆ ਕਿ ਤੂੰ ਐਉਂ ਦੱਸ ਜਦੋਂ ਤੂੰ ਪਹਿਲਾਂ ਸੀਗਾ, ਰੁਲਦਾ-ਖੁਲਦਾ, ਜਦ ਚੰਗਾ ਸੀ ਕਿ ਹੁਣ ਚੰਗਾ ਹੈਂ? ਉਹ ਕਹਿਣ ਲੱਗਿਆ, ਉਸ ਵੇਲੇ ਵੀ ਚੰਗਾ ਸੀ, ਹੁਣ ਵੀ ਚੰਗਾ ਹਾਂ। ਕਹਿੰਦਾ ਕਿਉਂ?

ਬੱਚੇ ਨੇ ਕਿਹਾ, ਜਦ ਵੀ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਸੀ, ਹੁਣ ਵੀ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ।

ਉਸਨੇ ਉਹ ਬੱਚਾ ਕਿਸੇ ਸੇਠਾਣੀ ਨੂੰ ਵੇਚ ਦਿਤਾ। ਉਹ ਬੜੀ ਖੁਸ਼ ਹੋਈ, ਬੜਾ ਸੋਹਣਾ ਪਾਲਿਆ, ਬੜਾ ਵਧੀਆ ਰੱਖਿਆ। ਇਕ ਦਿਨ ਪੁੱਛਣ ਲੱਗੀ, ਬੇਟਾ ਐਉਂ ਦੱਸ, ਜਦ ਬਹੁਤ ਸੁਖੀ ਸੀ ਕਿ ਮੇਰੇ ਘਰ ਆ ਕੇ ਸੁਖੀ ਹੈਂ? ਉਹ ਕਹਿਣ ਲੱਗਿਆ, ਮੈਂ ਤਾਂ ਇਥੇ ਵੀ ਸੁਖੀ ਸੀ, ਉਥੇ ਵੀ ਸੁਖੀ ਹਾਂ। ਮੈਨੂੰ ਤਾਂ ਫਰਕ ਨਹੀਂ ਪੈਂਦਾ ਕੋਈ ਵੀ। ਕਹਿਣ ਲੱਗੀ, ਤੂੰ ਤਾਂ ਬੜਾ ਖਰਾਬ ਹੈਂ? ਉਸ ਤੋਂ ਬਾਅਦ ਉਹਨੇ ਇਕ ਰਾਜੇ ਨੂੰ ਵੇਚ ਦਿਤਾ। ਰਾਜੇ ਨੇ ਫੇਰ ਉਸਨੂੰ ਪੁਛਿਆ, ਕਹਿਣ ਲੱਗਿਆ, ਤੂੰ ਜਦ ਸੁਖੀ ਸੀ ਕਿ ਹੁਣ ਸੁਖੀ ਹੈਂ? ਕਹਿਣ ਲੱਗਿਆ, ਮਹਾਰਾਜ! ਜਦੋਂ ਮੇਰੇ ਕੁਛ ਨਹੀਂ ਸੀ, ਰੁਲਦਾ ਫਿਰਦਾ ਸੀ, ਜਦ ਵੀ ਸੁਖੀ ਸੀ, ਜਦੋਂ ਸੇਠ ਤੇ ਫੇਰ ਸੇਠਾਣੀ ਕੋਲ ਰਿਹਾ ਜਦ ਵੀ ਸੁਖੀ ਸੀ। ਹੁਣ ਵੀ ਸੁਖੀ ਹਾਂ।

ਕਹਿੰਦੇ, ਕੀ ਗੱਲ?

ਕਹਿੰਦਾ, ਮੈਨੂੰ ਲੋੜ ਹੀ ਨਹੀਂ ਕਿਸੇ ਚੀਜ਼ ਦੀ। ਕਿਹਦੇ ਕੋਲ ਸੰਤੋਖ ਦਾ ਧਨ ਹੈ, ਉਹਦੇ ਕੋਲ ਹਾਥੀਆਂ ਦਾ, ਘੋੜਿਆਂ ਦਾ, ਕਾਰਾਂ ਦਾ ਧਨ, ਪੈਸੇ ਦਾ, ਰਤਨਾਂ ਦਾ, ਧਰਤੀ ਦਾ ਧਨ ਜਿਹੜਾ ਹੈ, ਤਿੰਨਾਂ ਲੋਕਾਂ ਦਾ ਰਾਜਾ ਜਿਹੜਾ ਹੈ ਉਹ ਕੰਗਾਲ ਹੈ, ਕਿਉਂਕਿ ਸੰਤੋਖ ਵਸਦਾ ਹੈ ਉਸ ਵਿਚ। ਸੰਤੋਖ ਦੇ ਨਾਲ ਲੋਭ ਦਾ ਨਾਸ਼ ਹੁੰਦਾ ਹੈ। ਇਸੇ ਤਰ੍ਹਾਂ ਦਾ ਨਾਲ ਫੇਰ ਧੀਰਜ ਆ ਗਿਆ। ਧੀਰਜ ਨੇ ਮੋਹ ਨੂੰ ਜਿੱਤ ਲਿਆ।

ਕੋਈ ਹੁੰਦਾ ਹੈ ਸਾਧਸੰਗਤ ਜੀ! ਧੀਰਜੀ ਬੰਦਾ। ਧੀਰਜੀ ਬੰਦੇ ਦੋ ਹੀ ਦੇਖੇ ਨੇ। ਇਕ ਵਾਰੀ ਸਵਾਲ ਚੱਲਿਆ, ਸਾਧੂਆਂ 'ਚ। ਆਸਾਮ ਦੇ ਵਿਚ ਇੱਕਠੇ ਹੋਏ-ਹੋਏ ਸੀ ਸਾਰੇ ਸਾਧੂ, ਨਾਗੇ ਸੀ, ਸੰਨਿਆਸੀ ਸੀ। ਉਥੇ ਚੱਲਿਆ ਕਿ ਕੋਈ ਸੰਤ ਹੈਗਾ ਜਿਹੜਾ ਸ਼ਾਂਤੀ ਔਰ ਧੀਰਜ ਦੇ ਵਿਚ ਰਹਿੰਦਾ ਹੋਵੇ। ਨਾਗਾ ਸਾਧੂ ਕਹਿਣ ਲੱਗਿਆ, ਮੈਂ ਇਕ ਨਾਗਾ ਸਾਧੂ ਦੇਖਿਆ ਹੈ। ਉਹ ਹਰਖੋਵਾਲ ਰਹਿੰਦਾ ਹੈ, ਉਸ ਦਾ ਨਾਲ ਬਾਬਾ ਜਵਾਲਾ ਸਿੰਘ ਹੈ। ਉਹ ਸੰਨਿਆਸੀ ਕਹਿਣ ਲੱਗਿਆ ਬਿਲਕੁਲ ਗਲਤ? ਅੱਜ ਕਲਜੁਗ ਦੇ ਜ਼ਮਾਨੇ 'ਚ ਨਾ ਕੋਈ ਸ਼ਾਂਤੀ ਵਾਲਾ ਤੇ ਨਾ ਕੋਈ ਧੀਰਜ ਵਾਲਾ। ਕਹਿੰਦਾ ਦੇਖ ਲੈ, ਤੂੰ ਜਾ ਕੇ। ਕਹਿੰਦਾ ਠੀਕ ਹੈ, ਮੈਂ ਨਿਰਨਾ ਕਰਕੇ, ਸੰਤਾਂ ਨੂੰ ਆ ਕੇ ਇਥੇ ਹੀ ਨਿਰਨਾ ਕਰਕੇ ਦੱਸਾਂਗਾ।

ਹੁਸ਼ਿਆਰਪੁਰ ਉਤਰ ਗਿਆ ਆ ਕੇ ਗੱਡੀ ਚੜ੍ਹ ਕੇ। ਹਰਖੋਵਾਲ ਪਹੁੰਚ ਕੇ ਪੁੱਛਣ ਲਗ ਗਿਆ ਕਿ ਇਥੇ ਕਿੱਥੇ ਨੇ ਸੰਤ ਜਵਾਲਾ ਸਿੰਘ? ਦੱਸਿਆ ਕਿ ਉਥੇ ਅੰਬਾਂ ਦੀ ਝੜੀ ਹੈ, ਉਥੇ ਹੈ ਉਨ੍ਹਾਂ ਦਾ ਆਸ਼ਰਮ। ਉਥੇ ਪਹੁੰਚ ਕੇ ਜਦੋਂ ਪੁਛਿਆ ਤਾਂ ਉਹ ਕਹਿੰਦੇ, ਬਾਬਾ ਜੀ ਤਾਂ ਬਾਹਰ ਨੂੰ ਗਏ ਹੋਏ ਨੇ।

ਕਿੱਥੇ ਹੋਣੇ ਨੇ?

ਕਹਿੰਦੇ, ਕਿਤੇ ਆਰਾਮ ਕਰਦੇ ਹੋਣੇ ਨੇ ਦਰਖਤ ਥੱਲੇ।

ਟੋਲ੍ਹਦਾ-ਟੋਲ੍ਹਦਾ ਅੱਗੇ ਚਲਾ ਗਿਆ, ਓਥੇ ਇਕ ਸੇਵਾਦਾਰ ਮਿਲਿਆ, ਕਹਿੰਦਾ ਕਿਉਂ ਬਈ ਬਾਬਾ ਕਿੱਧਰ ਹੈ? ਉਸ ਨੇ ਕਿਹਾ, ਜੀ ਉਹ ਪਏ ਨੇ।

ਕਹਿੰਦਾ ਪੱਕੀ ਤਰ੍ਹਾਂ ਕਹਿੰਦਾ ਹੈਂ ਕਹਿੰਦਾ ਹਾਂ।

ਉਹ ਖਾਕੀ ਚਾਦਰੇ ਵਾਲਾ। ਅੰਦਰੋਂ ਡਰੇ ਵੀ ਕਿ ਕੋਈ ਹੋਰ ਹੀ ਨਾ ਹੋਵੇ, ਕਿਤੇ ਮੈਨੂੰ ਕੁੱਟਣ ਹੀ ਨਾ ਲਗ ਜਾਵੇ ਮੈਂ ਗੱਲ ਕਰਨੀ ਹੈ ਹੋਰ ਤਰ੍ਹਾਂ।

ਕੋਲ ਚਲਿਆ ਗਿਆ, ਆਰਾਮ ਕਰ ਰਹੇ ਨੇ, ਮੂੰਹ ਢਕਿਆ ਹੋਇਆ ਹੈ। ਇਹਨੇ ਜਾ ਕੇ ਛਾਤੀ ਦੇ ਉਤੇ ਜੁੱਤੀ ਦੇ ਸਣੇ ਪੈਰ ਰੱਖ ਦਿਤਾ।

ਬਾਬਾ ਜੀ ਨੇ ਹੌਲੀ ਦੇ ਕੇ ਹੱਥ ਬਾਹਰ ਕੱਢੇ, ਚਰਨ ਘੁੱਟਣ ਲੱਗ ਗਏ। ਕਹਿਣ ਲੱਗੇ, ਧੰਨ ਭਾਈ, ਧੰਨ ਭਾਈ, ਚਰਨਾਂ ਦੀ ਛੋਹ ਦੇ ਕੇ ਮੈਨੂੰ ਪਵਿੱਤਰ ਕਰ ਦਿਤਾ। ਇਹਨੇ ਚਰਨ ਛੁਡਾ ਕੇ ਠੇਡਾ ਮਾਰਿਆ। ਠੇਡਾ ਮਾਰਿਆ ਤਾਂ ਬਾਬਾ ਜੀ ਉਠ ਕੇ ਬੈਠ ਗਏ। ਜਦੋਂ ਦੇਖਿਆ ਕਿ ਸਾਧੂ ਖੜ੍ਹਾ ਹੈ, ਨਮਸਕਾਰ ਕਰਨ ਲੱਗ ਗਏ। ਕਹਿਣ ਲੱਗੇ, ਤੁਸੀਂ ਵਾਕ-ਏ ਹੀ ਮੇਰੀ ਭੁੱਲ ਦੀ ਸਜ਼ਾ ਦਿਤੀ ਹੈ, ਤੁਸੀਂ ਐਡੀ ਦੂਰੋਂ ਮਹਾਂਪੁਰਸ਼ ਆਏ ਤੇ ਮੈਂ ਪਿਆ-ਪਿਆ ਹੀ ਗੱਲਾਂ ਕਰ ਰਿਹਾਂ। ਬਖਸ਼ੋ ਮਹਾਰਾਜ ਮੈਨੂੰ ਬਖਸ਼ੋ।

ਜਦੋਂ ਐਨੀ ਗੱਲ ਕਹੀ, ਰੋਣ ਲੱਗ ਗਿਆ ਸੰਨਿਆਸੀ। ਧਾਹਾਂ ਮਾਰਨ ਲਗ ਗਿਆ। ਕਹਿਣ ਲੱਗਿਆ, ਸਿਰਫ ਮੈਂ ਤੈਨੂੰ ਦੇਖਿਆ ਇਕ ਧੀਰਜੀ ਬੰਦੇ ਨੂੰ, ਸ਼ਾਂਤੀ ਵਾਲੇ ਨੂੰ। ਨਹੀਂ ਤਾਂ ਨਾਮ ਸ਼ਾਂਤੀ ਪ੍ਰਕਾਸ਼ ਹੋਏਗਾ, ਹੁੰਦਾ ਅਗਨ ਪ੍ਰਕਾਸ਼ ਹੈ।

ਸੋ ਵਿਰਲੇ-ਵਿਰਲੇ ਨੇ, ਬਾਬਾ ਅਜੀਤ ਸਿੰਘ ਜੀ ਨਥਲਪੁਰ ਵਾਲੇ, ਇਹ ਮੁਰਿੰਡੇ ਨੂੰ ਜਾ ਰਹੇ ਸੀ, ਆਹ ਰੰਗੀਆਂ ਦੇ ਕੋਲੋਂ ਲੰਘੇ, ਉਥੇ ਲਾਭ ਸਿੰਘ ਹੁੰਦਾ, ਉਹ ਭੂਤ ਕੱਢਦਾ ਹੁੰਦਾ ਸੀ। ਬਾਬਾ ਜੀ ਨੇ ਕਿਹਾ, ਲਾਭ ਸਿੰਘਾ! ਕਾਹਨੂੰ ਉਲਟੇ ਚੱਕਰਾਂ 'ਚ ਪੈ ਗਿਆ। ਉਥੇ ਬੀਬੀਆਂ, ਭਾਈ ਬੈਠੇ ਸੀ, ਉਹਨੂੰ ਸਮਝਿਆ ਮੇਰੀ ਬੇਇਜ਼ਤੀ ਕਰ ਦਿਤੀ ਉਠਿਆ ਤੇ ਕਹਿਣ ਲੱਗਿਆ ਓਏ! ਤੈਨੂੰ ਕੀਹਨੇ ਕਿਹਾ ਹੈ ਇਥੇ ਆਉਣ ਨੂੰ? ਬਾਬਾ ਜੀ ਦਾ ਨਾਲ ਕੰਬਲ ਖੋਹ ਲਿਆ ਨਾਲ ਧੱਕੇ ਮਾਰ ਦਿਤੇ। ਕਈ ਪ੍ਰੇਮੀ ਬੈਠੇ ਸੀ, ਉਹ ਬੜੇ ਨਰਾਜ਼ ਹੋਏ, ਉਨ੍ਹਾਂ ਨੇ ਗੱਲ ਬਾਹਰ ਫੈਲਾ ਦਿਤੀ। ਬਾਬਾ ਜੀ ਨੇ ਦੇਖ ਲਿਆ ਕਿ ਇਹਨੂੰ ਕੁੱਟਣਗੇ ਆ ਕੇ। ਉਹ ਰੇਲ ਦੀ ਪਟੜੀ ਤੇ ਹੀ ਬੈਠ ਗਏ। ਇਧਰਲੇ ਪਾਸੇ ਜਦੋਂ ਸਿੰਘਾਂ ਨੂੰ ਪਤਾ ਲੱਗਿਆ, ਆਹ ਸ. ਜੁਗਿੰਦਰ ਸਿੰਘ ਓਨਾਂ ਸਾਰਿਆਂ ਨੂੰ, ਇਹ ਆ ਗਏ ਕਿ ਪੁਛੀਏ ਕਿ ਬਾਬੇ ਨੂੰ ਧੱਕੇ ਕਿਉਂ ਮਾਰੇ?

ਬਾਬਾ ਜੀ ਰਾਹ ਵਿਚ ਹੀ ਬੈਠੇ ਸੀ ਕਹਿਣ ਲੱਗੇ, ਸਾਊ! ਉਰੇ ਆਓ, ਉਰੇ ਕਿਧਰ ਨੂੰ ਜਾਂਦੇ ਹੋ ਤੁਸੀਂ ਡਾਂਗਾਂ ਚੁੱਕੀਂ? ਕਹਿਣ ਲੱਗੇ, ਬਾਬਾ ਜੀ ਤੁਹਾਡਾ ਬੜਾ ਨਿਰਾਦਰ ਕਰਿਆ ਇਹਨੇ।

ਕਹਿੰਦੇ, ਬਹਿ ਜਾਓ, ਬਹਿ ਜਾਓ। ਸਾਰੇ ਬਿਠਾਲ ਲਏ, ਕਹਿੰਦੇ ਦੇਖੋ, ਸਿਆਣਾ ਬੰਦਾ ਐਉਂ ਸੋਚਦਾ ਹੁੰਦਾ ਹੈ ਕਿ ਕਸੂਰ ਕੀਹਦਾ ਹੈ? ਕਸੂਰ ਤਾਂ ਮੇਰਾ ਸੀ, ਉਹ ਭੂਤ

ਕੱਢਦਾ ਸੀ, ਮੈਨੂੰ ਕੀ ਲੋੜ ਸੀ ਉਹਦੇ ਕੋਲ ਜਾਣ ਦੀ। ਮੈਂ ਜਾ ਕੇ ਉਹਨੂੰ ਉਪਦੇਸ਼ ਦਿਤਾ, ਉਹਨੇ ਭਾਈ, ਫੇਰ ਮੇਰਾ ਕੰਬਲ ਲਾਹੁਣਾ ਹੀ ਸੀ। ਤਾਂ ਕੀ ਫਰਕ ਪੈ ਗਿਆ ਕਿ ਕੰਬਲ ਲਾਹ ਲਿਆ, ਮੇਰੇ ਕੋਲ ਹੋਇਆ ਕਿ ਉਹਦੇ ਕੋਲ ਹੋਇਆ ਕੀ ਫਰਕ ਹੈ।

ਸੋ ਧੀਰਜ ਤੇ ਸ਼ਾਂਤੀ ਦੋ ਵੱਡੇ ਗੁਣ ਨੇ ਜਿਹੜੇ ਹਰ ਕਿਸੇ ਵਿਚ ਨਹੀਂ ਹੁੰਦੇ।

***ਬ੍ਰਹਮ ਗਿਆਨੀ ਕੈ ਧੀਰਜੁ ਏਕ॥***
***ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥***
***ਅੰਗ - 272***

ਸੋ ਇਸ ਤੋਂ ਬਾਅਦ ਸ਼ਾਂਤੀ ਆਉਂਦੀ ਹੈ ਕਹਿਣ ਲੱਗੀ, ਮੇਰਾ ਵੈਰੀ ਅਹੰਕਾਰ ਹੈ। ਮੈਂ ਹਿਰਦੇ ਵਿਚ ਰਹਿੰਦੀ ਹਾਂ ਤੇ ਮੇਰੇ ਨਾਲ ਜੇ ਕੋਈ ਪਿਆਰ ਕਰੇ ਮੈਂ ਆਤਮ ਗਿਆਨ ਕਰਾ ਦਿੰਦੀ ਹਾਂ। ਸ਼ਾਂਤੀ ਤੇ ਧੀਰਜ ਰੱਖ ਲਈਆਂ ਬਾਕੀ ਉਹਨੇ ਛੱਡ ਦਿਤੀਆਂ। ਇਹਦੇ ਨਾਲ ਬ੍ਰਹਮਗਿਆਨ ਦੇ ਵਿਚ ਪ੍ਰਵੇਸ਼ ਕਰਕੇ, ਉਹ ਜੀਵਨ ਮੁਕਤ ਹੋ ਗਿਆ।

ਸੋ ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਆਪਣੇ ਆਪ ਦੀ ਖੋਜ ਕਰੋ। ਮਨ ਦੇ ਵਿਚ ਵਾਸ਼ਨਾਵਾਂ ਰਹਿੰਦੀਆਂ ਨੇ, ਇਨ੍ਹਾਂ ਤੇ ਪਾਓ ਕਾਬੂ। ਪਹਿਲੀ ਧਨ ਵਾਸ਼ਨਾ ਹੈ। ਧਨ ਵਾਸ਼ਨਾ ਵਿਚ ਲੱਗਿਆ ਹੋਇਆ ਬੰਦਾ, ਹਰ ਵਕਤ ਮਾਇਆ ਦਾ ਧਿਆਨ ਰੱਖਦਾ ਹੈ। ਕਹਿੰਦੇ, ਨਤੀਜਾ ਕੀ ਹੁੰਦਾ? ਬਹੁਤ ਭਿਆਨਕ। ਸੱਪ ਬਣ ਜਾਂਦੇ ਨੇ।

***ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥***
***ਸਰਪ ਜੋਨਿ ਵਲਿ ਵਲਿ ਅਉਤਰੈ॥ ਅੰਗ - 526***

ਇਕ ਵਾਰੀ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਊਨੇ ਵਾਲੇ, ਅੰਮ੍ਰਿਤਸਰ ਆਏ, ਆਪ ਦਾ ਦੀਵਾਨ ਲੱਗਿਆ ਹੋਇਆ ਹੈ, ਕੀਰਤਨ ਹੋ ਰਿਹਾ ਹੈ, ਆਪ ਬਚਨ ਸੁਣਾ ਰਹੇ ਨੇ। ਕੀ ਦੇਖਦੇ ਨੇ ਕਿ ਇਕ ਮਹਿਲ ਸੀ ਫਟਿਆ ਹੋਇਆ, ਉਹਦੇ ਵਿਚੋਂ ਇਕ ਵੱਡਾ ਕਾਲਾ ਨਾਗ ਨਿਕਲਿਆ। ਬਾਬਾ ਜੀ ਵਲ ਨੂੰ ਆਈ ਜਾਵੇ। ਕਹਿਣ ਲੱਗੇ, ਮਾਰਿਓ ਨਾ ਭਾਈ। ਫੇਰ ਨਠਾ ਦੇਣ ਫੇਰ ਆ ਜਾਵੇ, ਫੇਰ ਨਠਾਉਣ ਉਹ ਫੇਰ ਆ ਜਾਵੇ।

ਬਾਬਾ ਜੀ ਕਹਿੰਦੇ ਆ ਜਾਣ ਦਿਓ, ਸਾਮ੍ਹਣੇ ਆ ਗਿਆ, ਜਿਥੇ ਬਾਬਾ ਜੀ ਬੈਠੇ ਸੀ, ਉਥੇ ਆ ਕੇ ਫਣ ਫੈਲਾ ਕੇ ਖੜ੍ਹ ਗਿਆ। ਬਾਬਾ ਜੀ ਕਹਿੰਦੇ, ਆਹ ਜਿਹੜਾ ਸਾਡਾ ਗੜਵਾ ਹੈ ਨਾ ਜਿਹੜਾ ਅਸੀਂ ਨਾਮ ਜਪਣ ਵਾਲੇ ਕੋਲ ਰੱਖਦੇ ਹਾਂ, ਇਹਦੇ 'ਚੋਂ ਜਲ ਦਾ ਛਿੱਟਾ ਮਾਰੋ, ਇਹਦੇ ਉਤੇ। ਚੂਲੀ ਭਰੀ ਛਿੱਟਾ ਮਾਰ ਦਿਤਾ, ਉਥੇ ਹੀ ਗਿਰ ਗਿਆ, ਗਿਰ ਕੇ ਕੀ ਹੋਇਆ ਧੂੰਆਂ ਜਿਹਾ ਨਿਕਲ ਆਇਆ ਵਿਚੋਂ, ਨਮਸਕਾਰਾਂ ਕਰੀ ਜਾਂਦਾ ਹੈ ਬਾਬਾ ਜੀ ਨੂੰ। ਪਰ ਕਿਸੇ ਨੂੰ ਦਿਸਦਾ ਨਹੀਂ ਸਵਾਇ ਬਾਬਾ ਜੀ ਤੋਂ। ਕਹਿਣ ਲੱਗੇ, ਬਾਬਾ ਜੀ ਇਹ ਕੀ ਕੌਤਕ ਵਰਤਿਆ। ਪਾਣੀ ਪਾਉਣ ਤੇ ਹੀ ਸੱਪ ਮਰ ਗਿਆ। ਇਹ ਤੁਹਾਡੇ ਵਲ ਨੂੰ ਬਾਰ-ਬਾਰ ਕਿਉਂ ਆਉਂਦਾ ਸੀ?

ਕਹਿੰਦੇ, ਭਾਈ ਪ੍ਰੇਮੀਓਂ। ਇਹ ਦਰਬਾਰ ਸਾਹਿਬ ਦਾ ਗ੍ਰੰਥੀ ਸੀਗਾ, ਪੁਜਾਰੀ ਸੀ। ਹਰ ਵਕਤ ਪੈਸੇ ਵਿਚ ਧਿਆਨ ਰਖਦਾ ਸੀ, ਐਧਰੋ ਵੀ ਮਿਲ ਜਾਏ, ਓਧਰੋਂ ਵੀ ਮਿਲ ਜਾਏ। ਕਹਿ-ਕਹਿ ਕੇ ਪੈਸੇ ਇੱਕਠੇ ਕਰਦਾ ਸੀ, ਹੁਣ ਪੈਸਾ ਹੋ ਗਿਆ ਸੀ ਬਹੁਤਾ, ਜਦੋਂ ਮਰਿਆ ਤਾਂ ਧਿਆਨ ਆ ਗਿਆ ਕਿ ਉਥੇ ਦੱਬਿਆ ਹੋਇਆ ਹੈ, ਉਥੇ ਦਬਿਆ ਹੋਇਆ ਹੈ, ਹੁਣ ਫੇਰ ਸੱਪ ਬਣ ਕੇ ਦੁਖੀ ਹੋ ਗਿਆ। ਕੁਛ ਥੋੜ੍ਹਾ ਜਿਹਾ ਗਿਆਨ ਰਹਿ ਗਿਆ ਪਿਛਲੇ ਜਨਮ ਦਾ। ਇਸ ਕਰਕੇ ਸਤਿਸੰਗ ਦਾ ਆਸਰਾ ਲੈ ਕੇ ਚਾਹੁੰਦਾ ਸੀ ਕਿ ਮੇਰੀ ਖਲਾਸੀ ਹੋ ਜਾਏ। ਸੋ ਇਹਦੀ ਖਲਾਸੀ ਹੋ ਗਈ।

ਇਸੇ ਤਰ੍ਹਾਂ ਦੇ ਨਾਲ ਆਦਮੀ ਅੰਦਰ ਵਾਸ਼ਨਾ ਹੁੰਦੀ ਹੈ ਕਿ ਮੇਰੀ ਪ੍ਰਾਪਰਟੀ ਬਣ ਜਾਵੇ, ਮੇਰੀਆਂ ਕੋਠੀਆਂ ਬਣ ਜਾਣ, ਮੇਰਾ ਆਹ ਜਾਏ, ਔਹ ਬਣ ਜਾਏ। ਮਹਾਰਾਜ ਕਹਿੰਦੇ ਇਹ ਵਾਸ਼ਨਾ ਵੀ ਬੜੀ ਦੁਖਦਾਇਕ ਹੈ।

ਜਿਨ੍ਹਾਂ ਦਾ ਪ੍ਰਾਪਰਟੀ ਦੇ ਵਿਚ ਸਾਰੀ ਜ਼ਿੰਦਗੀ ਧਿਆਨ ਰਹਿੰਦਾ ਹੈ ਕਿ ਮੈਂ ਆਹ ਜ਼ਮੀਨ ਬਣਾ ਲਵਾਂ, ਔਹ ਬਣਾ ਲਵਾਂ। ਔਹ ਵੀ ਕੋਠੀ ਲੈ ਲਵਾਂ, ਔਹ ਸ਼ਹਿਰ ਵਿਚ ਵੀ ਲੈ ਲਵਾਂ। ਜਦੋਂ ਜਾਂਦਾ ਹੈ, ਕੁਦਰਤੀ ਤੌਰ ਤੇ ਉਹਦਾ ਧਿਆਨ ਉਨ੍ਹਾਂ ਵਿਚ ਰਹਿ ਜਾਂਦਾ ਹੈ, ਤੇ ਮਰਨ ਤੋਂ ਬਾਅਦ ਭੂਤ ਬਣ ਕੇ ਉਨ੍ਹਾਂ ਵਿਚ ਰਹਿਣਾ ਸ਼ੁਰੂ ਕਰ ਦਿੰਦਾ ਹੈ।

ਇਕ ਵਾਰੀ ਇਕ ਮਹਾਤਮਾ ਹਜ਼ੂਰ ਸਾਹਿਬ ਨੂੰ ਜਾਂਦੇ ਨੇ, ਨਿਰਮਲੇ ਸੰਤ ਨੇ, ਜਾਂਦੇ-ਜਾਂਦੇ ਜਦੋਂ ਜੈਪੁਰ ਪਹੁੰਚਦੇ ਨੇ, ਉਥੇ ਪੁਛਿਆ ਕਿ ਇਥੇ ਕੋਈ ਸੰਤਾਂ ਸਾਧਾਂ ਦੇ ਰਹਿਣ ਵਾਸਤੇ ਥਾਉਂ ਵੀ ਹੈ ਭਾਈ?

ਉਥੇ ਸ਼ਰਾਰਤੀ ਮੁੰਡੇ ਬੈਠੇ ਸੀ, ਕਹਿਣ ਲੱਗੇ, ਸਪੈਸ਼ਲ ਥਾਉਂ ਹੈ ਸੰਤਾਂ ਵਾਸਤੇ।

ਕਹਿੰਦੇ, ਕਿਹੜਾ?

ਕਹਿੰਦੇ, ਨਾ ਕਿਸੇ ਨੂੰ ਪੁੱਛਣਾ ਪੈਂਦਾ ਹੈ, ਨਾ ਗਿਣਨਾ ਪੈਂਦਾ ਹੈ, ਔਹ ਦੇਖੋ ਕੋਠੀ ਬਾਗ ਦੇ ਵਿਚ।

ਕਹਿੰਦੇ, ਕਿ ਪੁਛਣਾ ਨਹੀਂ ਕਿਸੇ ਨੂੰ ਕੁਛ?

ਕਹਿੰਦੇ ਨਾ ਬਾਬਾ ਜੀ! ਅਸੀਂ ਆਹੀ ਦੱਸਣ ਵਾਸਤੇ

ਇਥੇ ਬਹਿੰਦੇ ਹੁੰਦੇ ਹਾਂ ਕਿ ਜੇ ਕੋਈ ਸਾਧੂ ਸੰਤ ਇਥੇ ਆਵੇ, ਅਸੀਂ ਦੱਸ ਦੇਈਏ ਕਿ ਇਥੇ ਜਾਓ, ਕੋਠੀ ਸਾਫ ਕਰ ਲਓ ਤੇ ਉਹਦੇ ਵਿਚ ਰਿਹਾਇਸ਼ ਕਰੋ।

ਸੰਤ ਚਲੇ ਗਏ, ਵਿਚਾਰ ਕਰਦੇ ਜਾਂਦੇ ਨੇ ਕਿ ਐਉਂ ਤਾਂ ਕੋਈ ਮਕਾਨ ਸੁੰਨਾ ਨਹੀਂ ਛੱਡਦਾ ਹੁੰਦਾ, ਕੋਈ ਨਾ ਕੋਈ ਭੇਤ ਇਸ ਗੱਲ ਦੇ ਵਿਚ। ਰੋਜ਼ ਫਿਰਦੇ ਸੀ, ਨਿੱਤ ਭ੍ਰਮਣ ਕਰਦੇ ਸੀ। ਤੇ ਅਖੀਰ ਕਹਿਣ ਲੱਗੇ ਕਿ ਦੇਖਦੇ ਹਾਂ, ਜੋ ਕੁਛ ਹੋਏਗਾ। ਜਾ ਕੇ ਸਾਧੂਆਂ ਨੂੰ ਕਹੋ ਕਿ ਪਹਿਲਾਂ ਸਫਾਈ ਕਰੋ, ਚੰਗੀ ਤਰ੍ਹਾਂ। 20-22 ਕਮਰਿਆਂ ਦੀ ਕੋਠੀ। ਕਿਹਾ ਕਿ ਕਮਰੇ ਛਾਂਟ ਲਓ, ਆਰਾਮ ਨਾਲ ਰਹੋ, ਫੇਰ ਸਾਡੇ ਕੋਲ ਆ ਜਾਇਓ ਸਾਰੇ। ਪ੍ਰਸ਼ਾਦ ਪਾਣੀ ਤਿਆਰ ਕਰ ਲਓ ਤੇ ਛਕ ਲਓ। ਉਸ ਤੋਂ ਬਾਅਦ ਜਦੋਂ ਮਹਾਂਪੁਰਸ਼ਾਂ ਕੋਲ ਗਏ, ਸੂਰਜ ਛੁਪ ਗਿਆ।

ਕਹਿਣ ਲੱਗੇ, ਰਹਿਰਾਸ ਸਾਹਿਬ ਦਾ ਧਿਆਨ ਨਾਲ ਪਾਠ ਕਰਨਾ ਹੈ। ਫੇਰ ਪ੍ਰਸ਼ਾਦਾ ਛਕ ਕੇ, ਸਿਮਰਨ ਕਰਨਾ ਹੈ, ਉਸ ਤੋਂ ਬਾਅਦ ਕੀਰਤਨ ਸੋਹਿਲਾ ਪੜ੍ਹਨਾ ਹੈ ਤੇ ਸਾਵਧਾਨੀ ਨਾਲ ਪੈਣਾ ਹੈ।

ਉਹ ਕਹਿਣ ਲੱਗੇ ਕਿ ਮਹਾਰਾਜ! ਕੋਈ ਗੱਲ ਹੈ?

ਕਹਿੰਦੇ ਹਾਂ, ਗੱਲ ਦਾ ਪਤਾ ਲੱਗ ਜਾਏਗਾ।

ਉਸ ਵੇਲੇ ਸਾਰੇ ਇਸੇ ਤਰ੍ਹਾਂ ਕਰਕੇ ਬਿਰਾਜ ਗਏ ਤੇ ਮਹਾਂਪੁਰਸ਼ ਬੈਠੇ ਨੇ। ਗਿਆਰ੍ਹਾਂ ਵੱਜ ਗਏ ਰਾਤ ਦੇ। ਐਨੇ ਨੂੰ ਕੀ ਦੇਖਦੇ ਨੇ ਕਿ ਇਕ ਬਹੁਤ ਹੀ ਵਿਕਰਾਲ ਰੂਹ ਉਸੇ ਕੋਠੀ ਦੇ ਕਮਰਿਆਂ ਵਿਚੋਂ ਨਿਕਲੀ ਤੇ ਸੰਤਾਂ ਦੇ ਕੋਲ ਕੰਬਦੀ-ਕੰਬਦੀ ਆ ਗਈ, ਦੂਰ ਹੀ ਬਹਿ ਗਿਆ।

ਮਹਾਤਮਾ ਕਹਿਣ ਲੱਗੇ ਕਿ ਤੂੰ ਕੌਣ ਹੈ?

ਕਹਿਣ ਲੱਗਿਆ ਕਿ ਮਹਾਰਾਜ! ਮੈਂ ਇਸ ਕੋਠੀ ਦਾ ਮਾਲਕ, ਵੱਡਾ ਸੇਠ ਹਾਂ।

ਕਹਿੰਦੇ, ਕੀ ਗੱਲ, ਤੂੰ ਇਥੇ ਰਹਿੰਦਾ ਹੈਂ?

ਕਹਿੰਦਾ, ਮੇਰੀ ਵਿਥਿਆ ਸੁਣੋ। ਮੈਂ ਇਥੇ ਰਹਿੰਦਾ ਸੀ, ਵੱਡਾ ਪਰਿਵਾਰ ਸੀ ਮੇਰਾ, ਮੈਂ ਕੋਠੀ ਉਸ ਹਿਸਾਬ ਨਾਲ ਬਣਾਈ ਕਿ ਮੇਰਾ ਸਾਰਾ ਪਰਿਵਾਰ ਰਹੇ। ਮੈਂ ਮਰ ਗਿਆ, ਮੇਰਾ ਧਿਆਨ ਕੋਠੀ ਵਿਚ ਰਹਿ ਗਿਆ, ਮੈਂ ਪ੍ਰੇਤ ਬਣ ਗਿਆ। ਦੁਖੀ ਮੈਂ ਬਹੁਤ ਹਾਂ ਮਹਾਂਪੁਰਸ਼ੋ! ਮੇਰੀ ਗਤੀ ਨਾ ਹੋਈ, ਮੈਂ ਆਪਣਾ ਸਾਰਾ ਹੀ ਪਰਿਵਾਰ ਮਾਰ ਦਿਤਾ, ਜਿੰਨੇ ਬੱਚੇ ਸੀ ਸਭ ਮਾਰ ਦਿਤੇ, ਕੋਈ ਨਹੀਂ ਰਿਹਾ, ਖਾਲੀ ਹੋ ਗਈ ਕੋਠੀ। ਉਸ ਤੋਂ ਬਾਅਦ ਏਸ ਕੋਠੀ ਵਿਚ ਪਸ਼ੂ ਆ ਗਿਆ ਪਸ਼ੂ ਮਰ ਗਿਆ, ਕੋਈ ਪੰਛੀ ਉਡ ਕੇ ਮਰ ਗਿਆ ਉਹ ਮਰ ਗਿਆ। ਮੇਰੀ ਬਿਰਤੀ ਕਰੂਰ ਸੀ। ਜੇ ਕੋਈ ਸਾਧੂ ਮਹਾਤਮਾ, ਕੋਈ ਠਹਿਰਨ ਵਾਲਾ ਆ ਗਿਆ ਰਾਤ ਨੂੰ, ਮੈਂ ਮੰਜੇ ਮੂੰਧੇ ਮਾਰ ਦਿੰਦਾ ਸੀ, ਜਾਂ ਮੈਂ ਮਾਰ ਦਿੰਦਾ ਸੀ ਉਹਨੂੰ। ਉਹ ਮੁੰਡੇ ਉਥੇ ਬੈਠੇ ਨੇ ਜਿਨ੍ਹਾਂ ਨੇ ਤੁਹਾਨੂੰ ਭੇਜਿਆ ਹੈ। ਕਹਿੰਦਾ ਉਹ ਚੀਕਾਂ ਮਾਰਦਾ ਹੁੰਦਾ ਇਥੋਂ ਨੱਠਦਾ ਹੁੰਦਾ, ਉਹ ਤਮਾਸ਼ੇ ਦੇਖਦੇ ਹੁੰਦੇ। ਕਹਿੰਦੇ ਸੀ ਕਿ ਆਹ ਕੋਠੀ ਵਿਚ ਰਹਿ ਭਾਈ, ਨੱਠਿਆ ਕਿਉਂ ਆਉਂਦਾ ਹੈਂ?

ਤੁਹਾਡੇ ਨਾਲ ਉਨ੍ਹਾਂ ਮੁੰਡਿਆਂ ਨੇ ਮਸਕਰੀ ਕਰੀ ਸੀ। ਪਰ ਤੁਸੀਂ ਜਪ ਤਪ ਵਾਲੇ ਓਂ, ਕੋਈ ਐਸੀ ਕਲਾਮ ਪੜ੍ਹੀ ਹੈ, ਮੇਰਾ ਬਲ ਨਹੀਂ ਚਲ ਰਿਹਾ ਕਿਸੇ ਦੇ ਉਤੇ।

ਕੀਰਤਨ ਸੋਹਿਲਾ ਜੋ ਪੜ੍ਹ ਕੇ ਪੈ ਗਏ, ਬਲ ਕੀ ਚੱਲਣਾ ਸੀ ਫੇਰ। ਕਿਲ੍ਹਾ ਹੋ ਗਿਆ।

ਉਸ ਵੇਲੇ ਕਹਿਣ ਲੱਗਿਆ ਕਿ ਮੈਂ ਸਾਰਾ ਬਲ ਲਾ ਕੇ, ਹਾਰ ਕੇ ਤੁਹਾਡੇ ਚਰਨੀਂ ਆਇਆ ਹਾਂ। ਮੇਰਾ ਉਧਾਰ ਕਰੋ, ਮੈਂ ਬੜਾ ਦੁਖੀ ਹਾਂ।

ਮਹਾਂਪੁਰਸ਼ਾਂ ਕਹਿਣ ਲੱਗੇ ਕਿ ਅਖੰਡਪਾਠ ਕਰਨਾ ਪੈਣਾ ਹੈ, ਕਿਉਂਕਿ ਗੁਰੂ ਦੀ ਬਾਣੀ ਦੇ ਵਿਚ ਅਥਾਹ ਬਲ ਹੈ। ਜੇ ਸ਼ੁੱਧ ਅਖੰਡਪਾਠ ਕੀਤਾ ਜਾਵੇ। ਇਹਦੇ ਵਿਚ ਵੀ ਫਰਕ ਹੋਇਆ ਕਰਦਾ ਹੈ, ਸ਼ੁੱਧ ਤੇ ਅਸ਼ੁੱਧ ਵਿਚ।

ਗਲਤ ਪਾਠੀ ਹੋਵੇ, ਨਿਤਨੇਮੀ ਨਾ ਹੋਵੇ, ਨਿੰਦਿਆ ਕਰਨ ਵਾਲਾ ਹੋਵੇ, ਚੁਗਲੀਆਂ ਕਰਨ ਵਾਲਾ ਹੋਵੇ, ਈਰਖਾ ਵਾਲਾ ਹੋਵੇ। ਉਹਦੇ ਅੰਦਰ ਲਿਵ ਨਾ ਲੱਗਣ ਕਰਕੇ, ਪਾਠ ਦਾ ਫਲ ਘਟ ਹੋਇਆ ਕਰਦਾ ਹੈ। ਬਾਣੀ ਚਾਰਜ ਨਹੀਂ ਹੁੰਦੀ। ਜਿਵੇਂ ਬੈਟਰੀ ਤਾਂ ਹੈਗੀ ਪਰ ਚਾਰਜ ਕਰੇ ਤੇ ਕਰੰਟ ਦਿੰਦੀ ਹੈ। ਇਵੇਂ ਜਿਵੇਂ ਸਾਡੇ ਮੁੱਖ ਤੇ ਹਿਰਦੇ ਦੇ ਨਾਲ ਰਲ ਕੇ ਬਾਣੀ ਕਰੰਟ ਦਿੰਦੀ ਹੈ। ਸੰਤਾਂ ਵਿਚ ਸ਼ਕਤੀਆਂ ਕਿਉਂ ਹੁੰਦੀਆਂ ਨੇ, ਕਿਉਂਕਿ ਉਹ ਬਾਣੀ ਸਾਕਾਰ ਕਰ ਲੈਂਦੇ ਨੇ।

ਸੋ ਸੰਤ ਕਹਿਣ ਲੱਗੇ ਕਿ ਅਸੀਂ ਅਖੰਡਪਾਠ ਕਰਾ ਦਿੰਦੇ ਹਾਂ। ਪਰ ਮਾਇਆ ਸਾਡੇ ਕੋਲ ਹੈ ਨਹੀਂ ਪ੍ਰੇਮੀਆਂ! ਕਹਿੰਦਾ ਮਾਇਆ? ਮਾਇਆ ਤਾਂ ਕੋਈ ਦੇਹਲੀ ਪੁੱਟ ਲਓ, ਮਾਇਆ ਹੀ ਮਾਇਆ ਹੈ। ਇਕ ਦੇਹਲੀ ਪੁੱਟੀ ਪੰਜ ਸੌ ਰੁਪਿਆ ਨਿਕਲ ਆਇਆ।

ਸੰਤ ਕਹਿਣ ਲੱਗੇ ਕਿ ਅਸੀਂ ਤੇਰਾ ਅਖੰਡਪਾਠ ਕਰਾਵਾਂਗੇ, ਦੇਗ ਰਖਾਂਗੇ, ਜੇ ਤਾਂ ਤੂੰ ਚੁੱਕ ਕੇ ਲੈ ਗਿਆ, ਤਾਂ ਤਾਂ ਸਮਝ ਲਵਾਂਗੇ ਕਿ ਤੇਰੀ ਗਤੀ ਹੋ ਗਈ, ਜੇ ਨਾ ਲੈ ਕੇ ਗਿਆ, ਫੇਰ ਅਸੀਂ ਇਕ ਦਿਨ ਠਹਿਰਾਂਗੇ, ਗੱਲ ਦੱਸ

ਦੇਵੀਂ।

ਇਸੇ ਤਰ੍ਹਾਂ ਕੀਤਾ ਗਿਆ। ਪਾਠ ਤੋਂ ਬਾਅਦ ਪ੍ਰਸ਼ਾਦ ਰੱਖਿਆ, ਕੌਲੀ ਵਿਚ ਪਾ ਕੇ। ਇੰਤਜ਼ਾਰ ਕਰਦੇ ਰਹੇ, ਪ੍ਰਸ਼ਾਦ ਗਿਆ ਨਾ।

ਰਾਤ ਨੂੰ ਫੇਰ ਆ ਗਿਆ, ਲੇਕਿਨ ਸੋਹਿਣਾ ਹੋਇਆ ਹੋਇਆ। ਕਹਿੰਦੇ, ਪ੍ਰੇਮੀਆਂ! ਤੇਰਾ ਕੁੱਛ ਬਣਿਆ? ਕਹਿੰਦਾ, ਮੇਰਾ ਰੂਪ ਤਾਂ ਹੋ ਗਿਆ ਠੀਕ ਪਾਠ ਦੇ ਨਾਲ। ਦੁੱਖ ਵੀ ਮੇਰਾ ਸਾਰਾ ਕੱਟ ਗਿਆ। ਲੇਕਿਨ ਮੇਰੀ ਗਤੀ ਨਹੀਂ ਹੋਈ।

ਕਹਿੰਦੇ, ਕਿਉਂ?

ਕਹਿਣ ਲੱਗਿਆ, 12-2 ਜਿਹੜਾ ਪਾਠੀ ਸੀ, ਉਹ ਅਸ਼ੁੱਧ ਸੀ ਉਸ ਵੇਲੇ, ਇਸ਼ਨਾਨ ਨਹੀਂ ਸੀ ਉਹਨੇ ਕਰਿਆ। ਬੁਲਾ ਕੇ ਪੁੱਛਿਆ, ਕਹਿੰਦਾ, ਹਾਂ ਜੀ ਭੁੱਲ ਹੋ ਗਈ।

ਕਹਿੰਦੇ, ਤੂੰ ਬੜਾ ਮਾੜਾ ਕੰਮ ਕਰਿਆ।

ਹੁਣ ਫੇਰ?

ਕਹਿਣ ਲੱਗਿਆ, ਮਹਾਰਾਜ! ਹੋਰ ਦੇਹਲੀ ਪੁੱਟ ਲਓ, ਓਥੋਂ ਮਾਇਆ ਕੱਢ ਲਓ। ਦੇਹਲੀ ਪੁੱਟੀ, ਮਾਇਆ ਕੱਢ ਲਈ, ਉਸ ਤੋਂ ਬਾਅਦ ਅਖੰਡਪਾਠ ਜਦੋਂ ਕਰਿਆ, ਪ੍ਰਸ਼ਾਦ ਲੈ ਗਿਆ ਤੇ ਗਤੀ ਹੋ ਗਈ।

ਸੋ ਮਤਲਬ ਇਹ ਹੈ ਕਿ ਵਾਸ਼ਨਾ ਜਿਹੜੀ ਹੈ ਜਾਇਦਾਦ ਦੀ ਉਹ ਆਦਮੀ ਨੂੰ ਪ੍ਰੇਤ ਬਣਾ ਦਿੰਦੀ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਪ੍ਰੇਮੀਓ! ਤੁਸੀਂ ਬਾਕੀ ਤਪ ਕਰ ਲਓਂਗੇ, ਮਾਇਆ ਨੂੰ ਕਿਵੇਂ ਮਾਰੋਂਗੇ? ਵਾਸ਼ਨਾ ਤਾਂ ਜਦੋਂ ਅੰਦਰ ਖੋਜ ਕਰੋਂਗੇ, ਹੁਕਮ ਵਿਚ ਜਾਓਂਗੇ, ਫੇਰ ਵਾਸ਼ਨਾਵਾਂ ਮਰਦੀਆਂ ਨੇ।

ਸੋ ਤੁਸੀਂ ਜਿਹੜਾ ਤਾਮਸੀ ਤਪ ਕਰਦੇ ਰਹੇ ਇਹਨੇ ਫਲ ਨਹੀਂ ਦਿਤਾ। ਤੁਸੀਂ ਰਾਜਸੀ ਤੇ ਸਾਂਤਕੀ ਤਪ ਕਰੋ। ਤਾਮਸੀ ਤਪ ਨਾਲ ਗਿਆਨ ਨਹੀਂ ਪ੍ਰਾਪਤ ਹੋਇਆ ਕਰਦਾ। ਜਦੋਂ ਰਾਜਸੀ ਤੇ ਸਾਂਤਕੀ ਤਪ ਕਰੋਂਗੇ, ਉਸ ਵੇਲੇ ਜਦੋਂ ਕੀਰਤਨ ਕਰੋਂਗੇ, ਕਥਾ ਕਰੋਂਗੇ, ਬਾਣੀ ਪੜ੍ਹੋਂਗੇ, ਬਾਣੀ ਸੁਣੋਂਗੇ, ਫੇਰ ਤੁਹਾਡੇ ਅੰਦਰ ਗੁਰੂ ਦਾ ਸਰੂਪ ਦ੍ਰਿੜ੍ਹ ਹੋ ਕੇ ਗੁਰੂ ਨਾਲ ਪਿਆਰ ਪੈ ਜਾਵੇਗਾ, ਗੁਰੂ ਦਾ ਸਰੂਪ ਤੁਹਾਡੇ ਅੰਦਰ ਦ੍ਰਿੜ੍ਹ ਹੋ ਕੇ ਪ੍ਰਕਾਸ਼ ਪੈਦਾ ਕਰ ਦੇਵੇਗਾ।

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥ ਅੰਗ - 864***

ਸੋ ਬੈਰੰਗ ਉਪਾਸ਼ਨਾ ਹੁੰਦੀ ਹੈ। ਇਕ ਅੰਤਰੰਗ ਉਪਾਸਨਾ ਹੁੰਦੀ ਹੈ। ਅੰਤਰੰਗ ਉਪਾਸਨਾ ਜਦੋਂ ਤੁਹਾਡੀ ਸਿੱਧ ਹੋ ਜਾਵੇਗੀ, ਉਸ ਵੇਲੇ ਤੁਸੀਂ ਵਿਵੇਕ ਮੰਡਲ 'ਚ ਦਾਖਲ ਹੋ ਜਾਵੋਂਗੇ, ਗਿਆਨ ਦੇ ਮੰਡਲ ਵਿਚ ਦਾਖਲ ਹੋ ਜਾਵੋਂਗੇ। ਸੋ ਇਹਦੀ ਸਹਾਇਤਾ ਕਰਨ ਵਾਲਾ, ਇਥੇ ਪਹੁੰਚਾਉਣ ਵਾਲਾ, ਜੋ ਸੁਪਰੀਮ ਸਾਧਨ ਹੈ ਜਿਹਨੂੰ ਸਾਂਤਕੀ ਤਪ ਕਹਿੰਦੇ ਨੇ। ਉਹ ਕੀਰਤਨ ਹੋਇਆ ਕਰਦਾ ਹੈ, ਹਰੀ ਦਾ ਜਸ, ਨਿਰਬਾਣ ਕੀਰਤਨ ਜੋ ਕਰਦਾ ਹੈ, ਉਹਦੇ ਨਾਲ ਇਹ ਉਪਾਸਨਾ ਦ੍ਰਿੜ੍ਹ ਹੋ ਜਾਇਆ ਕਰਦੀ ਹੈ ਤੇ ਵਿਵੇਕ ਬਿਰਤੀ 'ਚ ਦਾਖਲਾ ਮਿਲ ਜਾਇਆ ਕਰਦਾ ਹੈ। ਕਿਉਂਕਿ ਚਿੱਤ ਦੀ ਇਕਾਗਰਤਾ ਹੋ ਜਾਇਆ ਕਰਦੀ ਹੈ। ਤਿੰਨ ਘੰਟੇ ਕੀਰਤਨ ਕਰਦਾ ਹੈ, ਤਿੰਨ ਘੰਟੇ ਦੀ ਸਮਾਧੀ ਲਗ ਗਈ ਤੇ ਫਲ ਉਸਨੂੰ ਬੇਅੰਤ ਪ੍ਰਾਪਤ ਹੋ ਰਿਹਾ ਹੈ।

ਸੋ ਕਲਜੁਗ ਵਿਚ ਜੋ ਸਭ ਤੋਂ ਉਤਮ ਸਾਧਨ ਹੈ ਉਹ ਹਰੀ ਦਾ ਜਸ ਕਰਨਾ ਹੀ ਹੈ।

***ਕਲਜੁਗ ਮਹਿ ਕੀਰਤਨੁ ਪਰਧਾਨਾ॥***
***ਗੁਰਮੁਖਿ ਜਪੀਐ ਲਾਇ ਧਿਆਨਾ॥ ਅੰਗ - 1076***

ਜਦੋਂ ਗੁਰੂ ਦੀ ਬਾਣੀ ਨੂੰ ਧਿਆਨ ਦੇ ਨਾਲ, ਹਰੀ ਦੇ ਜਸ ਨੂੰ ਗਾਵੋਂਗੇ ਤੇ ਹਿਰਦੇ ਵਿਚ ਧਾਰਨ ਕਰੋਂਗੇ ਤੇ ਬਾਣੀ ਨੂੰ ਮੰਨੋਂਗੇ, ਆਪ ਭੀ ਤਰ ਜਾਓਂਗੇ ਤੇ ਸਾਰੀ ਕੁਲ ਨੂੰ ਵੀ ਤਾਰ ਦੇਵੋਂਗੇ। ਫੁਰਮਾਨ ਹੈ -

***ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ॥***
***ਸਚੇ ਸੇਤੀ ਰਤਿਆ ਮਿਲਿਆ ਨਿਥਾਵੇ ਥਾਉ॥***
***ਅੰਗ - 218***

ਜਦੋਂ ਗੁਣ ਗਾਉਂਦੇ ਪ੍ਰਮੇਸ਼ਰ ਦੇ ਨਾਲ ਰੱਤੇ ਜਾਵਾਂਗੇ, ਪਿਆਰ ਪੈ ਜਾਏਗਾ, ਫੇਰ ਦਰਗਾਹ ਵਿਚ ਥਾਉਂ ਮਿਲ ਜਾਵੇਗਾ।

ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਪ੍ਰੇਮੀਓ! ਹਰ ਬੰਦੇ ਨੂੰ ਹਉਮੈ ਦੀ ਜ਼ਹਿਰ ਚੜ੍ਹੀ ਹੋਈ, ਇਹਦਾ ਇਲਾਜ ਕੋਈ ਨਹੀਂ। ਇਕ ਤਾਂ ਜ਼ਹਿਰ ਚੜ੍ਹ ਜਾਂਦੀ ਹੈ, ਮਿਹਦੇ ਵਿਚ ਹੁੰਦੀ ਹੈ, ਡਾਕਟਰ ਕੱਢ ਦਿੰਦੇ ਨੇ ਉਲਟੀਆਂ ਕਰਾ ਕੇ, ਧੋ ਕੇ ਸਾਫ ਕਰਦੇ ਦਿੰਦੇ ਨੇ ਮਿਹਦੇ ਨੂੰ। ਇਕ ਜ਼ਹਿਰ ਉਹ ਹੁੰਦੀ ਹੈ ਜਿਹੜੀ ਖੂਨ ਵਿਚ ਰਲ ਜਾਂਦੀ ਹੈ ਤੇ ਰਗ-ਰਗ ਦੇ ਵਿਚ ਪਹੁੰਚ ਜਾਂਦੀ ਹੈ। ਉਹ ਜ਼ਹਿਰ ਨਹੀਂ ਹਟਿਆ ਕਰਦੀ, ਉਸ ਜ਼ਹਿਰ ਨੂੰ ਫੈਲੀ ਹੋਈ ਜ਼ਹਿਰ ਕਹਿੰਦੇ ਨੇ। ਉਹਦਾ ਕੋਈ ਤਰੀਕਾ ਨਹੀਂ ਹੈ। ਉਹ ਤਾਂ ਨਾ ਦਾਨ ਦਿਤੇ, ਨਾ ਤੀਰਥ ਯਾਤਰਾ ਨਾਲ, ਨਾ ਕੋਈ ਹੋਰ ਸਾਧਨ ਕਰਨ ਨਾਲ। ਕਿਸੇ ਤਰੀਕੇ ਨਾਲ ਵੀ ਉਸ

(ਬਾਕੀ ਪੰਨਾ 37 ਤੇ)

# ਅਲੌਕਿਕ ਜੀਵਨ ਕਥਾ

## ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ

*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਹੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਹੇ॥ ਅੰਗ - 855*

*ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ*

(ਲੜੀ ਜੋੜਨ ਲਈ ਅਕਤੂਬਰ 2006, ਪੰਨਾ ਨੰ 32 )

**ਦਸ਼ਾ ਦਾ ਪਲਟਾ ਖਾਣਾ**

ਫੇਰ ਇਹ ਅਨੂਠਾ ਪ੍ਰੰਤੂ ਉਲਟਾ ਕੌਤਕ ਵਰਤਿਆ ਕਿ ਗੁਰਮੁਖ ਪਿਆਰੇ ਸੰਤ ਸਰੂਪ ਭਾਈ ਹੀਰਾ ਸਿੰਘ ਜੀ ਨਾਮ ਜੋਤ ਜਗੰਨੀ ਕਲਾ ਵਲੋਂ ਠਰੰਮੇ ਪੈ ਗਏ। ਐਸੇ ਠਰੇ ਕਿ ਜੋਤਿ ਕ੍ਰਿਸ਼ਮਣੀ ਅੰਦਰਲੇ ਘਟ ਅੰਦਰਲੇ ਚਮਤਕਾਰ ਸਾਰੇ ਹੀ ਮੱਧਮ ਪੈ ਗਏ। ਉਹ ਦੁਹਾਈਆਂ ਦੇਣ ਅਤੇ ਸੰਗਤਾਂ ਦੇ ਜੋੜਿਆ ਵਿਚ ਲਿਟਦੇ ਫਿਰਨ। ਇਹੋ ਪੁਕਾਰਨ ਕਿ ਅਗੰਮੀ ਠੰਢ ਅਤੇ ਘਟ ਅੰਤਰ ਜੋਤਿ ਪ੍ਰਚੰਡ ਦੀ ਕਲਾ ਵਲੋਂ ਉਹ ਉਕੇ ਹੀ ਸੱਖਣੇ ਹੋ ਹਏ ਹਨ। ਬਥੇਰੇ ਵਾਹ ਤਰਲੇ ਲਏ, ਅਨੇਕਾਂ ਉਦਮ ਕੀਤੇ, ਪਰ ਉਸ ਤਾੜੇ ਉਨ੍ਹਾਂ ਦੀ ਆਤਮ ਬ੍ਰਿਤੀ ਨਾ ਹੀ ਆਈ ਜਿਥੇ ਕਿ ਉਹ ਅਕਸਰ ਹਮੇਸ਼ਾਂ ਹੀ ਖੇਲ੍ਹਿਆ ਕਰਦੇ ਸਨ। ਸਾਰੀ-ਸਾਰੀ ਰਾਤ ਉਦਿਆਨ ਵਿਚ ਜਾਗ ਕੇ, ਖੂਹਾਂ ਦੀਆਂ ਮੌਣਾਂ ਉਤੇ ਇਕ ਟੰਗ ਖੜ੍ਹੇ ਹੋ ਕੇ, ਅਭਿਆਸ ਕੀਤੇ। ਬਥੇਰੇ ਅਜਪਾ-ਜਾਪ ਸਾਧੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਖੜ੍ਹੇ ਹੋ ਕੇ ਅਨੇਕਾਂ ਹੀ ਅਠੋਤਰੀਆਂ ਪੱਕੀਆਂ ਮਾਲਾਂ ਫੇਰੀਆਂ ਪਰ ਕੁਛ ਨਾ ਬਣਿਆ, ਤਰਲੋ-ਮੱਛੀ ਲੱਗੀ ਹੀ ਰਹੀ, ਵਿਆਕੁਲਤਾ ਨਾ ਹੀ ਦੂਰ ਹੋਈ। ਕੀਰਤਨ ਮੰਡਲਾਂ ਵਿਚ ਆਉਣ ਪਰ ਪਾਗਲਾਂ ਵਾਂਗ ਬਾਹਰ ਖੜ੍ਹੇ ਰਹਿਣ। ਆਪ ਮੁਹਾਰੇ ਸਾਰੀਆਂ ਸੰਗਤਾਂ ਦੇ ਜੋੜੇ ਝਾੜ ਝਾੜ ਕੇ ਸਰੀਰ ਤੇ ਮੁਖ ਤੇ ਮਲਣ।



ਸਰਬੰਸ ਦਾਨੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅੰਮ੍ਰਿਤ ਦਾ ਬਾਟਾ ਤਿਆਰ ਕਰਦੇ ਹੋਏ ਅਤੇ ਮਾਤਾ ਜੀ ਇਸ ਮਹਾਨ ਕਾਰਜ ਵਿਚ ਪਤਾਸਿਆਂ ਰਾਹੀਂ ਮਿਠਾਸ ਭਰਦੇ ਹਨ।

ਪ੍ਰੰਤੂ ਜਿਉਂ-ਜਿਉਂ ਜਤਨ ਤੇ ਤਰਲੇ ਕਰਨ, ਤਿਉਂ-ਤਿਉਂ ਉਨ੍ਹਾਂ ਦੀ ਤੜਫਨੀ ਵਧਦੀ ਹੀ ਜਾਏ। ਸ੍ਰੀ ਭਾਈ ਹੀਰਾ ਸਿੰਘ ਜੀ ਦੀ ਇਹ ਦਸ਼ਾ ਦੇਖ ਕੇ ਸਿਫਾਰਸ਼ੀਆਂ ਨੇ ਕਈ ਵਾਰ ਸਿਫਾਰਸ਼ਾਂ ਪਾਈਆਂ ਅਤੇ ਕੀਰਤਨ ਰੰਗਾਂ ਵਿਚ ਬੇਪਰਵਾਹ ਨਾਮ-ਰਤੜੇ ਸੰਗਤ ਵਿਚ ਜੁੜੇ ਗੁਰਮੁਖ ਜਨਾਂ ਨੇ ਇਨ੍ਹਾਂ ਸਿਫਾਰਸ਼ਾਂ ਦੀ ਪ੍ਰਵਾਹ ਹੀ ਨਾ ਕਰਨੀ। ਜਥੇ ਦੇ ਗੂੜ੍ਹ ਰਮਜ਼ ਪਛਾਣੂ ਪਾਰਖੂ ਜਨ ਅੰਤਰ-ਆਤਮੇ ਸਭ ਕੁਛ ਸਮਝਦੇ ਬੁਝਦੇ ਸਨ ਅਤੇ ਇਹ ਵੀ ਜਾਣਦੇ ਸਨ ਕਿ ਅਜੇ ਭਾਈ ਹੀਰਾ ਸਿੰਘ ਜੀ ਦੇ ਬਖਸ਼ੇ ਜਾਣ ਦਾ ਸਮਾਂ ਨਹੀਂ ਆਇਆ। ਓੜਕ ਭਾਣੇ ਅੰਦਰ ਜਦੋਂ ਸਮਾਂ ਆਇਆ, ਤਾਂ ਅੰਮ੍ਰਿਤ ਸੰਚਾਰ ਮੰਡਲ ਅੰਦਰ ਪੰਜਾਂ ਪਿਆਰਿਆਂ ਨੇ ਆਪ ਹੀ ਭਾਈ ਹੀਰਾ ਸਿੰਘ ਜੀ ਨੂੰ ਸੱਦ ਬੁਲਾਇਆ। ਦਾਸ ਲਿਖਾਰੀ ਓਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠਾ ਸੀ ਜਦੋਂ ਭਾਈ ਹੀਰਾ ਸਿੰਘ ਜੀ ਪੰਜਾਂ ਪਿਆਰਿਆਂ ਸਾਹਮਣੇ ਪੇਸ਼ ਹੋਏ। ਪੰਜਾਂ ਪਿਆਰਿਆਂ ਦੇ ਹੁਕਮ ਅਨੁਸਾਰ ਭਾਈ ਹੀਰਾ ਸਿੰਘ ਜੀ ਨੂੰ ਅਸਲ ਹਕੀਕਤ ਵਰਣਨ ਕਰਨ ਲਈ ਪੁਛਿਆ ਗਿਆ। ਉਹ ਰੋ ਰੋ ਕੇ ਵਰਨਣ ਕਰਨ ਲੱਗੇ ਕਿ ਪਤਾ ਨਹੀਂ ਪਹਿਲੀ ਜੋਤਿ ਵਿਗਾਸੀ ਕਲਾ ਕਿਉਂ ਖੜ੍ਹ ਗਈ ਹੈ। ਆਤਮ ਵਿਗਾਸਿਮਈ ਸੁਰਤੀ-ਬਿਰਤੀ ਕਿਉਂ ਸੱਖਣੀ ਹੋ ਗਈ ਹੈ। ਜ਼ਾਹਿਰਾ ਤਾਂ ਮੈਥੋਂ ਕੋਈ ਐਸੀ ਅਵੱਗਿਆ ਹੋ ਗਈ ਨਹੀਂ ਜਾਪਦੀ, ਸੁਪਨ-ਸਾਰਖੀ ਵੀ

ਪਤਿਤ-ਕਰਮੀ ਦੁਵੇਲਰਤਾ ਨਹੀਂ ਵਿਆਪੀ ਅਤੇ ਪਤਾ ਨਹੀਂ ਕੀ ਪੁੱਠੀ ਭੈੜੀ ਵਗ ਗਈ ਹੈ ਕਿ ਦਸ਼ਾ ਪਹਿਲੇ ਠਿਕਾਣੇ ਆਉਂਦੀ ਹੀ ਨਹੀਂ। ਲੱਖਾਂ ਕਰੋੜਾਂ ਸੰਜਮ ਉਪਾਉ ਕੀਤੇ, ਅਨੇਕਾਂ ਵੇਰਾਂ ਸੰਗਤਾਂ ਦੀਆਂ ਧੂੜੀਆਂ ਵਿਚ ਲਿਟੇ, ਪਰ ਇਹ ਪਤਾ ਨਹੀਂ ਲੱਗਾ ਕਿ ਕੀ ਐਸੀ ਅਵੱਗਿਆ ਹੋ ਗਈ ਹੈ ਜਿਸ ਕਾਰਨ ਕਰਕੇ ਇਹ ਬੇਮੁਖਤਾ ਵਿਆਪੀ ਹੈ। ਸੁਤੇ-ਸੁਭਾਵ ਹੀ ਪੰਜਾਂ ਪਿਆਰਿਆਂ ਦੇ ਇਸ਼ਾਰੇ ਅਨੁਸਾਰ ਦਾਸ ਵਲੋਂ ਭਾਈ ਹੀਰਾ ਸਿੰਘ ਜੀ ਨੂੰ ਇਹ ਯਾਦ ਦਿਲਵਾਇਆ ਗਿਆ, ਯਾਦ ਕਰੋ, 361 ਚੱਕ ਦੇ ਆਤਮ ਜੋਤ ਵਿਗਾਸੀ ਕ੍ਰਿਸ਼ਮਿਆਂ ਨੂੰ। ਕੀ ਉਹ ਕ੍ਰਿਸ਼ਮੇ ਸਤਿਗੁਰੂ ਦੀ ਨਿਜ ਨਦਰ ਮੇਹਰ ਦਵਾਰਾ ਹੀ ਕ੍ਰਿਸ਼ਮਤ ਹੋਏ ਸਨ ਜਾਂ ਤੁਸੀਂ ਆਪਣੇ ਆਪ ਨੂੰ ਹੀ ਇਨ੍ਹਾਂ ਕ੍ਰਿਸ਼ਮ ਕਲਾ ਦਾ ਮੂਲ ਕਾਰਨ ਹੀ ਸਮਝਦੇ ਹੋ? ਕੀ ਇਹ ਸੂਖਸ਼ਮ ਹੰਕਾਰ ਤਾਂ ਤੁਹਾਨੂੰ ਨਹੀਂ ਹੋ ਗਿਆ ਕਿ ਇਹ ਕ੍ਰਿਸ਼ਮ ਕਲਾ ਖੁਦ ਆਪਣੀ ਤਾਕਤ ਨਾਲ ਵਰਤਾਈ ਸੀ? ਇਹ ਪ੍ਰਸ਼ਨ ਸੁਣ ਕੇ ਉਹ ਠਠੰਬਰ ਗਏ, ਸਿਰ ਤੋਂ ਲੈ ਕੇ ਪੈਰ ਤਕ ਉਨ੍ਹਾਂ ਦਾ ਸਰੀਰ ਕੰਬਣ ਲਗ ਪਿਆ।



ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਸਾਜੇ ਗਏ ਪੰਜ ਪਿਆਰੇ।

ਪੈਂਦੀ ਸੱਟ ਨਾਲ ਹੀ ਦੂਜਾ ਪ੍ਰਸ਼ਨ ਭਾਈ ਹੀਰਾ ਸਿੰਘ ਤੋਂ ਪੁਛਿਆ ਗਿਆ ਕਿ ਤੁਸੀਂ ਖੁਦ ਹੀ ਇਕੱਲੇ ਨਾਮ ਤਾਂ ਨਹੀਂ ਦੇਣ ਲਗ ਪਏ। ਇਹ ਸੁਣ ਕੇ ਉਨ੍ਹਾਂ ਨੂੰ ਸੁਰਤ ਆਈ ਅਤੇ ਸੁਰਤ ਵਿਚ ਆ ਕੇ ਬਿਲਲਾ ਉਠੇ, ਕਿ ਹਾਂ ਇਹ ਅਵੱਗਿਆ ਮੈਥੋਂ ਜ਼ਰੂਰ ਹੁੰਦੀ ਰਹੀ ਹੈ। ਕੁਝ ਦਿਨ ਤਾਂ ਇਹ ਕਾਰ ਚਲੀ ਤਾਂ ਖੂਬ ਚਲੀ, ਪਰ ਫਿਰ ਇਕ ਦਮ ਖਲੋ ਗਈ। ਪੰਜਾਂ ਪਿਆਰਿਆਂ ਨੇ ਉਥੇ ਹੀ ਭਾਈ ਹੀਰਾ ਸਿੰਘ ਜੀ ਨੂੰ ਥੰਮ ਲਿਆ ਅਤੇ ਪਕੜ ਕੇ ਖੂਬ ਹਲੂਣਿਆਂ ਕਿ ਭਾਰੀ ਤੁਸੀਂ ਅਵੱਗਿਆ ਕੀਤੀ ਹੈ। ਜੋ ਅਧਿਕਾਰ ਗੁਰੂ ਰੂਪ ਪੰਜਾਂ ਪਿਆਰਿਆਂ ਦਾ ਸੀ, ਤੁਸੀਂ ਖੁਦ ਇਕੱਲੇ ਹੀ ਉਸ ਅਧਿਕਾਰ ਨੂੰ ਵਰਤਣ ਲਗ ਪਏ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਤੁਸੀਂ ਥੋਥੇ ਰਹਿ ਗਏ ਅਤੇ ਨਾਮ ਵਲੋਂ ਉਕੇ ਥੋਥੇ ਪੈ ਗਏ। ਭਾਈ ਹੀਰਾ ਸਿੰਘ ਜੀ ਇਹ ਸੁਣ ਕੇ ਕੜਿਆ ਉਠੇ ਕਿ ਮੈਨੂੰ ਬਖਸ਼ ਲਵੋ, ਬਖਸ਼ ਲਵੋ। ਪੰਜਾਂ ਪਿਆਰਿਆਂ ਨੇ ਭਾਈ ਹੀਰਾ ਸਿੰਘ ਨੂੰ ਤਕੜਾ ਲੈਣ ਲਾਇਆ ਅਤੇ ਗੁਰੂ ਪਾਸੋਂ ਬੇਨਤੀਆਂ ਕਰਵਾ ਬਖਸ਼ਵਾਇਆ। ਸਤਿਗੁਰੂ ਦੀਆਂ ਫਿਰ ਮੇਹਰਾਂ ਹੋਈਆਂ, ਉਹ ਤੱਰੇ ਤੁਰ ਪਏ, ਉਹ ਆਤਮ-ਹੁਲਾਰੇ ਮੁੜ ਆਉਣ ਲਗ ਪਏ। ਓਸੇ ਰੰਗ ਚਲੂਲੀ ਸੁਰਤੀ ਵਿਚ ਸਰਸ਼ਾਰ ਹੋ ਕੇ ਸ੍ਰੀ ਭਾਈ ਸੰਤ ਹੀਰਾ ਸਿੰਘ ਜੀ ਉਜਲ ਮੁਖ ਹੋ ਕੇ ਫਿਰ ਵਿਚਰਨ ਲੱਗੇ। ਕੁਝ ਕੁ ਨਿਮਰੀ-ਭੂਤ ਚੜ੍ਹਦੀ ਕਲਾ ਮੁੜ ਕੇ ਫਿ ਵਰਤ ਗਈ ਅਤੇ ਗੁਰੂ ਕੇ ਲਾਲ, ਹੀਰੇ, ਸ੍ਰੀ ਭਾਈ ਹੀਰਾ ਸਿੰਘ ਜੀ ਫਿ ਨਿਹਾਲੋ ਨਿਹਾਲ ਹੋ ਗਏ। ਓੜਕ ਸਾਡੀ ਜੇਲ੍ਹ-ਯਾਤਰ ਦੇ ਦਿਨ ਆ ਗਏ, ਭਾਈ ਹੀਰਾ ਸਿੰਘ ਮੁਹਰਲੇ ਮੋਰਚੇ ਵਿਚ ਨਾਲ ਜਾਣ ਨੂੰ ਤਤਪ ਸਨ ਪਰ ਭਾਣੇ ਅਨੁਸਾ ਵਰਜੇ ਵਰਾਇ ਰਹਿ ਗ ਜੇਲ੍ਹ ਯਾਤਰਾ ਤੋਂ ਵਾ ਆਉਂਦਿਆਂ ਨੂੰ ਅੰਦ ਆਏ ਜਥੇ ਨੂੰ ਮਿਲ ਦੀਆਂ ਤਿਆਰੀਆਂ ਕ ਹੀ ਲੱਗੇ ਸਨ ਕਿ ਦਮ ਕਾਲ ਨਗਾਰਾ ਉਨ੍ਹਾਂ ਦੇ ਸਿਰ ਤੇ ਵਜਿਆ। ਆ ਫਾਨਨ ਹੀ ਅਕਾਲ ਚਲਾਣਾ ਕਰ ਗਏ ਤੇ ਸਾਨੂੰ ਵੀਰਾਂ ਨੂੰ ਮੁੜ ਕੇ ਮਿਲਣੇ ਨ ਹੀ ਪਾਏ। ਹੁਣ ਅੱਗੇ ਦਰਗਾਹੀਂ ਮੇਲੇ ਹੋਣਗੇ। ਸ੍ਰੀ ਭਾਈ ਸੰਤ ਹੀਰਾ ਸਿੰਘ ਦੀ ਇਲਾਕਿਆਂ ਦੀ ਹੀ ਪ੍ਰੇਮ-ਗਾਥਾ ਵਿਸਥਾਰ ਸ ਲਿਖੀ ਜਾਵੇ ਤਾਂ ਤਕੜੀ ਪੁਸਤਕ ਬਣ ਜਾਂਦੀ ਹੈ, ਤੇ ਟੂਕ-ਮਾਤ੍ਰ ਇਹੋ ਲਿਖ ਕੇ ਸੰਖੇਪ ਕੀਤਾ ਜਾਂਦਾ ਹੈ

'ਰੰਗਲੇ ਸੱਜਣ' ਵਿਚੋਂ ਧੰਨਵਾਦ ਸਹਿਤ।

ਹੁਣ ਉਪਰੋਕਤ ਭਾਈ ਸਾਹਿਬ ਭਾਈ ਰਣਧੀਰ ਜੀ ਦੇ ਵਿਚਾਰਾਂ ਉਪਰੰਤ ਸੱਚਖੰਡਵਾਸੀ ਸੰਤ ਮਹਾਰਾਜ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾ

ਦੇ ਅਨੁਭਵ ਤੋਂ ਉਚਾਰਨ ਹੋਏ ਬਚਨ ਇਸ ਪ੍ਰਕਾਰ ਹਨ।

**ਲੁਧਿਆਣੇ ਅੰਮ੍ਰਿਤਸੰਚਾਰ** -

ਦਸਵੀਂ ਜਮਾਤ ਦੇ ਬੱਚਿਆਂ ਨੂੰ ਇਮਤਿਹਾਨ ਤੋਂ ਪਹਿਲਾਂ ਅੰਮ੍ਰਿਤ ਛਕਾਇਆ ਜਾਂਦਾ ਸੀ। ਸੋ ਅੰਮ੍ਰਿਤ ਸਮਾਗਮ ਸ਼ੁਰੂ ਹੋਇਆ ਜਿਸ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਚਾਰ ਸਿੰਘਾਂ ਸਮੇਤ ਸ਼ਾਮਲ ਹੋਏ। ਪੂਰਨ ਕਸਵੱਟੀ ਤੇ ਉਤਰਨ ਵਾਲੇ ਪੰਜਵੇਂ ਸਿੰਘ ਦੀ ਅਜੇ ਉਡੀਕ ਕੀਤੀ ਜਾ ਰਹੀ ਸੀ। ਚਾਰੇ ਸਿੰਘ ਤਿਆਰ-ਬਰ-ਤਿਆਰ ਹੋ ਕੇ ਪੰਜਵੇਂ ਦਾ ਇੰਤਜ਼ਾਰ ਕਰ ਰਹੇ ਸਨ ਤਾਂ ਅਚਾਨਕ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਹੁਕਮ ਕੀਤਾ ਕਿ ਅਰਦਾਸ ਕੀਤੀ ਜਾਵੇ। ਅਰਦਾਸ ਕੀਤੀ ਗਈ ਕਿ ਪੰਜਾਂ ਦੇ ਵਿਚ ਗੁਰੂ ਕੀ ਕਲਾ ਵਰਤਣ ਮੰਗ ਕੀਤੀ ਗਈ। ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸ਼ਕਾਰ ਕਰਨ ਤੋਂ ਬਾਅਦ ਜਦੋਂ ਪਿਛੇ ਮੁੜ ਕੇ ਦੇਖਿਆ ਤਾਂ ਸੰਤ ਭਾਈ ਹੀਰਾ ਸਿੰਘ ਜੀ ਕੇਸੀ ਇਸ਼ਨਾਨ ਕਰਕੇ ਅਚਾਨਕ ਹੀ ਕਿਸੇ ਅਗੰਮੀ ਕਰਕੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਦੇਖੇ। ਪੁਛਣ ਤੇ ਆਪ ਜੀ ਦੱਸਿਆ ਕਿ ਆਪ ਜੀ ਸਭ ਖੇਲ ਨੂੰ ਜਾਣਦੇ ਹੀ ਹੋ। ਬਾਕੀ ਦੀ ਸਾਰੀ ਖੇਡ ਗੁਪਤ ਰੱਖ ਲਈ ਗਈ। ਅੰਮ੍ਰਿਤ ਦਾ ਬਾਟਾ ਭਾਗਸ਼ਾਲੀਆਂ ਲਈ ਤਿਆਰ ਹੋਇਆ। ਜਦੋਂ ਅੰਮ੍ਰਿਤ ਛਕਾ ਰਹੇ ਸਨ ਤਾਂ ਇਕ ਐਸੀ ਕਲਾ ਵਰਤੀ, ਸੰਤ ਭਾਈ ਹੀਰਾ ਸਿੰਘ ਜੀ ਫਲੇਵਾਲ ਇਕ ਵਿਦਿਆਰਥੀ ਨੂੰ ਅੰਮ੍ਰਿਤ ਛਕਾ ਰਹੇ ਸਨ। ਪੰਜ ਪਵਿੱਤਰ ਚੂਲੇ ਸੀਸ ਵਿਚ ਪਾਏ, ਪੰਜ ਛਕਾਏ, ਜਦੋਂ ਪੰਜਵਾਂ ਚੂਲਾ ਨੇਤਰਾਂ ਵਿਚ ਪਾਇਆ ਜਾ ਰਿਹਾ ਸੀ ਤਾਂ ਜਦੋਂ ਬੋਲਿਆ ਗਿਆ 'ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।' ਉਸੇ ਸਮੇਂ ਬੱਚੇ ਦੀ ਸਮਾਧੀ ਲੱਗ ਗਈ ਉਹ ਨਾ ਬੁਲਾਇਆ ਬੋਲੇ ਅਤੇ ਨਾ ਹੀ ਹਿਲਾਇਆ ਹਿਲੇ। ਉਸ ਦੀ ਸੁਰਤੀ ਸੰਸਾਰਕ ਮੰਡਲ ਵਿਚੋਂ ਉਚੀ ਉਠ ਕੇ ਆਤਮਕ ਮੰਡਲ ਵਿਚ ਪ੍ਰਵੇਸ਼ ਕਰ ਗਈ।



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਉਸ ਸਮੇਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਕਿਹਾ ਕਿ ਇਹ ਕੀ ਕਲਾ ਵਰਤੀ ਤਾਂ ਸੰਤ ਹੀਰਾ ਸਿੰਘ ਜੀ ਕਹਿਣ ਲੱਗੇ ਕਿ ਸਾਥੋ ਸਵਾਲ ਵਿਚ ਆ ਕੇ ਅੰਮ੍ਰਿਤ ਜਲ ਦਾ ਛਿੱਟਾ ਮਾਰਿਆ ਗਿਆ। ਇਸ ਬੱਚੇ ਤੋਂ ਅੰਮ੍ਰਿਤ ਅੰਤਰਮੀ ਦੀ ਕਰੋੜ ਦਾ ਮਿੱਠਾ ਝਟਕਾ ਸਹਿਣ ਨਾ ਹੋ ਸਕਿਆ ਅਤੇ ਇਹਦੀ ਬਿਰਤੀ ਉਚੀਆਂ ਮੰਡਲਾਂ ਵਿਚ ਪ੍ਰਵੇਸ਼ ਕਰ ਗਈ ਹੈ। ਹੋਰ ਪੁਛਣ ਤੇ ਆਪ ਨੇ ਦੱਸਿਆ ਕਿ 56 ਘੰਟੇ ਪਿਛੋਂ ਇਸ ਦੀ ਬਿਰਤੀ ਇਸ ਦੁਨਿਆਵੀ ਮੰਡਲ ਵਿਚ ਪ੍ਰਵੇਸ਼ ਕਰੇਗੀ। ਉਸ ਬੱਚੇ ਨੂੰ ਚੁਕ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਨੇੜੇ ਇਕ ਪਾਸੇ ਬਿਠਾਅ ਦਿਤਾ। ਦੂਸਰਿਆਂ ਬੱਚਿਆਂ ਨੂੰ ਸਹਿਜ ਵਿਚ ਰਹਿ ਕੇ ਹੀ ਅੰਮ੍ਰਿਤ ਛਕਾਇਆ ਗਿਆ। ਉਸ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਖੰਡ ਪਾਠ ਸ਼ੁਰੂ ਕੀਤਾ ਗਿਆ। ਭੋਗ ਉਪਰੰਤ ਕੀਰਤਨ ਦੀਆਂ ਗੁੰਜਾਰਾਂ ਪੈ ਰਹੀਆਂ ਸਨ। ਸਾਰੇ ਬਾਣੀ ਦਾ ਰੂਪ ਹੋਏ ਹੋਏ ਸੰਸਾਰ ਤੋਂ ਅਭੁੱਲ ਹੋ ਕੇ ਨਾਮ ਰਸ ਵਿਚ ਮਕਸੂਦ ਸਨ। ਅਚਾਨਕ ਹੀ ਉਹ ਬੱਚੇ ਦੀ gravity ਧਰਤੀ ਨਾਲੋਂ ਟੁਟ ਗਈ ਅਤੇ ਉਹ ਸੰਗਤ ਤੋਂ ਉਚਾ ਉਠ ਗਿਆ। ਸੰਗਤ ਉਤੇ ਪਾਣੀ ਦੇ ਵਿਚ ਮੱਛੀ ਦੇ ਤੈਰਨ ਵਾਂਗੂ ਤੈਰਦਾ ਹੋਇਆ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੱਸਦੇ ਹਨ ਕਿ ਸਾਡੇ ਸਾਜਾਂ ਦੇ ਉਪਰ ਦੀ ਲੰਘ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਲੰਮਾ ਪੈ ਗਿਆ। ਉਸ ਵੇਲੇ ਸੰਤ ਭਾਈ ਹੀਰਾ ਸਿੰਘ ਜੀ ਨੇ ਕਿਹਾ ਕਿ ਲਾਵਾਂ ਦਾ ਕੀਰਤਨ ਕੀਤਾ ਜਾਵੇ, ਇਸ ਦੀ ਰੂਹ ਪ੍ਰਭੂ ਦੁਆਰੇ ਪੁਜੀ ਹੋਈ ਮਾਇਕ ਮੰਡਲ ਤੋਂ ਅਛੋ ਹੋ ਕੇ ਪਰਮ ਪਵਿੱਤਰ ਆਤਮ ਮੰਡਲ ਵਿਚ ਪ੍ਰਵੇਸ਼ ਕੀਤੀ, ਪ੍ਰਭੂ ਦੇ ਦਰ ਤੇ ਸੰਜੋਗ ਮੰਗ ਰਹੀ ਹੈ। ਚਾਰ ਲਾਵਾਂ ਦਾ ਕੀਰਤਨ ਹੋਇਆ, ਦੀਵਾਨ ਦਾ ਭੋਗ ਪੈ ਗਿਆ। ਉਸ ਬੱਚੇ ਦਾ ਧਰਤੀ ਉਤੇ ਪੈਰ ਹੀ ਨਾ ਲੱਗੇ। ਇਹ ਸੀ ਜੀਵਨ ਵਾਲੇ ਪੰਜ ਪਿਆਰਿਆਂ ਰਾਹੀਂ

ਅੰਮ੍ਰਿਤ ਕਲਾ ਵਰਤਣ ਦਾ ਇਕ ਦ੍ਰਿਸ਼। ਅੰਮ੍ਰਿਤ ਇਕ ਮਿੱਠੇ ਪਾਣੀ ਦਾ ਬਾਟਾ ਨਹੀਂ ਹੈ ਸਗੋਂ ਵਿਛੜਿਆਂ ਆਤਮਾਵਾਂ ਨੂੰ ਪ੍ਰਭੂ ਨਾਲ ਮੇਲਣ ਦੀ ਇਕ ਚਕ੍ਰਿਤ ਕਰ ਦੇਣ ਵਾਲੀ ਕਲਾ ਹੈ ਜੋ ਗੁਰੂ ਦਸ਼ਮੇਸ਼ ਪਿਤਾ ਨੇ ਸੰਸਾਰ ਦੇ ਉਧਾਰ ਲਈ ਪ੍ਰਚਲਤ ਕੀਤੀ। ਪੰਜ ਪਿਆਰੇ ਗੁਰੂ ਨਾਲ ਅਭੇਦ ਹੋਏ ਗੁਰਮੁਖ ਅਵਸਥਾ ਦੇ ਗੁਰਸਿਖ ਹੋਇਆ ਕਰਦੇ ਹਨ। ਇਨ੍ਹਾਂ ਵਿਚ ਗੁਰੂ ਦੀ ਪੂਰਨ ਕਲਾ ਵਰਤ ਕੇ ਨਾਮ ਦੀ ਦਾਤ ਦੇਣ ਦੀ ਪੂਰਨ ਸਮਰਥਾ ਪ੍ਰਗਟ ਹੋ ਜਾਇਆ ਕਰਦੀ ਹੈ।

ਇਨ੍ਹਾਂ ਦੇ ਮੁਕਾਬਲੇ ਤੇ ਕੋਈ ਵੀ ਗੁਰੂ ਐਸੀ ਕਲਾ ਨਹੀਂ ਵਰਤਾ ਸਕਦਾ ਪਰ ਅਫਸੋਸ ਨਾਲ ਇਹ ਕਹਿਣਾ ਪੈਂਦਾ ਹੈ ਕਿ ਜਿਉਂ ਜਿਉਂ ਸਮਾ ਬੀਤਦਾ ਜਾ ਰਿਹਾ ਹੈ, ਗੁਰੂ ਦੇ ਪਿਆਰੇ ਮਿਲਣੇ ਬਹੁਤ ਮੁਸ਼ਕਲ ਹੋ ਗਏ ਹਨ ਅਤੇ ਟੁਟੀਆਂ ਹੋਈਆਂ ਰੂਹਾਂ ਭੇਖ ਦੇ ਬਲ ਨਾਲ ਪਖੰਡ ਕਰਕੇ, ਪੰਜ ਪਿਆਰਿਆਂ ਦਾ ਰੂਪ ਧਾਰਨ ਕਰਕੇ ਅੰਮ੍ਰਿਤ ਕਲਾ ਵਰਤਾਉਣ ਤੋਂ ਬਿਲਕੁਲ ਹੀ ਸੁੰਨੇ ਰਹਿ ਕੇ ਗੁਰੂ ਕਾਰਜ ਕਰ ਰਹੇ ਹਨ। ਜਿਸ ਤਰ੍ਹਾਂ ਦੇ ਨਾਲ ਟੁਟਿਆਂ ਤਾਰਾਂ ਵਾਲੇ ਬਲਬ ਰੋਸ਼ਨੀ ਨਹੀਂ ਦੇ ਸਕਦੇ, ਇਸੇ ਤਰ੍ਹਾਂ ਨਾਲ ਪ੍ਰਭੂ ਪਿਆਰ ਤੋਂ ਟੁਟੀਆਂ ਰੂਹਾਂ ਕੇਵਲ ਭੇਖ ਦੇ ਬਲ ਨਾਲ ਅੰਦਰ ਜੋਤੀ ਦਾ ਪ੍ਰਕਾਸ਼ ਨਹੀਂ ਕਰ ਸਕਿਆ ਕਰਦੀਆਂ ਅਤੇ ਇਹੀ ਨਾਮ ਕਲਾ ਦੀ ਸ਼ਕਤੀਸ਼ਾਲੀ ਅਵਸਥਾ ਪ੍ਰਗਟ ਨਹੀਂ ਹੋ ਜਾਇਆ ਕਰਦੀ ਹੈ। ਇਸ ਹਾਲਾਤ ਨੂੰ ਵਿਚਾਰਨ ਦੀ ਲੋੜ ਹੈ। ਅੱਜ ਗੁਰੂ ਦੇ ਪ੍ਰੇਮ ਨੂੰ ਨਾਮ ਅਭਿਆਸ ਦੇ ਮੁਕਾਬਲੇ ਵਿਚ ਰਾਜਸੀ ਜੀਵਨ ਨੂੰ ਬਹੁਤ ਜਰੂਰੀ ਸਮਝਿਆ ਜਾ ਰਿਹਾ ਹੈ। ਯਾਦ ਰੱਖਣ ਦੀ ਗੱਲ ਹੈ ਕਿ ਖਾਲਸੇ ਦਾ ਤੇਜ ਉਤਨਾ ਚਿਰ ਹੀ ਦਿਨੋਦਿਨ ਵੱਧਣਾ ਹੈ, ਜਦੋਂ ਤੱਕ ਇਹ ਭਰਮਾਂ ਭੇਖਾਂ ਤੋਂ ਨਿਆਰਾ ਹੋ ਕੇ ਨਾਮ ਦੇ ਮੰਡਲ ਵਿਚ ਉਡਾਰੀਆਂ ਮਾਰਦਾ ਰਹੇਗਾ। ਹੁਣ ਪਰਸਪਰ ਵੈਰ, ਨਿੰਦਾ, ਚੁਗਲੀ, ਇਰਖਾ ਦੇ ਕੁ-ਰਸਾਂ ਵਿਚ ਪਿਆ ਉਸ ਚੜ੍ਹਦੀ ਕਲਾ ਵਾਲੀ ਅਵਸਥਾ ਵਾਲੀ ਨੂੰ ਅਨੁਭਵ ਹੀ ਨਹੀਂ ਕਰ ਰਿਹਾ। ਉਹ ਪਿਆਰਾਂ ਵਾਲਾ ਜੀਵਨ ਜਿਉਂਦਾ ਜੀਵਨ ਸੀ, ਚੜ੍ਹਦੀ ਕਲਾ ਦਾ ਪ੍ਰਤੀਕ ਸੀ, ਇਕ ਗੁਰਸਿਖ ਸਵਾ ਲੱਖੀ ਹੋ ਕੇ ਸੰਸਾਰ ਭਰ ਵਿਚ ਵਿਚਰਦਾ ਸੀ, ਉਸ ਦੇ ਬਚਨਾਂ ਵਿਚ ਮਹਾਨ ਸ਼ਕਤੀ ਸੀ, ਉਸ ਦੇ ਦਰਸ਼ਨਾਂ ਵਿਚ ਪਰਮ ਪ੍ਰੇਰਨਾ, ਆਕਰਸ਼ਕਤਾ ਸੀ, ਉਸ ਦੇ ਦੁਆਲੇ ਵਾਤਾਵਰਣ ਸਵਾ ਲੱਖੀ ਦਾ ਪ੍ਰਭਾਵ ਦਿੰਦਾ ਸੀ। ਓਹੋ ਵਿਚ ਆਏ ਹੋਏ ਸ਼ੇਰ ਅਤੇ ਸੱਪ ਆਪਣੀਆਂ ਕਰਤੂਤਾਂ ਛੱਡ ਕੇ ਐਉਂ ਨਿਮਰਤਾ ਭੂਤ ਹੋ ਕੇ ਵਰਤਦੇ ਸਨ ਜਿਵੇਂ ਕੋਈ ਹਰ ਸਮੇਂ ਮਾਲਕ ਦੇ ਪਿਆਰ ਵਿਚ ਰਹਿਣ ਵਾਲਾ ਪਾਲਤੂ ਜੀਵ ਰਿਹਾ ਕਰਦਾ ਹੈ। ਵੈਰੀ ਕੋਈ ਹੋਇਆ ਹੀ ਨਹੀਂ ਕਰਦਾ ਹੈ। ਸਾਰਾ ਸੰਸਾਰ ਆਪਣਾ ਹੀ ਹੋਇਆ ਕਰਦਾ ਹੈ ਅਤੇ ਧੁਰ ਅੰਦਰੋਂ ਅਰਦਾਸ ਦੋਇ ਟਾਇਮ ਨਿਕਲੀਆ ਕਰਦੀ ਸੀ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ'।



ਬਾਬਾ ਰਾਮ ਸਿੰਘ ਜੀ ਭੈਣੀ ਸਾਹਿਬ ਵਾਲੇ

ਸੰਤ ਭਾਈ ਹੀਰਾ ਸਿੰਘ ਜੀ, ਜਿਨ੍ਹਾਂ ਨੂੰ ਅਸੀਂ ਬਾਪੂ ਜੀ ਕਹਿ ਕੇ ਸੰਬੋਧਨ ਕਰਦੇ ਹਾਂ, ਉਹ ਲੇਖਕ (ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲੇ) ਦੀ ਧਰਮ ਸੁਪਤਨੀ ਬੀਬੀ ਉਦਮ ਕੌਰ (ਬੀਬੀ ਰਣਜੀਤ ਕੌਰ) ਦੇ ਪਿਤਾ ਜੀ ਹਨ ਜੋ ਇਨ੍ਹਾਂ ਦੀ ਛੋਟੀ ਉਮਰ ਵਿਚ ਹੀ ਸਰੀਰਕ ਤੌਰ ਤੇ ਵਿਛੋੜਾ ਦੇ ਗਏ ਸਨ। ਬੀਬੀ ਉਦਮ ਕੌਰ ਵਿਚ ਪ੍ਰਤੱਖ ਦਿਸਦਾ ਉਦਮ ਤੇ ਚੜ੍ਹਦੀ ਕਲਾ ਆਪਣੇ ਪਿਤਾ ਜੀ ਤੋਂ ਵਿਰਸੇ ਵਿਚ ਮਿਲੀ ਹੋਣ ਕਰਕੇ ਸਾਰੀਆਂ ਸੰਗਤਾਂ 'ਬੀਜੀ' ਕਹਿ ਕੇ ਪਿਆਰਦੀਆਂ ਹਨ।

ਆਪ ਦੱਸਦੇ ਹਨ ਕਿ ਇਕ ਵਾਰੀ ਜਦੋਂ ਇਨ੍ਹਾਂ ਦੇ ਪਿਤਾ ਲਾਹੌਰ ਵਿਚ ਰਿਹਾ ਕਰਦੇ ਸਨ ਤਾਂ ਇਕ ਦਿਨ ਇਨ੍ਹਾਂ ਨੂੰ ਕਹਿਣ ਲੱਗੇ ਕਿ ਥੋੜ੍ਹੇ ਚਿਰ ਵਿਚ ਇਕ ਪ੍ਰੇਮੀ ਸਿੰਘ ਨੇ ਆਉਣਾ ਹੈ। ਤੁਸੀਂ ਕਿਸੇ ਨੇ ਵੀ ਉਸਨੂੰ ਦਰਵਾਜ਼ਾ ਨਹੀਂ ਖੋਲ੍ਹਣਾ। ਅੱਧੇ ਘੰਟੇ ਪਿਛੋਂ ਇਕ ਤਿਆਰ-ਬਰ-ਤਿਆਰ ਸਿੰਘ ਨੇ ਆ ਕੇ ਅਵਾਜ਼ ਦਿਤੀ ਤਾਂ ਇਨ੍ਹਾਂ ਨੇ ਕਿਹਾ ਕਿ ਅਸਾਨੂੰ ਦਰਵਾਜ਼ਾ ਖੋਲ੍ਹਣ ਦਾ ਹੁਕਮ ਨਹੀਂ ਹੈ।



ਬਦਲੇ ਵਿਚ ਮੈਂ ਆਪ ਦੀ ਸੇਵਾ ਕਰਨ ਲਈ ਆਪਣੀ ਲੜਕੀ ਸੇਵਾਦਾਰਨੀ ਦੇ ਰੂਪ ਵਿਚ ਇਸ ਗ੍ਰਹਿ ਵਿਚ ਦੇ ਦੇਵਾਂਗਾ ਪਰ ਅਜੇ ਉਸ ਨੂੰ ਸੰਸਾਰ ਵਿਚ ਆਉਣ ਲਈ ਪੂਰੇ ਅੱਠ ਸਾਲ ਲੱਗਣਗੇ। ਤੁਹਾਡੇ ਵੀ ਇਕ ਲੜਕਾ ਅੱਠ ਸਾਲ ਬਾਅਦ ਆਵੇਗਾ। ਮੇਰੀ ਲੜਕੀ ਦਾ ਸੰਜੋਗ ਇਸ ਘਰ ਵਿਚ ਹੋਣ ਕਰਕੇ ਉਹ ਤੁਹਾਡੀ ਤਨੋ, ਮਨੋ, ਹੋ ਕੇ ਸੇਵਾ ਕਰਦੀ ਰਹੇਗੀ।

ਉਸ ਬਚੀ ਦਾ ਗੁਰਸਿਖੀ ਵਾਲਾ ਸੁੱਚਾ ਜੀਵਨ ਹੋਵੇਗਾ ਅਤੇ ਮਰਦਾਂ ਵਾਂਗੂ ਹੌਸਲੇ ਨਾਲ ਕੰਮ ਕਰਿਆ ਕਰੇਗੀ। ਜਿਸ ਦੇ ਫਲਸਰੂਪ ਲੇਖਕ ਪਰਿਵਾਰਕ ਬੰਧਨ ਵਿਚ ਬੰਨਿਆ ਗਿਆ। ਜਦੋਂ ਆਪ ਦਾ ਅੰਤਿਮ ਸਮਾ ਆਇਆ ਉਸ ਸਮੇਂ ਆਪ ਲਹੌਰ ਵਿਚ ਸਨ, ਸਾਰਾ ਪਰਿਵਾਰ ਉਥੇ ਹੀ ਸੀ। ਆਪ ਜੀ ਦੇ ਸਰੀਰ ਨੂੰ ਨਮੂਨੀਏ ਨੇ ਗਰਸਤ ਕਰ ਲਿਆ। ਆਪ ਜੀ ਦੇ ਇਲਾਜ ਲਈ ਆਪ ਨੂੰ ਲਹੌਰ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਆਪ ਨੇ ਫੁਰਮਾਇਆ ਕਿ ਹੁਣ ਸਾਡਾ ਅੰਤ ਸਮਾਂ ਆ ਗਿਆ ਹੈ ਅਤੇ ਅਸੀਂ ਇਸ ਸੰਸਾਰ ਤੋਂ ਆਪਣੇ ਫਰਜ ਨਿਭਆ ਕੇ ਮਹੀਨੇ ਦੇ ਆਖਰੀ ਦਿਨ ਚਲੇ ਜਾਣਾ ਹੈ। ਉਹ ਦਿਨ ਵੀ ਆ ਪੁੱਜਾ ਅਤੇ ਸਾਰੇ ਪਰਿਵਾਰ ਨੂੰ ਕਿਹਾ ਕਿ ਤੁਸੀਂ ਸਾਡੇ ਜਾਣ ਤੋਂ ਰੋਣਾ ਨਹੀਂ ਹੈ। ਅਸੀਂ ਹੁਣ ਬਾਬੇ ਲੋਹਗੜ੍ਹੀਏ ਦਾ (ਬਾਬਾ ਕਿਸ਼ਨ ਸਿੰਘ ਜੀ ਧੂਫੀਆ, ਜੋ ਲੋਹਗੜ੍ਹ, ਜਿਲ੍ਹਾ ਲੁਧਿਆਣਾ ਦੇ ਸਨ) ਇੰਤਜਾਰ ਕਰ ਰਹੇ ਹਾਂ। ਇਹ ਬਾਬਾ ਜੀ ਨਾਮਧਾਰੀ ਸੰਪ੍ਰਦਾਇ ਨਾਲ ਸਬੰਧ ਰੱਖਦੇ, ਪੂਰਨ ਨਾਮ ਰਸੀਏ ਸ਼ਕਤੀਆਂ ਸੰਪੰਨ ਸਨ। ਆਪ ਜੀ ਇਕ ਚੌਕੜੀ ਵਿਚ ਪੂਰੇ 48 ਘੰਟੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਖੰਡਪਾਠ ਦਾ ਭੋਗ ਪਾਇਆ ਕਰਦੇ ਸਨ ਅਤੇ ਭੇਟਾ ਵੱਜੋਂ 25 ਰੁਪਏ ਲਿਆ ਕਰਦੇ ਸਨ। ਆਪ ਜੀ ਨੇ 1000 ਅਖੰਡਪਾਠ ਇਕੋ ਚੌਕੜੀ ਵਿਚ ਬੈਠ ਬੈਠ ਕੇ



ਸੰਤ ਮਹਾਰਾਜ ਅਤਰ ਸਿੰਘ ਜੀ ਮਸਤੂਆਣਾ ਸਾਹਿਬ

ਜੀਵਨ ਭਰ ਵਿਚ ਕੀਤਾ ਅਤੇ ਭੇਟਾ ਵੱਜੋਂ ਮਿਲੇ ਹੋਏ 25000 ਰੁਪਏ ਸ੍ਰੀ ਡੇਰੀ ਸਾਹਿਬ ਦੇ ਲੰਗਰ ਵਿਚ ਜਮ੍ਹਾਂ ਕਰਾਉਂਦੇ ਰਹੇ। ਜੋ ਉਨ੍ਹਾਂ ਦੇ ਨਾਮ ਤੇ ਅਜੇ ਵੀ ਦੇਖੇ ਜਾ ਸਕਦੇ ਹਨ। ਪਿਤਾ ਜੀ ਅੰਤ ਸਮੇਂ ਇਨ੍ਹਾਂ ਨੂੰ ਯਾਦ ਕਰ ਰਹੇ ਸਨ, ਉਹ ਅਚਾਨਕ ਪੁੱਜ ਗਏ। ਪਿਤਾ ਜੀ ਨੇ ਬਾਬਾ ਜੀ ਨੂੰ ਪੁੱਛਿਆ ਕਿ ਤੁਸੀਂ ਇਤਨੀ ਦੇਰ ਲਾ ਕੇ ਕਿਉਂ ਆਏ ਹੋ? ਤਾਂ ਬਾਬਾ ਜੀ ਨੇ ਫੁਰਮਾਇਆ ਕਿ ਇਸ ਸਮੇਂ ਲਾਲਾ ਮੁਸੇ ਤੋਂ ਤੁਹਾਡੀ ਬੇ-ਤਾਰ ਬਰਕੀ ਰਾਹੀਂ ਪੁੱਜਿਆ ਸਨੇਹਾ ਸੁਣ ਕੇ ਇਕ ਮਿੰਟ ਵਿਚ ਹੀ ਇਥੇ ਪੁੱਜਿਆ ਹਾਂ। ਹੈਰਾਨੀ ਦੀ ਗੱਲ ਹੈ ਕਿ ਪੁਰਾਣੇ ਗੁਰਸਿਖਾਂ ਵਿਚ ਸਹਿਜ ਸੁਭਾਅ ਹੀ ਉਨ੍ਹਾਂ ਸ਼ਕਤੀਆਂ ਦੇ ਪ੍ਰਵਾਹ ਚਲਿਆ ਕਰਦੇ ਸਨ, ਜਿਨ੍ਹਾਂ ਸ਼ਕਤੀਆਂ ਨੂੰ ਹਾਸਲ ਕਰਨ ਵਾਸਤੇ ਯੋਗੀ ਜਨ ਅਨੇਕ ਕਿਸਮ ਦੇ ਹਠ ਕਰਮ ਕਰਕੇ ਬਹੁਤ ਮੁਸ਼ਕਿਲ ਨਾਲ ਸਫਲਤਾ ਦਸ ਕੰਮਲ ਮੰਡਲ ਵਿਚ ਪੁੱਜਿਆ ਕਰਦੇ ਸਨ। ਇਹ ਉਨ੍ਹਾਂ ਦੀ ਬਹੁਤ ਵੱਡੀ ਪ੍ਰਾਪਤੀ ਗਿਣੀ ਜਾਂਦੀ ਸੀ, ਪਰ ਗੁਰਸਿਖ ਇਸ ਵੱਲ ਨਿਗਾਹ ਕਰਕੇ ਵੀ ਨਹੀਂ ਦੇਖਿਆ ਕਰਦੇ ਸਨ। ਪਰਉਪਕਾਰ ਵਸ ਕਦੇ-ਕਦੇ ਇਨ੍ਹਾਂ ਸੇਵਾਦਾਰਨੀਆਂ ਜਿਨ੍ਹਾਂ ਨੂੰ ਰਿਧੀਆਂ ਸਿਧੀਆਂ ਆਖੀਆ ਜਾਂਦਾ ਹੈ, ਸੇਵਾ ਲੈ ਲਿਆ ਕਰਦੇ ਸਨ। ਇਹ ਸਨ ਉਨ੍ਹਾਂ ਗੁਰਸਿਖਾਂ ਦੇ ਜੀਵਨ, ਜਿਨ੍ਹਾਂ ਨੂੰ ਅਸੀਂ ਭੁੱਲਦੇ ਜਾ ਰਹੇ ਹਾਂ ਪਰ ਅਸਾਡੇ ਕਿਰਦਾਰ ਕਿਥੇ ਪਹੁੰਚ ਗਏ ਹਨ ਅਤੇ ਅਸੀਂ ਆਪਣੇ ਆਪ ਨੂੰ ਸ਼ੇਰ ਬਣਾਉਂਦੇ-ਬਣਾਉਂਦੇ ਗਿਦੜਾਂ ਤੋਂ ਵੀ ਹੇਠਾਂ ਪਹੁੰਚ ਗਏ ਹਾਂ। ਜਿਨ੍ਹਾਂ ਬਹੁਤ ਪਾਖੰਡ, ਜਿਨ੍ਹਾਂ ਬਹੁਤ ਭੇਖ ਕੋਈ ਧਾਰਦਾ ਹੈ ਉਤਨਾ ਵੱਡਾ ਹੀ ਸੰਤ ਉਸ ਨੂੰ ਗਿਣਿਆ ਜਾਂਦਾ ਹੈ। ਭਾਵੇਂ ਉਸ ਦੀ ਰਸਨਾ ਨਾਮ ਦੀ ਥਾਂ ਨਿੰਦਿਆ ਰੂਪੀ ਮੈਲ ਹੀ ਕਿਉਂ ਖਾਂਦੀ ਰਹਿੰਦੀ ਹੈ ਪਰ ਉਹ ਆਪਣੇ ਭੇਖੀ ਚੇਲਿਆਂ ਚਾਟੜਿਆਂ ਦੀ

ਨਾਲ ਪੂਰਨ ਸੰਤ ਹੀ ਅਖਵਾਈ ਜਾਂਦਾ ਹੈ। ਵਾਹਿਗੁਰੂ ਜੀ ਕਦੋਂ ਕ੍ਰਿਪਾ ਕਰਨਗੇ ਜਦੋਂ ਅਜਿਹੇ ਪੁਰ ਇਹਨਾਂ ਕਰਨ ਵਾਲ ਪਾਖੰਡੀਆਂ ਨੂੰ ਨਾਮ ਦੀ ਅਤਿ ਉਜਲਤਾ ਬਾਰੇ ਪ੍ਰਕਾਸ਼ ਬਖਸ਼ਣਗੇ।

ਇਧਰ ਲਾਹੌਰ ਦੇ ਹਸਪਤਾਲ ਵਿਚ ਬਾਪੂ ਜੀ ਨੇ ਸਾਰੇ ਪਰਿਵਾਰ ਨੂੰ ਘਰ ਭੇਜ ਦਿਤਾ ਕੇਵਲ ਭਾਪਾ ਲੋਹਗੜੀਆ ਹੀ ਉਨ੍ਹਾਂ ਪਾਸ ਰਹਿ ਗਏ। ਅੰਮ੍ਰਿਤਵੇਲੇ ਆਪ ਨੇ ਆਪਣਾ ਪੰਜ ਭੂਤਕ ਚੋਲਾ ਛੱਡ ਦਿਤਾ ਅਤੇ ਆਪਣੇ ਆਤਮਿਕ ਸਰੂਪ ਵਿਚ ਬ੍ਰਹਮ ਲੀਨ ਹੋ ਗਏ। ਇਹ ਹੈ ਕਿ ਗੁਰਮੁਖ ਪਿਆਰੇ ਦੀ ਯਾਦ, ਜਿਨ੍ਹਾਂ ਦਾ ਜੀਵਨ ਸਾਨੂੰ ਮਹਾਨ ਪ੍ਰੇਰਨਾ ਦਿੰਦਾ ਹੈ। ਬਾਪੂ ਜੀ ਨੇ ਕਦੇ ਵੀ ਕੋਈ ਭੇਖ ਧਾਰਨ ਨਹੀ ਕੀਤਾ। ਉਹ ਪੰਜ ਕਕਾਰੀ ਰਹਿਤ ਧਾਰਨ ਕਰਨ ਵਾਲੇ, ਕੀਰਤੀ ਗੁਰਸਿਖ ਸਨ ਜੋ ਦਸਾਂ ਨੌਹਾਂ ਦੀ ਕ੍ਰਿਤ ਕਰਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਜੀਵਨ ਨਿਰਬਾਹ ਕਰਿਆ ਕਰਦੇ ਸਨ। ਆਪ ਨੇ ਕਦੇ ਵੀ ਸੰਤ ਹੋਣ ਦਾ ਦਾਅਵਾ ਨਹੀਂ ਕੀਤਾ ਇਹ ਤਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਮਹਾਨ ਉਚੀ ਆਤਮਾ ਦਾ ਅਨੁਭਵ ਹੈ ਕਿ ਪਿਤਾ ਜੀ ਸੰਤ ਅਵਸਥਾ ਵਿਚ ਵਿਚਰ ਰਹੇ ਸਨ ਅਤੇ ਆਪ ਨੇ ਆਪਣੀ ਲੇਖਣੀ ਵਿਚ ਪਹਿਲੀ ਵਾਰ ਜੇ ਕਿਸੇ ਨੂੰ ਸੰਤ ਪੱਦਵੀ ਦੇ ਕੇ ਲਿਖਿਆ ਹੈ ਤਾਂ ਉਹ ਬਾਪੂ ਜੀ ਨੂੰ ਲਿਖਿਆ ਹੈ। ਜਿਨ੍ਹਾਂ ਨੂੰ ਸੰਤ ਭਾਈ ਹੀਰਾ ਸਿੰਘ ਜੀ ਦਾਊਦਪੁਰੀ ਕਰਕੇ 'ਰੰਗਲੇ ਸੱਜਣ' ਵਿਚ ਥਾਂ ਦੇ ਕੇ ਅਨੇਕ ਗੁਰਮੁਖ ਪਿਆਰਿਆਂ ਨੂੰ ਉਨ੍ਹਾਂ ਦੀਆਂ ਘਾਲ ਕਮਾਈਆਂ ਤੋਂ ਪ੍ਰੇਰਨਾਂ ਲੈ ਕੇ ਆਪਣੇ ਜੀਵਨ ਨੂੰ ਸਫਲ ਕਰਨ ਦੀ ਇਕ Light House ਦੇ ਪ੍ਰਕਾਸ਼ ਦਿੰਦੀ ਰੋਸ਼ਨੀ ਵਰਗੀ ਥਾਂ ਦਿਤੀ ਹੈ। ਲੇਖਕ-ਭਾਈ ਬਲਬੀਰ ਸਿੰਘ ਜੀ ਲੁਧਿਆਣੇ ਵਾਲਿਆਂ ਦਾ ਅਤੀ ਰਿਣੀ ਹਾਂ ਜਿਨ੍ਹਾਂ ਨੇ ਇਨ੍ਹਾਂ ਜੀਵਨੀਆਂ ਨੂੰ ਪੁਸਤਕਾਂ ਦੇ ਰੂਪ ਵਿਚ ਵਾਰ ਵਾਰ ਛਪਵਾਇਆ ਹੈ ਅਤੇ ਪ੍ਰਭਿਆ ਹੋਈਆਂ ਆਤਮਾਵਾਂ ਦੇ ਜੀਵਨ ਚਰਿਤਰ ਨੂੰ ਜੀਵਤ ਕੀਤਾ ਹੈ।



ਸੰਤ ਬਾਬਾ ਦਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

ਸੰਤ ਮਹਾਰਾਜ ਜੀ ਦਾ ਨਗਰ ਧਮੋਟ ਜਿਸ ਦਾ ਪਹਿਲਾ ਨਾਮ ਧਰਮ ਕੋਟ ਸੀ। ਇਹ ਨਗਰ ਤਹਿਸੀਲ ਪਾਇਲ ਜ਼ਿਲਾ ਲੁਧਿਆਣਾ, ਪੰਜਾਬ ਸ਼ੁਰੂ ਤੋਂ ਹੀ ਧਰਮੀ ਬੰਦਿਆਂ ਦਾ ਨਗਰ ਮੰਨਿਆ ਜਾਂਦਾ ਹੈ। ਵੱਖ ਵੱਖਰੇ ਸੰਪ੍ਰਦਾਇ ਮਹਾਂਪੁਰਸ਼ਾਂ ਦੇ ਪੁਰਾਤਨ ਅਸਥਾਨਾਂ ਤੋਂ ਇਲਾਵਾ ਗੁਰਦੁਆਰਿਆਂ ਵਾਲਾ ਪਵਿੱਤਰ ਪਾਵਨ ਅਸਥਾਨਾਂ ਨਾਲ ਸੁਸ਼ੋਭਾਇਮਾਨ ਹੋ ਰਿਹਾ ਹੈ। ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਦੇ ਪਾਵਨ ਚਰਨ ਸੋਅ ਪ੍ਰਾਪਤ ਇਹ ਧਰਤੀ ਵਿਖੇ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਆਲੀਸ਼ਾਨ ਇਮਾਰਤ ਅਤੇ ਝੂਲਦੇ ਉਚੇ ਕੇਸਰੀ ਨਿਸ਼ਾਨ ਸਾਹਿਬਾਂ ਨੂੰ ਹੀ ਆਪਸ ਵਿਚ ਭਰਾਤਰੀ ਪਿਆਰ ਭਾਵ ਦਾ ਸੰਦੇਸ਼ ਬਖਸ਼ਿਸ਼ ਕਰ ਰਹੇ ਹਨ। ਇਸ ਇਲਾਕੇ ਵਿਚ ਧੰਨ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਨੇ ਪਸ਼ੂ ਪਰੇਤਾਂ ਦਾ ਭਲਾ ਕੀਤਾ ਹੈ। ਇਸੇ ਇਲਾਕੇ ਵਿਚ ਸਾਹਿਬਾਂ ਦਾ 52 ਕਲੀਆਂ ਵਾਲਾ ਪਵਿੱਤਰ ਚੋਲਾ ਘੁੜਾਣੀ ਗੁਰਦੁਆਰਾ ਸਾਹਿਬ ਵਿਖੇ ਸਸ਼ੋਭਿਤ ਹੈ। ਰਾੜਾ ਨਗਰ ਦੇ ਵਿਚ ਵੀ ਗੁਰੂ ਜੀ ਦੇ ਚਰਨ ਪੈਣ ਕਰਕੇ ਅਤੇ ਸਰਪ ਆਦਿਕ ਜੂਨੀਆਂ ਵਿਚ ਭਟਕਦਿਆਂ ਬੰਦ ਖਲਾਸੀ ਹੋਣ ਕਾਰਨ ਸਾਹਿਬੀ ਪ੍ਰਾਪਤ ਹੋਈ ਹੈ। ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਜੰਗਲ ਢੱਕੀ ਦੇ ਵਿਚ ਮਹਾਨ ਤਪ ਤਤਿਖਸ਼ਾ ਕਰਕੇ ਇਸ ਨਗਰ ਨੂੰ ਸੰਸਾਰ ਦੇ ਨਕਸ਼ੇ ਉਪਰ ਪ੍ਰਸਿਧ ਕਰ ਦਿਤਾ ਹੈ।

ਸੰਤ ਮਹਾਰਾਜ ਜੀ ਦਾ ਘਰਾਣਾ ਸ਼ੁਰੂ ਤੋਂ ਹੀ ਸਿਖੀ ਵਿਰਾਸਤ ਨਾਲ ਜੁੜਿਆ ਹੋਇਆ ਸੀ। ਆਪ ਜੀ ਦੇ ਦਾਦਾ ਬਾਬਾ ਦਿਆਲ ਸਿੰਘ ਜੀ ਨੇ ਅਕਾਲੀ ਮੋਰਚਿਆਂ

ਵਿਚ ਤਨ ਮਨ ਧਨ ਨਾਲ ਯੋਗਦਾਨ ਪਾਇਆ ਹੈ ਅਤੇ ਅਨੇਕਾਂ ਹੀ ਬਾਰ ਮੋਰਚਿਆਂ ਵਿਚ ਗ੍ਰਿਫਤਾਰੀ ਦੇ ਕੇ ਮਹਾਨ ਕੁਰਬਾਨੀ ਕੀਤੀ ਹੈ। ਆਪ ਦੇ ਪਿਤਾ ਜਥੇਦਾਰ ਕਰਤਾਰ ਸਿੰਘ ਜੀ ਇਤਿਹਾਸਿਕ ਗੁਰਦੁਆਰਾ ਸਾਹਿਬ ਦੇ ਜਥੇਦਾਰ ਮੋਹਰੀ ਹੋ ਕੇ ਹਰ ਤਰ੍ਹਾਂ ਦੀ ਸੇਵਾ ਵਿਚ ਸਦਾ ਹੀ ਤਤਪਰ ਰਹਿੰਦੇ ਸਨ। ਇਸ ਲਈ ਸਾਢੇ ਤਿੰਨ ਸਾਲ ਦੀ ਉਮਰ ਵਿਚ ਹੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਲਿਆ ਸੀ। ਜਦੋਂ ਆਪ ਜੀ ਬਚਪਨ ਵਿਚ ਵਿਚਰਦੇ ਸਨ ਤਾਂ ਧਮੋਟ ਨਗਰ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜਥੇ ਸਮੇਤ ਆਏ ਹੋਏ ਸਨ। ਭਾਈ ਸਾਹਿਬ ਅਖੰਡ ਕੀਰਤਨ ਕਰਦੇ ਹੋਏ ਦੇਸ਼ ਕਾਲ ਵਸਤੂ ਤੋਂ ਉਪਰ ਉਠ ਜਾਂਦੇ ਸਨ ਅਤੇ ਲਗਾਤਾਰ ਕਈ-ਕਈ ਘੰਟੇ ਕੀਰਤਨ ਕਰਦੇ ਰਹਿੰਦੇ ਸਨ। ਉਸੇ ਸਮੇਂ ਆਪ ਵੀ ਅਕਹਿ ਰਸ ਅੰਦਰ ਝੂਲਦੇ ਝੂੰਮਣੀਆਂ ਲੈਂਦੇ ਰਹਿੰਦੇ ਸਨ। ਭਾਈ ਸਾਹਿਬ ਦੇ ਪੁਛਣ ਤੇ ਆਪ ਨੇ ਦੱਸਿਆ ਕਿ ਅੰਦਰ ਸ਼ਬਦ ਸੁਣ ਰਿਹਾ ਹੈ। ਆਪ ਨੂੰ ਪੁਛਣ ਤੇ ਦੱਸਿਆ ਕਿ ਇਹ ਸ਼ਬਦ "ਮਨਿ ਬੈਰਾਗੁ ਭਇਆ ਦਰਸਨੁ •ਖਣੈ ਕਾ ਚਾਉ॥" ਸੁਣ ਰਿਹਾ ਹਾਂ। ਭਾਈ ਸਾਹਿਬ ਜੀ ਨੇ ਨਾਲ ਹੀ ਰਾਗ ਵਿਚ ਇਹ ਸ਼ਬਦ ਆਪ ਜੀ ਤੋਂ ਗਾਇਨ ਕਰਾਉਂਦਿਆਂ ਹੋਇਆਂ ਹੋਰ ਪੰਗਤੀਆਂ ਵੀ ਨਾਲ ਜੋੜ ਕੇ ਕਈ ਘੰਟੇ ਕੀਰਤਨ ਕਰਦੇ ਰਹੇ ਸਨ। ਭਾਈ ਸਾਹਿਬ ਨੇ ਆਪਣੇ ਜਥੇ ਦੇ ਪੁਰਾਤਨ ਸਿੰਘਾਂ ਨੂੰ ਇਕੱਠਿਆਂ ਕਰਕੇ ਦੱਸਿਆ ਕਿ ਜੋ ਇਸ ਬੱਚੇ ਦੇ ਸੁਣਨ ਦੀ ਅਵਸਥਾ ਹੈ ਉਹ ਤੁਹਾਡੇ ਵਿਚੋਂ ਕਿਸੇ ਨੂੰ ਵੀ ਪ੍ਰਾਪਤ ਨਹੀਂ ਹੋਈ ਹੈ। ਇਸ ਲਈ ਆਪ ਜੀ ਬਚਪਨ ਤੋਂ ਹੀ ਆਤਮ ਰਸ ਨਾਲ ਜੁੜੇ ਹੋਏ ਧੁਰ ਦਰਗਾਹੀ ਬਖਸ਼ੀ ਰੂਹ ਸਨ।



ਨਾਮ ਬਾਣੀ ਨਾਲ ਜੁੜਿਆ ਹੋਇਆ ਸਾਰਾ ਹੀ ਨਗਰ ਸਤਿਸੰਗੀਆਂ ਦਾ ਨਗਰ ਹੈ। ਸਮੇਂ-ਸਮੇਂ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਚਰਨ ਵੀ ਪੈਂਦੇ ਰਹਿੰਦੇ ਸਨ। ਮਸਤੂਆਣੇ ਵਾਲਿਆਂ ਦਾ ਆਪ ਦੇ ਪਰਿਵਾਰ ਨਾਲ ਬਹੁਤ ਹੀ ਦਿਲੀ ਪਿਆਰ ਸੀ ਪਿਆਰ ਦੇ ਵਸ ਹੋਣ ਕਰਕੇ ਹੀ ਇਹ ਮਹਾਂਪੁਰਸ਼ ਆਪ ਜੀ ਦੇ ਖੇਤਾਂ ਵਿਚ ਇਕਾਂਤ ਅਸਥਾਨ ਧੁਹ ਉਪਰ ਨਿਵਾਸ ਰੱਖਿਆ ਕਰਦੇ ਸਨ। ਸੰਤ ਮਹਾਰਾਜ ਜੀ ਰਤਵਾੜਾ ਸਾਹਿਬ ਵਾਲਿਆਂ ਨੇ ਆਪਣੇ ਅਨੁਭਵ ਤੋਂ ਜੋ ਸੰਤ ਮਸਤੂਆਣੇ ਵਾਲਿਆਂ ਬਾਰੇ ਇਸ ਪ੍ਰਕਾਰ ਲਿਖਿਆ ਹੈ -

ਗੁਰੂ ਦਸਮੇਸ਼ ਪਿਤਾ ਜੀ ਦੇ ਜੋਤੀ ਜੋਤ ਸਮਾਂ ਜਾਣ ਪਿਛੋਂ ਸਿੱਖਾਂ ਉਪਰ ਦਮਨ ਚੱਕਰ ਪੂਰੇ ਜ਼ੋਰ ਨਾਲ ਮੁਗਲ ਰਾਜ ਵਲੋਂ ਚਲ ਪਿਆ। ਉਸ ਸਮੇਂ ਚਰਖੜੀਆਂ ਤੇ ਚਾੜ੍ਹ ਦੇਣਾ, ਬੰਦ-ਬੰਦ ਕੱਟ ਦੇਣਾ, ਪੁੱਠੀਆਂ ਖੱਲਾਂ ਉਤਾਰ ਦੇਣੀਆਂ, ਅੱਗ ਵਿਚ ਸਾੜ ਦੇਣਾ, ਪਾਣੀ ਵਿਚ ਡੋਬ ਦੇਣਾ ਅਤੇ ਹੋਰ ਅਨੇਕਾਂ ਅਸਹਿ ਤੇ ਅਕਹਿ ਕਸ਼ਟ ਗੁਰੂ ਪਿਆਰਿਆਂ ਉਪਰ ਢਾਹੇ ਜਾ ਰਹੇ ਸਨ। ਉਸ ਸਮੇਂ ਗੁਰਸਿੱਖ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਸ਼ਸਤਰਾਂ ਦਾ ਪ੍ਰਯੋਗ ਕਰਕੇ ਪੂਰੀ ਵਾਹ ਲਾ ਰਹੇ ਸਨ। ਕਦੇ ਮੀਰ-ਮੰਨੂੰ, ਨਾਦਿਰਸ਼ਾਹ, ਅਬਦਾਲੀ ਅਤੇ ਹੋਰ ਅਨੇਕਾਂ ਪ੍ਰਮੁਖ ਤੋਂ ਕੁੱਲੀਆਂ ਹੋਈਆਂ ਰਾਜਸੀ ਸ਼ਕਤੀਆਂ ਪੰਜਾਬ ਨੂੰ ਦਰੜ ਰਹੀਆਂ ਸਨ ਪੰਜਾਬ ਵਿਚੋਂ ਸਿੰ... ਰਾਜਸਥਾਨ, ਯੂ ਪੀ ... ਮੁਰਾਦਾਬਾਦ, ਮੇਰਠ ਵਿ... ਵਿਚ, ਰੇਤਲਿਆਂ ਟਿੱਬਿਆਂ ਵਿਚ ਜਿਥੇ ਜੰਗਲ ਹੀ ਜੰਗ... ਸਨ, ਵਿਚ ਰਹਿ ਕੇ ਆਪਣਾ ਜੀਵਨ ਨਿਰਵਾਹ ਕ... ਸਨ ਪਰ ਜਦੋਂ ਪੰਜਾਬ ਵਿਚ ਬੇ-ਦੋਸ਼ਿਆਂ ਨੂੰ ਸਖਤ ਸਜ਼ਾ... ਦਿਤੀਆਂ ਜਾ ਰਹੀਆਂ ਸਨ ਤਾਂ ਰਾਜਸਥਾਨ ਵਿਚੋਂ ਸਿ... ਦੇ ਜਥੇ ਆ ਕੇ ਆਪਣੇ ਪਵਿੱਤਰ ਅਸਥਾਨਾਂ ਦੀ ... ਵੀ ਕਰਿਆ ਕਰਦੇ ਸਨ ਅਤੇ ਜ਼ਾਲਮ ਫੌਜਾਂ ਦੇ ... ਲੋਹਾ ਵੀ ਲਿਆ ਕਰਦੇ ਸਨ।

ਚਲਦਾ....

ਜ਼ਹਿਰ ਦਾ ਆਦਮੀ ਤੋਂ ਛੁਟਕਾਰਾ ਨਹੀਂ ਹੁੰਦਾ ਤੇ ਮਹਾਰਾਜ ਕਹਿਣ ਲੱਗੇ, ਇਕ ਇਲਾਜ ਹੈ ਕਿ ਜਿਹੜੀ ਹਉਮੈ ਦੀ ਵਿਹੁ ਫੈਲੀ ਹੋਈ ਹੈ, ਉਹਦਾ ਇਲਾਜ ਹਰੀ ਦਾ ਨਾਮ ਹੈ ਭਾਈ, ਹਰੀ ਦਾ ਜਸ ਕਰਨਾ।

***ਗੁਨ ਗਾਵਤ ਤੇਰੀ ਉਤਰਸਿ ਮੈਲੁ॥***
***ਬਿਨਸਿ ਜਾਇ ਹਉਮੈ ਬਿਖੁ ਫੈਲੁ॥ ਅੰਗ - 289***

ਜਿਹੜੀ ਵਿਹੁ ਫੈਲੀ ਪਈ ਹੈ ਨਾ ਸਾਰੇ ਸਰੀਰ ਵਿਚ, ਰੋਮ-ਰੋਮ ਵਿਚ, ਉਹ ਵਿਹੁ ਹਰੀ ਦਾ ਜਸ ਗਾ ਕੇ ਉਤਰ ਜਾਂਦੀ ਹੈ।

ਸਰਬ ਬੈਕੁੰਠ ਮੁਕਤਿ ਮੋਖ ਪਾਏ ॥ ਏਕ ਨਿਮਖ ਹਰਿ ਕੇ ਗੁਨ ਗਾਏ ॥

***ਸਰਬ ਬੈਕੁੰਠ ਮੁਕਤਿ ਮੋਖ ਪਾਏ॥***
***ਏਕ ਨਿਮਖ ਹਰਿ ਕੇ ਗੁਨ ਗਾਏ॥ ਅੰਗ - 290***

ਅੱਖ ਦੇ ਝਮਕੇ ਜਿੰਨੇ ਚਿਰ ਵੀ ਚਿੱਤ ਲਗ ਜਾਏ, ਸਾਰੇ ਬੈਕੁੰਠ ਤੇ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਇਸ ਕਰਕੇ ਪ੍ਰੇਮੀਓ! ਤੁਹਾਨੂੰ ਤਾਂ ਅਸੀਂ ਦੱਸਿਆ ਹੈ ਕਿ ਸਾਂਤਕੀ ਤਪ ਦਾ ਫਲ ਬੇਅੰਤ ਹੈ। ਤਾਮਸੀ ਤਪ ਦਾ ਫਲ ਹੈ ਨਹੀਂ।

ਸੋ ਤੁਸੀਂ ਕਥਾ, ਕੀਰਤਨ ਤੇ ਸਤਿਸੰਗ ਤਿੰਨ ਚੀਜ਼ ਜ਼ਰੂਰੀ ਨੇ ਜਿਹਨੇ ਪਾਰ ਲੰਘਣਾ ਹੈ।

***ਸਤਸੰਗਤਿ ਕੈਸੀ ਜਾਣੀਐ॥***
***ਜਿਥੈ ਏਕੋ ਨਾਮੁ ਵਖਾਣੀਐ॥ ਅੰਗ - 72***

ਜਿਥੇ ਨਾਮ ਦੀ ਗੱਲ ਹੋਵੇ ਉਹ ਸੰਗਤ ਹੈ, ਜਿਥੇ ਊਟ-ਪਟਾਂਗ ਗੱਲਾਂ ਹੋਣ ਉਹ ਸਤਿਸੰਗ ਨਹੀਂ ਹੋਇਆ ਕਰਦੀ। ਲੇਕਿਨ ਉਹ ਭਾਗਾਂ ਵਾਲਿਆਂ ਤੋਂ ਬਗੈਰ ਮਿਲਦੀ ਨਹੀਂ।

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ॥ ਅੰਗ - 642***

ਸਾਰੇ ਕਰਮਾਂ ਦਾ ਸ਼੍ਰੋਮਣੀ ਕਰਮ ਜੋ ਮਹਾਰਾਜ ਨੇ ਦੱਸਿਆ ਕਿ ਹਰੀ ਦਾ ਕੀਰਤਨ ਕਰਨਾ ਤੇ ਸੰਤਾਂ ਦੀ ਸੰਗਤ ਕਰਨੀ। ਮਿਲਦੀ ਉਹਨੂੰ ਹੈ ਜਿਹਦੇ ਮੱਥੇ ਦੇ ਵਿਚ ਲੇਖ ਲਿਖਿਆ ਹੋਵੇ, ਦੂਸਰੇ ਨੂੰ ਪ੍ਰਾਪਤ ਨਹੀਂ ਹੋਇਆ ਕਰਦੀ, ਦੂਜਾ ਕੋਲੋਂ ਹੀ ਲੰਘ ਜਾਂਦਾ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਪ੍ਰੇਮੀਓਂ! ਆਹ ਜਿਹੜਾ ਅਸੀਂ ਤੁਹਾਨੂੰ ਦੱਸਿਆ ਹੈ ਇਹਦੇ ਨਾਲ ਕੀ ਹੋਏਗਾ, ਜਦੋਂ ਤੁਸੀਂ ਕੀਰਤਨ ਕਰੋਗੇ, ਕਥਾ ਕਰੋਗੇ, ਸੁਣੋਗੇ, ਉਸ ਵੇਲੇ ਤੁਹਾਡਾ ਪਿਆਰ ਪ੍ਰਮੇਸ਼ਰ ਨਾਲ ਕੁਦਰਤੀ ਤੌਰ ਤੇ ਲੱਗੇਗਾ।

ਜਦੋਂ ਰਾਜੇ ਪ੍ਰੀਸ਼ਦ ਨੂੰ ਸੱਪ ਨੇ ਡੰਗਿਆ, ਸਰਾਪ ਦਿਤਾ ਰਿਸ਼ੀ ਨੇ। ਉਸ ਵੇਲੇ ਨਾਲ ਦੀ ਨਾਲ ਰਿਸ਼ੀ ਨੇ ਦੱਸ ਦਿਤਾ ਕਿ ਉਹਨੂੰ ਦੱਸ ਆਓ ਭਾਈ ਕਿ ਉਹਦੀ ਗਤੀ ਨਹੀਂ ਹੋਣੀ ਤੇ ਸੁਕਦੇਵ ਮੁਨੀ ਨੂੰ ਬੁਲਾ ਲਏ ਤੇ ਭਾਗਵਤ ਦੀ ਕਥਾ ਸਰਵਣ ਕਰੇ। ਤਾਂ ਉਹਦੀ ਮੁਕਤੀ ਹੋਏਗੀ, ਨਹੀਂ ਤਾਂ ਮੁਕਤੀ ਨਹੀਂ ਹੋ ਸਕਦੀ।

ਸੋ ਸੁਕਦੇਵ ਮੁਨੀ ਆ ਗਿਆ, ਬੁਲਾਇਆ ਗਿਆ। ਅੱਠ ਦਿਨ ਦੇ ਅੰਦਰ-ਅੰਦਰ ਸੱਪ ਲੜਨਾ ਸੀ ਉਹਦੇ, ਕਾਰਨ ਇਹ ਸੀ ਕਿ ਰਿਸ਼ੀ ਸਮਾਧੀ ਵਿਚ ਬੈਠਾ ਸੀ। ਇਹ ਤਾਜ ਲਾ ਕੇ ਚਲਿਆ ਗਿਆ, ਉਹਦੇ ਵਿਚ ਕਲਜੁਗ ਪ੍ਰਵੇਸ਼ ਕਰ ਗਿਆ। ਕਲਜੁਗ ਨੇ ਬਚਨ ਲਿਆ ਹੋਇਆ ਸੀ ਕਿ ਮੈਂ ਸੋਨੇ ਵਿਚ ਰਹਿਣਾ ਹੈ, ਸੋਨੇ ਵਿਚ ਰਹਿਣ ਕਰਕੇ, ਬੁੱਧੀ ਭ੍ਰਿਸ਼ਟ ਕਰ ਦਿਤੀ।

ਹੁਣ ਸਾਡੇ ਤਾਂ ਸਾਧਸੰਗਤ ਜੀ! ਸਾਰੇ ਸਰੀਰਾਂ ਵਿਚ ਹੀ ਕਲਜੁਗ ਵਸਦਾ ਹੈ, ਸਾਡੀ ਬੁੱਧੀ ਕਿੱਥੋਂ ਨਿਰਮਲ ਹੋ ਜਾਏਗੀ। ਉਲਟੀਆਂ ਗੱਲਾਂ ਕਰਦੇ ਹਾਂ ਅਸੀਂ।

ਸੋ ਉਸ ਵੇਲੇ ਉਹਨੇ ਕਿਹਾ ਕਿ ਅੱਠ ਦਿਨਾਂ ਵਿਚ ਮਰ ਜਾਏਗਾ। ਉਹਨੇ ਸ਼ੀਸ਼ੇ ਦਾ ਘਰ ਬਣਾ ਲਿਆ। ਅਰਜਨ ਦਾ ਪੋਤਾ ਸੀ ਉਹ ਤੇ ਬਾਹਰ ਪਹਿਰੇ ਲਾ ਦਿਤੇ ਕਿ ਅੰਦਰ ਕੋਈ ਕੀੜੀ ਵੀ ਨਾ ਆਉਣ ਦਿਤੀ ਜਾਵੇ। ਐਸਾ ਮਹਿਲ ਬਣਾਇਆ।

ਮਹਾਂਪੁਰਸ਼ਾਂ ਨੇ ਸੁਨੇਹਾ ਭੇਜ ਦਿਤਾ ਕਿ ਸੱਪ ਉਹਨੂੰ ਜ਼ਰੂਰ ਲੜ ਜਾਣਾ ਹੈ, ਉਹਦੀ ਗਤੀ ਨਹੀਂ ਹੋਣੀ। ਬੜੇ ਯਤਨ ਕਰੇ ਉਸ ਰਾਜੇ ਨੇ। ਪਰ ਜਦੋਂ ਆਗਿਆ ਹੋਈ ਅਕਾਲ ਪੁਰਖ ਦੀ, ਕੀੜੀ ਬਣ ਕੇ ਸਾਹ ਖਿੱਚ ਲਿਆ। ਕਥਾ ਸੁਣਦਾ ਹੈ, ਤਿੰਨ ਦਿਨ ਹੋ ਗਏ ਕਥਾ ਸੁਣਦੇ ਨੂੰ।

ਸੁਕਦੇਵ ਮੁਨੀ ਨੇ ਕਿਹਾ ਕਿ ਰਾਜਨ! ਤੇਰਾ ਮਨ ਲਗ ਗਿਆ ਕਥਾ 'ਚ?

ਕਹਿੰਦਾ, ਨਾ।

ਕਹਿੰਦਾ, ਕਿੱਥੇ ਹੈ?

ਕਹਿੰਦਾ, ਮੇਰਾ ਮਨ ਰਾਜ ਵਿਚ ਘੁੰਮਦਾ ਹੈ। ਸਹੀ ਬੰਦਾ ਸੀ, ਸਾਰੀ ਗੱਲ ਸਹੀ ਦੱਸ ਦਿਤੀ। ਕਿ ਮੈਨੂੰ ਤਾਂ ਐਉਂ ਹੁੰਦਾ ਹੈ ਕਿ ਮੈਂ ਹੁਣ ਚਲੇ ਜਾਣਾ ਹੈ, ਰਾਣੀਆਂ ਕੀ ਕਰਨਗੀਆਂ, ਰਾਜ ਕੌਣ ਕਰੇਗਾ, ਔਹ ਵਜ਼ੀਰ ਖਰਾਬ, ਫਲਾਣਾ ਜਰਨੈਲ ਖਰਾਬ ਹੈ।

ਸੁਕਦੇਵ ਮੁਨੀ ਨੇ ਕਿਹਾ ਇਹ ਤਾਂ ਗੱਲ ਗਲਤ ਹੈ ਤੂੰ ਮਨ ਇਕਾਗਰ ਕਰ। ਚੌਥਾ ਦਿਨ ਫੇਰ ਹੋ ਗਿਆ। ਚੌਥੇ ਦਿਨ ਕਹਿਣ ਲੱਗੇ, ਰਾਜਨ! ਤੂੰ ਬੜੇ ਇਨਸਾਫ ਵਾਲਾ ਹੈਂ, ਮੈਂ ਤੇਰੇ ਤੋਂ ਇਨਸਾਫ ਕਰਾਉਣਾ ਚਾਹੁੰਦਾ ਹਾਂ। ਤੂੰ ਫੈਸਲਾ ਦੇਹ।

ਕਹਿੰਦੇ ਇਕ ਰਾਜਾ ਸੀ, ਜੰਗਲ ਵਿਚ ਚਲਿਆ ਗਿਆ, ਘੁੰਮਦੇ-ਘੁੰਮਦੇ ਨੂੰ ਰਾਤ ਪੈ ਗਈ, ਉਸ ਰਾਜ ਵਿਚ ਬਰਫ ਬਹੁਤ ਪੈਂਦੀ ਸੀ। ਇਹ ਕੋਲ ਕਪੜਾ ਕੋਈ ਨਹੀਂ ਸੀ ਤੇ ਜਦੋਂ ਇਹਨੇ ਦੇਖਿਆ ਕਿ ਰਾਤ ਪੈ ਗਈ, ਰਾਹ ਭੁੱਲ ਗਿਆ, ਕਿਸੇ ਪਾਸੇ ਨੂੰ ਰਸਤਾ ਨਾ ਆਵੇ, ਅਖੀਰ ਫਿਕਰ ਪੈ ਗਿਆ ਕਿ ਹੁਣ ਤਾਂ ਬਰਫ ਸ਼ੁਰੂ ਹੋ ਜਾਣੀ ਹੈ, ਮੈਂ ਤਾਂ ਜੰਮ ਕੇ ਮਰ ਜਾਣਾ ਹੈ ਬਰਫ ਵਿਚ। ਉਸ ਤੋਂ ਬਾਅਦ ਇਹਨੂੰ ਇਕ ਦੀਵਾ ਮਚਦਾ ਦਿਸਿਆ ਤੇ ਉਥੇ ਚਲਿਆ ਗਿਆ। ਉਥੇ ਜਾ ਕੇ ਕਹਿਣ ਲੱਗਿਆ ਕਿ ਮੈਂ ਰਾਜਾ ਹਾਂ, ਮੈਂ ਰਾਤ ਕੱਟਣੀ ਹੈ, ਮੈਂ ਥਾਂ ਦੇਹ।

ਉਸ ਆਦਮੀ ਨੇ ਕਿਹਾ ਕਿ ਥਾਂ ਤਾਂ ਮੇਰੇ ਕੋਲ ਹੈ ਨਹੀਂ, ਇਹਦੇ ਵਿਚ ਮੈਂ ਤੇ ਮੇਰੇ ਘਰਵਾਲੀ ਤੇ ਬੱਚੇ ਨੇ। ਦੂਸਰਾ ਮੈਂ ਜਾਤ ਦਾ ਚੰਡਾਲ ਹਾਂ, ਤੂੰ ਹੈਂ ਕਸ਼ਤਰੀ। ਵੈਸੇ ਹੀ ਨਹੀਂ ਬਣਦਾ ਕਿ ਤੇਰਾ ਮੇਰੇ ਘਰ ਵਿਚ ਰਹਿਣਾ। ਮੈਂ ਦੋਸ਼ੀ ਹੋਵਾਂਗਾ ਤੈਨੂੰ ਰੱਖਿਆ ਤੇ ਤੂੰ ਵੀ ਦੋਸ਼ੀ ਹੋਵੇਂਗਾ। ਰਾਜਾ ਕਹਿਣ ਲੱਗਿਆ ਕਿ ਇਸ ਵਕਤ ਮੈਨੂੰ ਮੇਰੀ ਜਾਨ ਦਾ ਫਿਕਰ ਪਿਆ ਹੋਇਆ ਹੈ, ਤੂੰ ਮੈਨੂੰ ਜਗ੍ਹਾ ਦੇਹ। ਕਹਿਣ ਲੱਗਿਆ, ਮੇਰੇ ਕੋਲ ਇਕ ਜਗ੍ਹਾ ਹੈ ਜੇ ਤਾਂ ਉਥੇ ਰਹਿ ਸਕਦਾ ਹੈਂ ਤਾਂ ਰਹਿ ਲੈ।

ਉਥੇ ਲੈ ਗਿਆ, ਜਿਥੇ ਮਰੇ ਹੋਏ ਡੰਗਰਾਂ ਦੀਆਂ ਖੱਲਾਂ ਲਾਹੁੰਦਾ ਹੁੰਦਾ ਸੀ। ਆਲੇ-ਦੁਆਲੇ ਹੱਡ ਹੀ ਹੱਡ ਪਏ ਨੇ, ਬਦਬੂ ਮਾਰ ਰਹੀ ਹੈ। ਮੂੰਹ ਤੇ ਕੱਪੜਾ ਲਿਆ ਹੋਇਆ ਹੈ ਰਾਜੇ ਨੇ।

ਕਹਿੰਦਾ, ਆਹ ਜਗ੍ਹਾ ਹੈ।

ਕਹਿੰਦਾ, ਘੋੜਾ।

ਉਸ ਨੇ ਕਿਹਾ, ਘੋੜਾ ਵੀ ਅੰਦਰ ਵੀ ਵੜ ਜਾਏਗਾ। ਨਾਲ ਸ਼ਰਤ ਲਾ ਦਿਤੀ ਕਿ ਸੂਰਜ ਦੀ ਜੋ ਪਹਿਲੀ ਕਿਰਨ ਹੈ ਉਸਦੇ ਨਿਕਲਦੇ ਹੀ ਤੂੰ ਇਥੋਂ ਚਲੇ ਜਾਣਾ ਹੈ।

ਉਸ ਵੇਲੇ ਪਹਿਲਾਂ ਤਾਂ ਰਾਜੇ ਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ। ਬੇਅੰਤ ਬਦਬੂ ਮਾਰਦੀ ਹੈ। ਉਥੇ ਘੋੜੇ ਨੇ ਲਿੱਦ ਕਰ ਦਿਤੀ, ਪੇਸ਼ਾਬ ਕਰ ਦਿਤਾ, ਹੋਰ ਮੁਸਕ ਵਧ ਗਿਆ। ਪਰ ਉਥੇ ਹੀ ਪਿਆ ਰਿਹਾ। ਜਦੋਂ ਪਿਛਲੀ ਰਾਤ ਆਈ, ਨੀਂਦ ਨੇ ਪਾਇਆ ਜ਼ੋਰ, ਨੀਂਦ ਆ ਗਈ, ਉਠਿਆ ਨਾ।

ਚੰਡਾਲ ਨੇ ਕਿਹਾ ਰਾਜਨ! ਸੂਰਜ ਚੜ੍ਹ ਗਿਆ, ਹੁਣ ਤੂੰ ਮੇਰੀ ਝੌਂਪੜੀ ਖਾਲੀ ਕਰ ਦੇ।

ਕਹਿੰਦਾ, ਅਜੇ ਮੈਨੂੰ ਸੌਂ ਲੈਣ ਦੇ ਮੈਂ ਜਾਣਾ ਨਹੀਂ।

ਚੰਡਾਲ ਨੇ ਕਿਹਾ ਕਿ ਤੂੰ ਮੇਰੇ ਨਾਲ ਵਾਅਦਾ ਕੀਤਾ ਸੀ ਤੇ ਹੁਣ ਤੂੰ ਜਾਂਦਾ ਕਿਉਂ ਨਹੀਂ।

ਸੋ ਪ੍ਰੀਸ਼ਤ ਇਹ ਦੱਸ ਕਿ ਰਾਜੇ ਨੂੰ ਚਲੇ ਜਾਣਾ ਚਾਹੀਦਾ ਸੀ ਕਿ ਨਹੀਂ ਜਾਣਾ ਚਾਹੀਦਾ ਸੀ।

ਰਾਜਾ ਪ੍ਰੀਸ਼ਤ ਕਹਿਣ ਲੱਗਿਆ, ਇਹੋ ਜਿਹੇ ਗੰਦੇ ਥਾਉਂ ਰਹਿ ਕੇ, ਰਾਜੇ ਨੂੰ ਤਾਂ ਉਸੇ ਵਕਤ ਚਲੇ ਜਾਣਾ ਚਾਹੀਦਾ ਸੀ।

ਕਹਿਣ ਲੱਗੇ, ਫੇਰ ਰਾਜਾ ਗਲਤ ਹੋਇਆ ਨਾ?

ਕਹਿੰਦਾ, ਹਾਂ ਰਾਜਾ ਗਲਤ ਹੋਇਆ।

ਫੇਰ ਸੁਕਦੇਵ ਮੁਨੀ ਨੇ ਕਿਹਾ ਤੂੰ ਮੈਨੂੰ ਦੱਸ ਕਿ ਤੂੰ ਸਰੀਰ ਤਾਂ ਹੈ ਨਹੀਂ, ਜੀਵ ਆਤਮਾ ਹੈਂ, ਆਹ ਕਾਹਦੇ ਵਿਚ ਬੈਠਾ ਹੈਂ?

***ਬਿਸਟਾ ਅਸਤ ਰਕਤੁ ਪਰੇਟੇ ਚਾਮ॥***
***ਇਸੁ ਊਪਰਿ ਲੇ ਰਾਖਿਓ ਗੁਮਾਨ॥ ਅੰਗ - 374***

ਆਹ ਸਰੀਰ ਦੇ ਵਿਚ ਕੀ ਪਿਆ ਹੈ, ਵਿਸ਼ਟਾ ਪਿਆ ਹੈ, ਪਿਸ਼ਾਬ ਪਿਆ ਹੈ, ਮੈਲ ਪਈ ਹੈ। ਅੱਖਾਂ 'ਚ ਮੈਲ, ਕੰਨਾਂ ਵਿਚ ਮੈਲ, ਸਾਰਾ ਸਰੀਰ ਮੈਲਾ ਹੈ। ਵਿਚੇ ਹੱਡੀਆਂ ਨੇ ਵਿਚੇ ਮਾਸ ਹੈ, ਤੂੰ ਇਹਦੇ ਵਿਚ ਟਿਕਿਆ ਬੈਠਾ ਹੈਂ? ਤੇਰਾ ਜੀਅ ਨਹੀਂ ਕਰਦਾ ਇਹਦੇ ਵਿਚੋਂ ਜਾਣ ਨੂੰ?

ਤੂੰ ਦੱਸ ਤੂੰ ਗਲਤ ਹੈਂ ਕਿ ਠੀਕ ਹੈਂ?

ਸਮਝ ਆ ਗਈ ਕਹਿਣ ਲੱਗਿਆ ਕਿ ਮਹਾਰਾਜ ਮੈਂ ਬਿਲਕੁਲ ਗਲਤ ਹਾਂ, ਮੈਨੂੰ ਨਹੀਂ ਸੀ ਪਤਾ ਕਿ ਮੈਂ ਇੰਨੇ ਗੰਦਮੰਦ ਦੇ ਥੈਲੇ ਵਿਚ ਰਹਿ ਰਿਹਾ ਹਾਂ। ਅੱਜ ਮੈਨੂੰ ਪਤਾ ਲੱਗਿਆ ਹੈ।

ਉਸ ਵੇਲੇ ਉਸ ਨੇ ਕਥਾ ਕਰੀ, ਤਿੰਨ ਦਿਨ ਬਾਕੀ ਰਹਿ ਗਏ ਸੀ। ਐਸਾ ਦਸਦੇ ਨੇ ਕਿ ਜਦੋਂ ਭੋਗ ਪਿਆ, ਪ੍ਰਸ਼ਾਦ ਦੇ ਤੌਰ ਤੇ ਫੁੱਲ ਮੰਗਾ ਲਏ, ਫੁੱਲਾਂ ਦੇ ਵਿਚ ਇੱਛਿਆਧਾਰੀ ਨਾਗ ਕੀੜੀ ਦਾ ਰੂਪ ਧਾਰ ਕੇ ਵੜ ਗਿਆ। ਜਦੋਂ ਉਹਨੇ ਪ੍ਰਸ਼ਾਦ ਲੈ ਕੇ ਮੱਥੇ ਨਾਲ ਲਾਇਆ, ਉਹਨੇ ਕੀੜੀ ਰੂਪ ਦੇ ਨਾਲ ਡੰਗ ਮਾਰਿਆ, ਜਿਹਦੇ ਨਾਲ ਰਾਜਾ ਪ੍ਰੀਸ਼ਦ ਮਰ ਗਿਆ। ਲੇਕਿਨ ਉਹਨੇ ਕਥਾ ਸੁਣ ਲਈ ਸੀ।

ਕਥਾ ਸੁਣਨ ਦੇ ਨਾਲ ਉਹਦੀ ਮੁਕਤੀ ਹੋ ਗਈ।

ਸੋ ਮਹਾਰਾਜ ਕਹਿੰਦੇ ਨੇ ਕਿ –

***ਸੁਣਿ ਹਰਿ ਕਥਾ ਉਤਾਰੀ ਮੈਲੁ॥***
***ਮਹਾ ਪੁਨੀਤ ਭਏ ਸੁਖ ਸੈਲੁ॥***
***ਵਡੈ ਭਾਗਿ ਪਾਇਆ ਸਾਧਸੰਗੁ॥***
***ਪਾਰਬ੍ਰਹਮ ਸਿਉ ਲਾਗੋ ਰੰਗੁ॥ ਅੰਗ – 178***

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਦੇਖੋ! ਪ੍ਰੇਮੀਓ! ਹੁਣ ਤੁਸੀਂ ਐਉਂ ਕਰੋ, ਤੁਹਾਨੂੰ ਰਾਜਸੀ ਤੇ ਸਾਂਤਕੀ ਤਪ ਕਰਨਾ ਹੈ, ਹਰੀ ਦਾ ਜਸ ਕਰਨਾ, ਕਥਾ ਕਰਨੀ ਹੈ। ਇਕੱਲਾ ਜਿਹੜਾ ਕੀਰਤਨ ਹੈ, ਉਹ ਛਾਛੜੇ ਦਾ ਮੀਂਹ ਹੁੰਦਾ ਹੈ। ਉਹ ਰੋੜ੍ਹ ਕੇ ਤਾਂ ਲੈ ਜਾਂਦਾ ਹੈ ਸਭ ਕਾਸੇ ਨੂੰ ਪਰ ਗਿੱਲ ਨਹੀਂ ਛੱਡਦਾ। ਜਿਹੜਾ ਮੀਂਹ ਪੈ ਗਿਆ, ਫੇਰ ਚੁੱਪ ਕਰ ਗਿਆ, ਹਲਕੀ ਦਾ ਪੈ ਗਿਆ, ਫੇਰ ਚੁੱਪ ਕਰ ਗਿਆ, ਫੇਰ ਇਕ ਬਾਛੜ ਜਿਹੀ ਆ ਗਈ, ਫੇਰ ਚੁੱਪ ਕਰ ਗਿਆ, ਕਹਿੰਦੇ ਇਹਦੇ ਨਾਲ ਡੂੰਘਿਆਈ ਜਿਹੜੀ ਹੈ ਉਹ ਪਾਣੀ ਹਾਂਡੇ ਚਲੀ ਜਾਂਦੀ ਹੈ, ਤੇ ਪਾਣੀ ਉਤੇ ਆ ਜਾਂਦਾ ਹੈ, ਖੂਹਾਂ ਦਾ, ਟਿਊਬਵੈਲਾਂ ਦਾ ਪਾਣੀ ਉਤੇ ਆ ਜਾਂਦਾ ਹੈ। ਇਸ ਕਰਕੇ ਕੀਰਤਨ ਦੇ ਨਾਲ ਜਿੱਥੇ ਕਥਾ ਹੈ, ਉਥੇ ਜਗਿਆਸੂ ਦੇ ਹਿਰਦੇ ਤੱਕ ਗੱਲ ਜਾ ਪਹੁੰਚਦੀ ਹੈ ਤੇ ਉਹਦਾ ਮਨ ਹਰੀ ਦੇ ਜਸ ਵਲ, ਪ੍ਰਮੇਸ਼ਰ ਵਲ ਹੋ ਜਾਇਆ ਕਰਦਾ ਹੈ। ਇਸ ਕਰਕੇ ਤੁਹਾਨੂੰ ਅਸੀਂ ਸਾਂਤਕੀ ਤਪ ਦੱਸਿਆ ਹੈ ਤੇ ਸਾਂਤਕੀ ਤਪ ਕਰੋ।

ਉਸ ਵੇਲੇ ਭਾਈ ਮਾਲੋ ਤੇ ਭਾਈ ਮਾਂਗੋ ਨੇ ਬੇਨਤੀ ਕਰੀ ਕਿ ਮਹਾਰਾਜ ਸਾਡੇ ਤੇ ਕ੍ਰਿਪਾ ਕਰੋ। ਗੁਰੂ ਨਾਨਕ ਪਾਤਸ਼ਾਹ ਨੇ ਦੋਹਾਂ ਨੂੰ ਸਾਮ੍ਹਣੇ ਬਿਠਾ ਲਿਆ, ਕਹਿਣ ਲੱਗੇ, ਕਹੋ ਵਾਹਿਗੁਰੂ, ਕਹੋ ਵਾਹਿਗੁਰੂ, ਕਹੋ ਵਾਹਿਗੁਰੂ। ਤਿੰਨ ਵਾਰੀ ਵਾਹਿਗੁਰੂ ਕਹਾ ਦਿਤਾ। ਵਾਹਿਗੁਰੂ ਕਹਿਣ ਦੀ ਦੇਰ ਸੀ, ਪੈਰਾਂ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਝਰਨਾਟਾਂ ਚਲਣੀਆਂ ਸ਼ੁਰੂ ਹੋ ਗਈਆਂ।

ਗੁਰੂ ਨਾਨਕ ਦੇ ਮੁੱਖ ਤੋਂ ਵਾਹਿਗੁਰੂ ਕਿਹਾ ਹੋਇਆ ਕੋਈ ਸਹਿ ਸਕਦਾ ਸੀ। ਕਮਾਇਆ ਹੋਇਆ ਨਾਮ ਸਹਿ ਨਹੀਂ ਹੋਇਆ ਕਰਦਾ ਹੁੰਦਾ।

ਗੁਰੂ ਨਾਨਕ ਪਾਤਸ਼ਾਹ ਨੇ ਜਦੋਂ 'ਨਾਮ' ਉਚਾਰਨ ਕਰਿਆ ਬਗਦਾਦ ਦੇ ਵਿਚ। ਵੱਟੇ ਲੈ ਕੇ ਮਾਰਨ ਆ ਰਹੇ ਨੇ, ਪੀਰ ਦਸਤਗੀਰ ਕਹਿੰਦਾ ਇਹਨੂੰ ਮਾਰ ਦਿਓ। ਕਿਉਂ ਇਹ ਕਹਿੰਦਾ ਹੈ ਕਿ 'ਪਾਤਾਲ ਪਾਤਾਲ ਲਖ ਆਗਾਸਾ ਆਗਾਸ', ਨਾਲੇ ਵਜਾਉਂਦਾ ਹੈ ਸਰੋਦ, ਕੀਰਤਨ ਕਰਦਾ ਹੈ। ਮਾਰੋ ਇਸਨੂੰ।

ਵੱਟੇ ਲੈ ਕੇ ਜਦੋਂ ਉਲ੍ਹਾਰ ਕੇ ਲੱਗੇ ਮਾਰਨ, ਮਹਾਰਾਜ ਨੇ ਸਤਿਨਾਮ ਦੀ ਅਵਾਜ਼ ਦੇ ਦਿਤੀ। ਸਾਰਿਆਂ ਦੇ ਹੱਥ ਉਥੇ ਹੀ ਰੁਕ ਗਏ, ਸੁੰਨਮੁੰਨ ਹੋ ਗਈ ਨਗਰੀ ਸਾਰੀ। ਵਿਚੇ ਹੀ ਪੀਰ ਹੋ ਗਿਆ। ਮਹਾਰਾਜ ਨੇ ਪੀਰ ਨੂੰ ਤਾਂ ਸੁਰਜੀਤ ਕਰ ਦਿਤਾ, ਕਹਿੰਦਾ ਮਹਾਰਾਜ! ਕ੍ਰਿਪਾ ਕਰੋ, ਇਨ੍ਹਾਂ ਨੂੰ ਵੀ ਸੁਰਜੀਤ ਕਰੋ।

ਮਤਲਬ ਨਾਮ ਕਮਾਇਆ ਹੋਇਆ ਜਿਹੜਾ ਹੁੰਦਾ ਹੈ, ਉਹ ਸਹਿਆ ਨਹੀਂ ਜਾਂਦਾ। ਸੋ ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਨਾਮ ਦਾ ਉਚਾਰਨ ਕਰਿਆ, ਕੰਨਾਂ 'ਚੋਂ ਹੋ ਕੇ, ਹਿਰਦੇ 'ਚ ਗਿਆ, ਸਰੀਰ 'ਚ ਪ੍ਰਵੇਸ਼ ਕਰਿਆ, ਰੋਮ-ਰੋਮ ਵਿਚ ਨਾਮ ਫੈਲ ਗਿਆ।

ਹਰਿ-ਹਰਿ ਸ਼ਬਦ ਜਦੋਂ ਅੰਦਰ ਜਾਗ ਪੈਂਦਾ ਹੈ, ਫੇਰ ਇਹ ਧੁਨ –

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ॥ ਅੰਗ – 879***

ਇਹ ਧੁਨ ਜਿਹੜੀ ਹੈ ਇਹਨੂੰ ਕਹਿੰਦੇ ਨੇ ਗੁਰੂ ਦੇ ਸ਼ਬਦ ਦਾ ਧਿਆਨ। ਇਸ ਧਿਆਨ ਦੇ ਨਾਲ ਵਿਵੇਕ ਮੰਡਲ ਦੇ ਨਾਲ ਆਪੇ ਜਾ ਕੇ ਦਾਖਲ ਹੋ ਜਾਂਦਾ ਹੈ। ਫੇਰ ਗਿਆਨ ਹੋ ਜਾਂਦਾ ਹੈ।

ਫੇਰ ਇਨ੍ਹਾਂ ਦੋਹਾਂ ਪ੍ਰੇਮੀਆਂ ਨੇ, ਅੰਮ੍ਰਿਤ ਵੇਲੇ ਉਠ ਕੇ ਨਾਮ ਜਪਣਾ, ਫੇਰ ਉਸ ਤੋਂ ਬਾਅਦ ਕਥਾ ਕਰਨੀ। ਇਕ ਨੇ ਕਥਾ ਕਰਨੀ ਦੂਜੇ ਨੇ ਸੁਣਨੀ। ਫੇਰ ਦੋਹਾਂ ਨੇ ਇਕੱਠੇ ਹੋ ਕੇ ਕੀਰਤਨ ਕਰਨਾ। ਹੌਲੀ-ਹੌਲੀ ਸੰਗਤ ਬਣਨ ਲਗ ਗਈ। ਇਤਿਹਾਸ ਵਿਚ ਲਿਖਿਆ ਹੈ ਕਿ ਐਨੀ ਸੰਗਤ ਬਣ ਗਈ ਕਿ ਸਾਂਭੀ ਨਾ ਜਾਵੇ। ਦੂਰ-ਦਰਾਜ ਪਿੰਡਾਂ ਵਿਚ ਜਾ ਕੇ ਹਰੀ ਦਾ ਜਸ ਕਰਨ, ਨਾਮ ਜਪਣ, ਨਾਮ ਜਪਾਉਣ, ਗੁਰੂ ਨਾਨਕ ਪਾਤਸ਼ਾਹ ਦੇ ਪ੍ਰਵਾਨ ਗੁਰਸਿੱਖਾਂ ਦੇ ਵਿਚ ਦਾਖਲਾ ਮਿਲ ਗਿਆ। ਆਪ ਵੀ ਮੁਕਤ ਹੋਏ, ਕੁਲਾਂ ਵੀ ਮੁਕਤ ਕਰ ਦਿਤੀਆਂ, ਸੰਸਾਰ ਨੂੰ ਵੀ ਉਧਾਰ ਦਿਤਾ ਤੇ ਪਦਵੀ ਕਿੱਡੀ ਹੈ।

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਅੰਗ – 306***

« « « « « « «

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

## ਪ੍ਰੇਮ ਦੀ ਖੈਂਚ

ਸੋ ਸਾਧ ਸੰਗਤ ਜੀ! ਮਨਸੁਖ ਦੇ ਚਲੇ ਜਾਣ ਦੇ ਬਾਅਦ ਰਾਜਾ ਦਾ ਪ੍ਰੇਮ ਦਿਨੋ ਦਿਨ ਵਧੇਰੇ ਬਿਰਹ ਵਾਲਾ ਹੁੰਦਾ ਗਿਆ। ਉਸ ਨਾਲ ਰੋਜ਼ ਗੱਲਬਾਤ, ਗੁਣ ਗਾਇਨ ਕਰ ਲੈਂਦਾ ਸੀ, ਨਵੇਂ ਤਰ੍ਹਾਂ ਦੇ ਖਿਆਲ ਮਨਸੁਖ ਤੋਂ ਸੁਣਦਾ ਸੀ, ਗੁਰੂ ਦੀ ਕਥਾ ਤੇ ਕਰਤਬ ਸੁਣਦਾ ਸੀ, ਪਰਚਾ ਬਣਿਆ ਰਹਿੰਦਾ ਸੀ, ਦਿਲ ਸੁਖੀ ਹੋ ਜਾਂਦਾ ਸੀ ਤੇ ਮਨਸੁਖ ਦਾ ਆਸਰਾ ਸਹਾਈ ਰਹਿੰਦਾ ਸੀ। ਹੁਣ ਇਕੱਲਾ ਹੋ ਕੇ ਅਕਲਾਉਂਦਾ ਹੈ ਤੇ ਵਧੇਰੇ ਖੈਂਚ ਨਾਲ ਯਾਦ ਕਰਦਾ ਹੈ। ਜਦੋਂ ਪਿਆਰ ਦੀ ਖਿੱਚ ਪ੍ਰੇਮ ਦੀ ਖੈਂਚ ਬਣ ਕੇ ਵਧੇਰੇ ਤੀਬ੍ਰਤਾ ਤੇ ਤੀਖਣਤਾ ਲੈ ਲੈਂਦੀ ਹੈ ਤਾਂ ਛਿਪ ਨਹੀਂ ਸਕਦੀ। ਸਾਰੇ ਪਤਾ ਲਗ ਗਿਆ ਕਿ ਰਾਜਾ ਪ੍ਰੇਮ ਵਿਚ ਹੈ ਤੇ ਗੁਰੂ ਨਾਨਕ ਨਾਮੇ ਕਿਸੇ ਲਾਹੌਰ ਵਾਸੀ ਸਾਧੂ ਦੇ ਪ੍ਰੇਮ ਵਿਚ ਹੈ, ਤਾਂ ਖਿਆਲ ਹੋ ਗਿਆ ਕਿ ਐਤਨੀ ਦੂਰੋਂ ਕਿਸ ਨੇ ਟੁਰ ਕੇ ਆਉਣਾ ਹੈ, ਰਾਜੇ ਦੀ ਨੀਮ ਝੱਲੀ ਦਸ਼ਾ ਤੋਂ ਆਪਣਾ ਸਵਾਰਥ ਪੂਰਾ ਕਰੋ। ਸੋ ਬਨਾਵਟਾਂ ਕਰ ਕਰਕੇ ਲੱਗੇ ਲੋਕੀਂ ਸਾਧ ਬਣ ਬਣ ਕੇ ਨਾਨਕ ਨਾਮ ਧਰਾ ਧਰਾ ਕੇ ਆਉਣ। ਪਹਿਲਾਂ ਤਾਂ ਰਾਜੇ ਦੇ ਨੌਕਰਾਂ ਨੇ ਆਇਆਂ ਦੇ ਸਤਿਕਾਰ ਕੀਤੇ, ਪਰ ਪਾਜ ਉਘੜ ਜਾਂਦੇ ਰਹੇ ਸੋ ਪਖੰਡਾਂ ਦੇ ਪਤੇ ਲਗ ਜਾਣੇ ਤੇ ਉਨ੍ਹਾਂ ਆਉਣ ਵਾਲੇ ਭੇਖੀਆਂ ਦੀ ਪ੍ਰੀਖਿਆ ਆਰੰਭ ਹੋ ਗਈ। ਸਭ ਤੋਂ ਔਖੀ ਪ੍ਰਖਿਆ ਕਲੀ ਕਾਲ ਵਿਚ ਜਿਤੇਂਦ੍ਰੈ ਹੋਣੇ ਦੀ ਹੈ। ਜਦ ਤਾਈਂ ਆਪਣੇ ਆਪੇ ਦੇ ਰਸ ਦਾ, ਜੋ ਟਿਕਾਉ ਵਿਚ ਜਾ ਕੇ ਖੁਲ੍ਹਦਾ ਹੈ ਤੇ ਸਾਂਈਂ ਮੇਲ ਦੇ ਰਸ ਦਾ, ਜੋ ਉਸ ਪ੍ਰਮਾਤਮ ਦੇਵ ਵਿਚ ਟਿਕ ਕੇ ਖੁਲ੍ਹਦਾ ਹੈ, ਸਾਧੂ ਨੂੰ ਅਨੁਭਵ ਨਾ ਹੋ ਜਾਵੇ ਉਹ ਪੂਰੀ ਤੇ ਅਸਲੀ ਫਤਹਿ ਸਰੀਰਕ ਰਸਾਂ ਤੇ ਨਹੀਂ ਪਾਉਂਦਾ। ਇਥੇ ਪਹੁੰਚ ਕੇ ਸਰੀਰ ਦੇ ਰਸਾਂ ਦਾ ਪਤਾ ਲਗ ਜਾਂਦਾ ਹੈ ਕਿ ਇਹ ਅਸਲੀ ਰਸ ਨਹੀਂ ਹਨ, ਇਹ ਅਕਸਰ ਆਪੇ ਨੂੰ ਖਰਚ ਕਰਕੇ ਆਤਸ਼ਬਾਜੀ ਵਰਗੇ ਚਮਤਕਾਰ ਹੈਨ, ਜਿਨ੍ਹਾਂ ਨਾਲ ਆਪੇ ਵਿਚ ਕਿ ਸਰੀਰ ਵਿਚ ਬਲ ਵਧਦਾ ਨਹੀਂ, ਸਗੋਂ ਇਕੱਠਾ ਹੋਇਆ ਬਲ ਖਰਚ ਹੁੰਦਾ ਹੈ। ਸੋ ਇਹ ਸਮਝ ਆ ਕੇ ਸਰੀਰਕ ਸੁਖਾਂ ਤੇ ਸਰੀਰਕ ਭੁੱਖਾਂ ਪਰ ਸੁਤੇ ਸੰਯਮ ਪ੍ਰਾਪਤ ਹੋ ਜਾਂਦਾ ਹੈ। ਉਂਞ ਬੀ ਜੋ ਲੋਕ ਇਖਲਾਕੀ ਤਰੀਕੇ ਨਾਲ ਆਪ ਨੂੰ ਭਲਾ ਬਣਾਉਂਦੇ ਤੇ ਸਾਧਨ ਕਰਦੇ ਹਨ, ਉਹ ਵੀ ਸਰੀਰਕ ਸੰਯਮ ਧਾਰਨ ਕਰਦੇ ਹਨ, ਆਪੇ ਤੇ ਕਾਬੂ ਪਾਉਂਦੇ ਹਨ, ਪਰ ਜਦ ਸੁਖਾਂ ਦੱ ਮੂਲ ਸੁਖ ਆਪੇ ਦੇ ਆਪੇ ਵਿਚ ਟਿਕ ਕੇ ਆਪੇ ਵਿਚੋਂ ਆਉਣ ਵਾਲੇ ਰਸ ਦਾ ਪਤਾ ਲਗ ਜਾਂਦਾ ਹੈ ਤਾਂ ਸੰਯਮ ਸੁਤੇ ਤੇ ਪੂਰਾ ਤੇ ਸਹਜ ਸੁਭਾਅ ਹੋ ਜਾਂਦਾ ਹੈ। ਵਡੇਰਾ ਸੁਖ ਛੁਟੇਰੇ ਸੁਖਾਂ ਨੂੰ, ਅਸਲੀ ਸੁਖ ਨਕਲੀ ਸੁਖਾਂ ਨੂੰ ਓਪਰੇ ਕਰ ਦਿੰਦਾ ਹੈ।

ਗੱਲ ਕੀ, ਜੋ ਕੋਈ ਉਥੇ ਰਾਜੇ ਦੇ ਦੁਆਰੇ ਪਖੰਡ ਧਾਰ ਕੇ ਆਵੇ ਸੋ ਕਿਸੇ ਨਾ ਕਿਸੇ ਅਜਮਾਇਸ਼ ਹੇਠ ਆ ਕੇ ਕੱਸਾ ਨਿਕਲੇ ਤੇ ਪਕੜਿਆ ਜਾਵੇ। ਇਉਂ ਕੁਛ ਕਾਲ ਖੇਡ ਜਾਰੀ ਰਹੀ। ਜਿਉਂ ਜਿਉਂ ਇਹ ਕੌਤਕ ਵਰਤਣ ਵਾਲੇ ਰਾਜੇ ਨੂੰ ਗੁਰੂ ਜੀ ਦੇ ਚਰਨਾਂ ਵਲ ਖੈਂਚ ਵਧਦੀ ਜਾਵੇ। ਅੰਤ ਇਸ ਪਿਆਰ ਦੀ ਖੈਂਚ ਗੁਰੂ ਨਾਨਕ ਹਿਰਦੇ ਨੂੰ ਪਹੁੰਚੀ। ਆਪ ਇਸ ਤੋਂ ਪਹਿਲਾਂ ਇਕ ਵੇਰੀ ਦਸ ਬਾਰਾਂ ਬਰਸ ਦੀ ਉਦਾਸੀ ਕਰ ਚੁੱਕੇ ਸੇ, ਪੂਰਬ ਰੁਖ ਹੋ ਕੇ ਵੱਡੇ ਵੱਡੇ ਤੀਰਥੀਂ ਤੇ ਅਸਥਾਨੀਂ ਫਿਰਦੇ ਮੱਠ ਸਾਧਾਂ ਦੇ ਟਿਕਾਣੇ ਦੇਖਦੇ ਸਤਿਨਾਮ ਦਾ ਪੱਲੂ ਫੇਰ ਆਏ ਸੇ। ਫੇਰ ਦੇਸ ਵਿਚ ਚੱਕਰ ਲਾ ਕੇ ਬੜੇ ਬੜੇ ਭਾਰੇ ਕੰਮ ਕੀਤੇ ਸੇ ਤੇ ਬੜੇ ਬੜੇ ਗੜ੍ਹ ਫਤਹਿ ਕੀਤੇ ਸੇ। ਹਠ, ਤਪ, ਰਿਆਜ਼ਤ, ਕਰੜੀਆਂ ਮੁਸ਼ੱਕਤਾਂ ਭਾਈਚਾਰੇ ਤੋਂ ਅਲੱਗ ਹੋ ਕਰਨੀਆਂ ਵਾਲਿਆਂ ਨੂੰ ਸੋਧ ਚੁੱਕੇ ਸੇ, ਸਭ ਨੂੰ ਪ੍ਰੇਮ ਦਾ ਮਾਰਗ ਦੱਸ ਚੁੱਕੇ ਸੇ, ਸਿਫਤ ਸਲਾਹ ਦੇ ਰਸਤੇ ਪਾ ਕੇ ਉਚਾ ਆਦਰਸ਼ ਸਿਖਾ ਚੁਕੇ ਤੇ ਸਿਖਾ ਰਹੇ ਸੇ ਕਿ ਹੁਣ ਇਸ ਖੈਂਚ ਨੇ ਦੂਸਰੀ ਉਦਾਸੀ ਲਈ ਤਿਆਰੀ ਕਰਵਾ ਦਿਤੀ। ਸੋ ਹੁਣ ਆਪ ਫੇਰ ਤਿਆਰ ਹੋ ਕੇ ਤੁਰ ਪਏ। ਲਿਖਿਆ ਹੈ ਕਿ ਇਸ ਉਦਾਸੀ ਧਾਰਨ ਵੇਲੇ ਇਹ ਭੇਖ ਧਾਰਿਆ, ਪੈਰੀਂ ਖੜਾਵਾਂ ਕਾਠ ਦੀਆਂ, ਹੱਥ ਆਸਾ, ਸਿਰ ਰਸੀਆਂ ਲਪੇਟੀਆਂ, ਬਾਹਾਂ ਜੰਘਾਂ ਰਸੀਆਂ, ਮੱਥੇ ਟਿਕਾ ਬਿੰਦਲੀ ਵਰਗਾ। ਸਾਧ ਸੰਗਤ ਜੀ! ਇਹ ਵੇਸ ਸੀ ਰਲਵਾਂ ਮਿਲਵਾਂ, ਕਈ ਫਿਰਕਿਆਂ, ਮਤਾਂ ਦਾ। ਇਸ ਦਾ ਭਾਵ ਇਹ ਸੀ ਕਿ ਆਪ ਕਿਸੇ ਇਕ ਫਿਰਕੇ ਦੇ ਫਿਰਕਾ ਪਰਸਤ ਸਾਧੂ ਨਹੀਂ ਹਨ। ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਇਸ ਉਦਾਸੀ ਵਿਚ ਨਾਲ ਸੀ ਸੈਦੋ ਜੱਟ ਤੇ ਸੀਹੋਂ ਜੱਟ। ਰਸਤੇ ਵਿਚ ਅਨੇਕ ਕੌਤਕ ਹੋਏ ਤੇ ਅਨੇਕਾਂ ਤਾਰੇ। ਇਕ ਦੇਸ ਦਾ ਨਾਉ ਧਨਾਸਰੀ ਲਿਖਿਆ ਹੈ - ਸ਼ਾਯਦ ਇਹ ਤਨਾਸਰਮ ਦਾ ਨਾਮ ਹੋਵੇ। ਇਥੇ ਇਕ ਸਰੇਵੜੇ ਨੂੰ ਤਾਰਿਆ। ਉਸ ਨੂੰ ਕਰੜੇ ਤਪਾਂ ਹਠਾਂ ਮੈਲੀਆਂ ਕਿਰਿਆਂ ਤੋਂ ਛੁਡਾ ਕੇ ਕਰਤਾਰ ਨੂੰ ਕਰਤਾ ਸਿੱਧ ਕਰਕੇ ਉਸਦੇ ਲੜ ਲਾਇਆ ਤੇ ਆਖਿਆ, ਹੇ ਸਾਧੂ ਜੀ! ਨਾ ਸਮਝੋ ਕਿ ਜਗਤ ਵਿਚ ਉਦਾਸੀ ਲਈ, ਖਪਣ ਲਈ ਇਹ ਮਨੁੱਖਾ ਜਨਮ ਹੈ। ਜੀਵਨ ਮਾਤ੍ਰ ਇਕ ਰਸਮਯ ਵਸਤੂ ਹੈ, ਜੀਵੋਂ, ਸੁਹਣਾ

ਜੀਵਨ ਜੀਵੋ, ਆਪਣੇ ਆਧਾਰ ਰਹੋ, ਹਠ ਤਪ ਸਾਧਨ ਇਹ ਧਾਰੋ ਕਿ ਕਿਸੇ ਨੂੰ ਦੁਖਾਉਣਾ ਨਹੀਂ ਤੇ ਵਿਚ ਇਹ ਬੀ ਸਮਝੋ ਕਿ ਆਪੇ ਨੂੰ ਵੀ ਨਹੀਂ ਦੁਖਾਉਣਾ। ਆਪੇ ਨੂੰ ਟਿਕਾ ਕੇ ਪਰਮ ਪੁਰਖ ਦੇ ਧਿਆਨ ਵਿਚ ਲਾ ਕੇ ਸੁਤੇ ਸੁਖ ਵਿਚ ਟਿਕਣਾ ਹੈ। ਜਗਤ ਤੋਂ ਪਰ੍ਹੇ ਹਟਣ ਤੇ ਛੂ ਛੂ ਕਰਨ ਨਾਲੋਂ ਜਗਤ ਵਿਚ ਵੱਸ ਕੇ ਸੇਵਾ ਭੀ ਕਰਨੀ ਹੈ। ਇਸ ਸਾਧ ਦਾ ਨਾਉ ਅਨਭੀ ਸੀ, ਇਸ ਨੂੰ ਸਿੱਖ ਬਣਾ ਕੇ ਮੰਜੀ ਬਖਸ਼ੀ ਲਿਖੀ ਹੈ। ਇਸੇ ਸਫਰ ਵਿਚ ਕਿਸੇ ਟਾਪੂ ਵਿਚ ਕਿਸਮ ਮਾਣਸ ਖਾਣੇ ਕੌਡੇ ਨਾਮ ਦੇ ਰਾਖਸ਼ ਨੂੰ ਉਸਦੀ ਭ੍ਰਿਸ਼ਟ ਕਿਰਿਆ ਤੋਂ ਕੱਢ ਕੇ ਮਾਨੁਖ ਪ੍ਰੇਮ ਵਿਚ ਲਾਇਆ ਤੇ ਜਗਤ ਦਾ ਅਜਾਈ ਮਾਰੇ ਜਾਣੇ ਦਾ ਇਕ ਸੰਕਟ ਨਿਵਿਰਤ ਕੀਤਾ। ਇਹ ਰਾਖਸ਼ ਅੱਗੋਂ ਨੂੰ ਸ੍ਰਿਸਟੀ ਸੇਵਕ ਹੋ ਗਿਆ। ਇਸੇ ਸਫਰ ਵਿਚ ਆਪ ਮਖਦੂਮ ਬਹਾਵਦੀਨ ਨੂੰ ਮਿਲੇ ਜੋ ਮਾਨਸਿਕ ਸ਼ਕਤੀ ਵਧਾ ਕੇ ਮੁਸੱਲੇ ਤੇ ਬੈਠ ਕੇ ਪਾਣੀਆਂ ਵਿਚ ਤਰਿਆ ਕਰਦਾ ਸੀ। ਇਸ ਨੂੰ ਕਈ ਕੌਤਕ ਕਰਕੇ ਭੁੱਲ ਤੋਂ ਕੱਢਿਆ ਤੇ ਦੱਸਿਆ ਕਿ ਮਾਰਗ ਸਿਫਤ ਸਲਾਹ ਹੈ, ਆਪੇ ਨੂੰ ਨਿਰੋਲ ਨਿਰਮਲ ਕਰ ਕੇ ਤੱਕਣਾ ਹੈ ਤੇ ਆਪੇ ਨੂੰ ਪਰਮ ਆਪੇ ਨਾਲ ਵਸਲ ਵਿਚ ਲੈ ਆਉਣਾ ਹੈ। ਜਿਨ੍ਹਾਂ ਖੇਡਾਂ ਵਿਚ ਲਗ ਰਹੇ ਹੋ, ਓਹ ਆਪਣੀ ਹਉਂ ਤੇ ਤ੍ਰਿਸ਼ਨਾਂ ਨੂੰ ਵਧਾ ਕੇ ਦੂਜੇ ਇਨਸਾਨਾਂ ਨੂੰ ਆਪਣੇ ਵਸ ਵਿਚ ਕਰਨ ਦੀਆਂ ਹਨ। ਚਾਹੀਦਾ ਹੈ ਆਪੇ ਨੂੰ ਹਉਂ ਤੋਂ ਸੁਤੰਤਰ ਕਰਕੇ ਦੂਸਰਿਆਂ ਨੂੰ ਸੁਤੰਤਰ ਕਰਨਾ, ਆਪੇ ਵਿਚ ਟਿਕਾ ਕੇ ਸੁਖੀ ਕਰਨਾ। ਉਸ ਵੇਲੇ ਲਿਖਿਆ ਹੈ ਕਿ ਗੁਰੂ ਬਾਬੇ ਨੇ ਫੁਰਮਾਇਆ ਸੀ - ਸਉ ਉਲ੍ਹਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ॥ ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥ ਸਾਧਸੰਗਤ ਜੀ! ਹੰਸ ਨਾਮ ਹੈ ਸਾਧੂ ਉਜਲ ਚਾਹੀਏ। ਹੰਸ ਮੁਰਦਾਰ ਨਹੀਂ ਖਾਂਦਾ, ਮੁਰਦਾਰ ਖਾਣੇ ਕੰਮ ਗਿਰਝਾਂ ਆਦਿ ਚੀਲਾ ਦਾ ਹੈ। ਸੋ ਸਾਧੂ ਜੋ ਦੂਸਰਿਆਂ ਨੂੰ ਕਰਾਮਾਤਾਂ ਦੇ ਜ਼ੋਰ ਵੱਸ ਕਰਕੇ ਆਪਣੇ ਗੁਲਾਮ ਬਨਾਵੇ ਤੇ ਉਨ੍ਹਾਂ ਨੂੰ ਆਤਮ ਜੀਵਨ ਦਾਨ ਕਰਕੇ ਉਚਿਆਂ ਸੁਚਿਆਂ ਨਿਰਮਲ ਤੇ ਸੁਖੀ ਨਾ ਕਰੇ ਤਾਂ ਉਹ ਗਿਰਝਾਂ ਵਾਲੇ ਕੰਮ ਵਿਚ ਪੈ ਗਿਆ ਹੈ। ਉਹ ਤਾਂ ਸਗੋਂ ਆਤਮ ਜੀਵਨ ਵਲੋਂ ਮਰ ਚੁਕੇ ਲੋਕਾਂ ਤੋਂ ਆਪਣੇ ਲਾਭ ਤੇ ਯਸ ਖਟਣ ਦੇ ਮਗਰ ਪੈ ਗਿਆ ਹੈ, ਉਸਨੇ ਹੰਸਾਂ ਦਾ ਖਾਣਾ ਮੋਤੀ ਤੇ ਦੁੱਧ ਛੋੜ ਦਿਤਾ ਹੈ। ਗੁਰੂ ਜੀ ਨੇ ਸਿਫਤ ਸਲਾਹ ਦਾ ਮਾਰਗ ਦੱਸ ਕੇ, ਹਾਂ, ਇਸ ਜੁਹਦੀ ਤੇ ਤਪੀ ਫਕੀਰ ਨੂੰ ਉੱਚ ਸੁਰਤੇ ਕਰਕੇ ਨਿਹਾਲ ਕੀਤਾ। ਫਕੀਰ ਚੰਗਾ ਸੀ, ਘਾਲੀ ਸੀ, ਪਰ ਰਿੱਧੀ ਸਿੱਧੀ ਵਿਚ ਅਟਕਿਆ ਖਲਾ ਸੀ, ਗੁਰੂ ਬਾਬੇ ਨੇ ਵਿਸਮਾਦ ਦੇ ਰੰਗ ਲਾ ਦਿਤੇ। ਇਸੇ ਸਫਰ ਵਿਚ ਗੋਰਖ ਜੋਗੀ ਤੇ ਮਛਿੰਦ੍ਰ ਆਦਿ ਆਪ ਨੂੰ ਮਿਲੇ। ਇਨ੍ਹਾਂ ਨਾਲ ਬੀ ਵੀਚਾਰ ਹੋਏ। ਦੋ ਤ੍ਰੈ ਸ਼ਬਦ ਉਚਾਰੇ। ਮੁੱਖ ਗੱਲ ਜੋ ਦ੍ਰਿੜ੍ਹ ਕਰਾਈ ਇਹ ਸੀ -

***ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁ ਤੇਰੇ।***
***ਜੇ ਤਿਨ ਮਿਲਾ ਤਾਂ ਕੀਰਤਿ ਆਖਾ ਤਾ ਮਨੁ ਸੇਵ ਕਰੇ॥***

ਜਿਸ ਦਾ ਅਰਥ ਸਾਫ ਹੈ ਕਿ ਸਿਧ ਸਾਧੂ ਜੋਗੀ ਜੰਗਮ ਪੀਰ ਹੋਰ ਪ੍ਰਸਿੱਧ ਪੁਰਖ ਜੋ ਕੋਈ ਮੈਨੂੰ ਮਿਲਦਾ ਹੈ ਮੈਂ ਉਸ ਨੂੰ ਇਹੋ, ਮਤ ਦਿੰਦਾ ਹਾਂ ਕਿ ਭਾਈ ਕੀਰਤ ਦੇ ਰਸਤੇ, ਸਿਫਤ ਸਲਾਹ ਦੇ ਰਾਹ ਤੇ ਆਓ। ਇਸ ਮੱਚ ਮਰੇ ਮਨ ਨੂੰ ਸਿਫਤ ਸਲਾਹ ਨਾਲ ਜਿਵਾਓ, ਹਾਂ, ਗੁਣ ਕੀਰਤੀ ਨਾਲ, ਸੁਹਾਵੇ ਕੀਰਤਨ ਨਾਲ ਜਗਾਓ, ਮਦ ਵਿਚ ਲਿਆਓ, ਆਪੇ ਦੇ ਟਿਕਾਉ ਦੇ ਮਦ ਵਿਚ, ਆਪੇ ਵਿਚ ਟਿਕ ਹੈ। ਇਹ ਆਪਾ ਸੁੰਦਰ ਹੈ ਤੇ ਸੁਖ ਸਰੂਪ ਹੈ ਤੇ ਪਰਮ ਸੁਖ ਸਰੂਪ ਦੇ ਹਜ਼ੂਰ ਪਹੁੰਚਦਾ ਹੈ ਉਸ ਵਿਚ ਮਿਲ ਕੇ ਨਦੀ ਦੇ ਸਮੁੰਦਰ ਨਾਲ ਮਿਲਣ ਵਾਂਗੂੰ ਬਲਵਾਨ ਤੇ ਵਿਸ਼ਾਲ ਹੋ ਜਾਂਦਾ ਹੈ। ਸੋ ਸਾਧ ਸੰਗਤ ਜੀ! ਇਸ ਤਰ੍ਹਾਂ ਦੇ ਕਾਰਜ ਕਰਦੇ ਜਗਤ ਨੂੰ ਜਗਾਉਂਦੇ ਸੁਰਤਾਂ ਦਾਨ ਕਰਦੇ ਆਪ ਸੰਗਲਾਦੀਪ ਜਾ ਪਹੁੰਚੇ।

੪

ਹੁਣ ਸੰਤਾਂ ਨੇ ਇਕ ਕਾਗਤ ਹੋਰ ਆਪਣੇ ਰੁਮਾਲ ਵਿਚੋਂ ਵਲ੍ਹੇਟਿਆ ਹੋਇਆ ਕੱਢ ਲਿਆ ਤੇ ਐਉਂ ਲੱਗੇ ਕਥਾ ਸੁਨਾਉਣ- ਸਾਧਸੰਗਤ ਸੀ! ਉਧਰ ਰਾਜਾ ਸ਼ਿਵਨਾਭ ਆਪਣੇ ਪ੍ਰੇਮ ਵਿਚ ਹਰ ਘੜੀ ਉਡੀਕਾਂ ਵਿਚ ਬਿਹਬਲ ਹੋ ਰਿਹਾ ਸੀ, ਉਸ ਦਾ ਪ੍ਰੇਮ ਹਦ ਬੰਨੇ ਟੱਪ ਚੁਕਾ ਸੀ, ਉਸਦੀ ਖੈਂਚ ਅਸਹਿ ਹੋ ਰਹੀ ਸੀ। ਗੁਰੂ ਬਾਬਾ ਆਪਣੇ ਆਪੇ ਵਿਚ ਸੰਪੂਰਨ ਪਰ ਫੇਰ ਪ੍ਰੇਮ ਦਾ ਰਸਿਕ ਪ੍ਰੇਮ ਸਰੂਪ, ਪ੍ਰੇਮ ਨੂੰ ਅਨੁਭਵ ਕਰਨ ਤੇ ਪ੍ਰੇਮ ਕਰਕੇ ਨਿਹਾਲ ਕਰ ਦੇਣ ਵਾਲਾ ਭੱਜਾ ਜਾ ਰਿਹਾ ਸੀ। ਚਾਹੇ ਹਜ਼ਾਰਾਂ ਮੀਲਾਂ ਦਾ ਫਾਸਲਾ ਸੀ, ਪਰ ਬਾਬਾ ਵਲਿੱਖਾਂ ਚੀਰ ਕੇ ਜਾ ਹੀ ਪਹੁੰਚਾ।

ਇਕ ਦਿਨ ਰਾਜਾ ਜੀ ਇਕਾਂਤ ਜਲ ਕਿਨਾਰੇ ਬੈਠੇ ਵੈਰਾਗ ਕਰ ਰਹੇ ਡਾਢੀ ਮਧੁਰ ਧੁਨਿ ਵਿਚ ਕੁਛ ਗਾ ਰਹੇ ਸੀ, ਜਿਸ ਦਾ ਪੰਜਾਬੀ ਵਿਚ ਭਾਵ ਇਉਂ ਦਰਸਾਇਆ ਹੈ-

***ਖੜੀ ਕਿਨਾਰੇ ਕੂਕ ਪੁਕਾਰਾਂ,***
***ਸਾਂਈਂ ਨੂੰ ਪਈ ਵਾਜਾਂ ਮਾਰਾਂ,***
***ਆ ਸਾਂਈਂ ਮੈਂ ਤਨ ਮਨ ਵਾਰਾਂ,***
***ਅੱਲ ਵਿਲੱਲੀ ਝੱਲੀ ਹਾਂ।***
***ਜੀ ਤਰਸੇ ਉਡ ਮਿਲਾਂ ਪਿਆਰੇ,***
***ਲੋਚਾਂ ਜਾਵਾਂ ਪਾਰ ਕਿਨਾਰੇ,***
***ਜਾਵਾਂ ਮੈਂ ਕਿਸ ਓਟ ਸਹਾਰੇ?***
***ਸਿਕਦੀ ਖੜੀ ਇਕੱਲੀ ਹਾਂ।***
***ਉਤ ਵਲ ਜਾਣੋਂ ਵਰਜ ਰਹਾਣੀ,***
***ਇਤ ਵਲ ਖੜਿਆਂ ਉਮਰ ਵਿਹਾਣੀ,***

*ਜਾਇ ਨ ਸੱਕਾਂ ਆਪ ਨਿਮਾਣੀ,*
*ਦੁਖੀਆ ਖੜੀ ਦੁਵੱਲੀ ਹਾਂ।*
*ਆਵੋ ਪ੍ਰੀਤਮ ਦਰਸ ਦਿਖਾਵੋ,*
*ਕਰੋ ਮਿਹਰ ਚਾ ਫੇਰਾ ਪਾਵੋ,*
*ਸਿਕਦੀ ਚਰਣੀਂ ਆਣ ਲਗਾਵੋ,*
*ਬੋਲੀ ਹੋ ਹੁਣ ਚੱਲੀ ਹਾਂ।*

ਫੇਰ ਰਾਜਾ ਜੀ ਚੁੱਪ ਹੋ ਗਏ। ਕੁਛ ਚਿਰ ਮਗਰੋਂ ਮੰਤ੍ਰੀ ਆ ਗਿਆ ਤੇ ਬੜੇ ਅਦਬ ਨਾਲ ਆਖਣ ਲੱਗਾ, ਮੈਨੂੰ ਵੱਡੇ ਮਾਲੀ ਨੇ ਆਖਿਆ ਹੈ ਕਿ ਤ੍ਰੈ ਦਿਨਾਂ ਤੋਂ ਇਕ ਸਾਧੂ ਆਏ ਹੋਏ ਹਨ, ਜਿਨ੍ਹਾਂ ਵਰਗਾ ਅੱਗੇ ਕੋਈ ਨਹੀਂ ਆਇਆ। ਪਹਿਲੇ ਤਾਂ ਉਨ੍ਹਾਂ ਆਪ ਹੀ ਆ ਕੇ ਸੁੱਕੇ ਬਾਗ ਵਿਚ ਡੇਰਾ ਲਾਇਆ ਹੈ, ਦੋ ਆਦਮੀ ਸੋਹਣੀ ਨੁਹਾਰ ਦੇ ਨਾਲ ਹੋਰ ਹਨ। ਉਨ੍ਹਾਂ ਦੇ ਕਦਮ ਰਖਦੇ ਸਾਰ ਬਾਗ ਹਰਿਆ ਹੋ ਗਿਆ ਹੈ, ਸ਼ਗੂਫੇ ਫੁੱਟ ਪਏ ਹਨ, ਪੱਤੇ ਨਿਕਲ ਰਹੇ ਹਨ। ਦੂਸਰੇ ਜਿੱਦਣ ਦੇ ਆਏ ਹਨ ਮੈਂ ਨਿਰਾਹਾਰ ਰਹਿੰਦੇ ਹੀ ਵੇਖੇ ਹਨ। ਸਾਥੀਆਂ ਨੇ ਥੋੜ੍ਹਾ ਦਾਲ ਤੇ ਚਾਵਲ ਪਾਏ ਹਨ, ਪਰ ਆਪ ਅਜੇ ਤਕ ਪੌਣ ਅਹਾਰੀ ਹਨ, ਪਰ ਆਪ ਇਸ ਫਾਕੇ ਨਾਲ ਕੋਈ ਲਿੱਸੇ ਮਾੜੇ ਪਏ ਹੋਏ ਨਹੀਂ ਦਿੱਸਦੇ। ਤੀਜੇ ਜੋ ਸਰੀਰ ਉਨ੍ਹਾਂ ਦੀ ਪ੍ਰੀਖਿਆ ਵਾਸਤੇ ਜਾਂਦਾ ਹੈ ਬਾਗ ਵੜਦਿਆਂ ਉਸਦੀ ਸੁਰਤ ਹੋਰ ਹੋ ਜਾਂਦੀ ਹੈ, ਪ੍ਰੀਖਿਆ ਭੁੱਲ ਜਾਂਦੀ ਹੈ, ਹਿਰਦੇ ਵਿਚ ਖਿੜਾਉ ਹੋਣ ਲਗ ਪੈਂਦਾ ਹੈ, ਦੂਰ ਤੋਂ ਦਰਸ਼ਨ ਹੁੰਦੇ ਹਨ ਤਾਂ ਜ਼ੁਬਾਨ ਬੰਦ ਹੋ ਜਾਂਦੀ ਹੈ ਤੇ ਉਨ੍ਹਾਂ ਪਵਿੱਤਰ ਚਰਨਾਂ ਤੇ ਡਿੱਗ ਪੈਂਦਾ ਹੈ। ਚਰਨੀ ਲਗਦਿਆਂ 'ਵਾਹਿਗੁਰੂ' ਦੀ ਧੁਨੀ ਛਿੜ ਪੈਂਦੀ ਹੈ, ਰੋਮ ਰੋਮ ਇਹੋ ਆਵਾਜ਼ ਬੋਲਣ ਲਗ ਜਾਂਦਾ ਹੈ, ਜਦ ਉਹ ਉਨ੍ਹਾਂ ਕੋਲ ਹੋ ਕੇ ਦਰਸ਼ਨ ਮੇਲੇ ਕਰਕੇ ਮੁੜ ਆਉਂਦਾ ਹੈ ਤਾਂ ਨੈਣ ਨੀਰ ਪੂਰਤ ਹੁੰਦੇ ਹਨ, ਪੁੱਛੇ ਤਾਂ ਇਹ ਉਤਰ ਦਿੰਦਾ ਹੈ, ਆਪਣੇ ਪਿਆਰੇ ਮਾਲਕ ਨੂੰ ਯਾਦ ਕਰੋ, ਰਚਣਹਾਰ ਸੋਹਣੇ ਨਾਲ ਪ੍ਰੇਮ ਕਰੋ। ਹੇ ਰਾਜਾ! ਜਿਤਨੇ ਸਰੀਰ ਗਏ ਸਭ ਦੀ ਇਸ ਪ੍ਰਕਾਰ ਕਾਇਆਂ ਪਲਟ ਹੋ ਗਈ ਹੈ।

ਰਾਜਾ (ਰੋ ਕੇ) – ਕੁਝ ਨਾਮ ਪਤਾ ਦੱਸਦੇ ਹਨ?

ਮੰਤ੍ਰੀ – ਚੁੱਪ ਹਨ, ਕਿਸੇ ਗੱਲ ਦਾ ਉਤਰ ਨਹੀਂ ਦਿੰਦੇ, ਜੋ ਜੋ ਸਰੀਰ ਪਰਤਾਵਾ ਲੈਣ ਜਾਵੇ ਉਹ ਮਾਨੋ ਬੇਜ਼ੁਬਾਨ ਹੋ ਆਉਂਦਾ ਹੈ ਤੇ ਉਹ ਉਪਰਲੀ ਦਸ਼ਾ ਵਿਚ ਹੁੰਦਾ ਹੈ। ਅੱਜ ਮੈਂ ਤੇ ਆਪਦੇ ਵਿਦੂਖਕ ਜੀ, ਜੋ ਮਖੌਲ ਬਿਨਾ ਜੀ ਨਹੀਂ ਸਕਦੇ, ਦੋਵੇਂ ਜਣੇ ਆਪ ਗਏ ਸਾਂ, ਉਹ ਤਾਂ ਦਰਸ਼ਨ ਮਗਨ ਓਥੇ ਹੀ ਬੈਠੇ ਹਨ, ਆਖਦੇ ਹਨ, ਇਹ ਜੋਤਿ ਨਿਰੰਜਨੀ ਜ਼ਰੂਰ ਹਨ। ਜਾਓ ਰਾਜਾ ਜੀ ਨੂੰ ਆਖੋ ਨਿਰਸੰਸੇ ਆਉਣ। ਮੈਨੂੰ ਕਹਿੰਦੇ ਸਨ, ਐਡੇ ਪਿਆਰੇ ਹਨ, ਜੇ ਮੈਨੂੰ ਇਹ ਕੇਵਲ ਕਹਿ ਦੇਣਗੇ ਕਿ ਰੱਬ ਹੈ ਤਾਂ ਮੈਂ ਮੰਨ ਲਵਾਂਗਾ ਤੇ ਬੋਧ ਧਰਮ ਹੁਣ ਹੀ ਤਿਆਗ ਦਿਆਂਗਾ। ਫੇਰ ਠੰਢਾ ਸਾਹ ਲੈ ਕੇ ਕਹਿਣ ਲੱਗੇ, ਮੈਂ ਇਸ ਮੋਹਣੀ ਮੂਰਤ ਨੂੰ ਦੇਖ ਕੇ ਮੋਹਿਆ ਗਿਆ ਹਾਂ, ਇਹ ਮਨੁੱਖ ਮਾਤ੍ਰ ਨਹੀਂ ਹੈ, ਜ਼ਰੂਰ ਕੋਈ ਮਹਾਨ ਅਵਤਾਰ ਹੈ। ਹੇ ਰਾਜਾ! ਮੈਂ ਕੀਹ ਦੱਸਾਂ, ਮੈਂ ਆਪ ਵੀ ਖਿੱਡ ਖਾ ਕੇ ਆਇਆ ਹਾਂ। ਬੜੇ ਪਿਆਰੇ ਲੱਗਦੇ ਹਨ, ਧਰਤੀ ਦੇ ਜੀਵ ਨਹੀਂ ਲਗਦੇ, ਮਨ ਮੰਨਦਾ ਹੈ ਕਿ ਅਕਾਸ਼ਾਂ ਤੋਂ ਆਏ ਹਨ।

ਰਾਜਾ (ਹਾਹੁਕਾ ਲੈ ਕੇ) ਮੰਤ੍ਰੀ! ਓਸ ਦਿਨ ਉਸ ਪਖੰਡੀ ਨੂੰ ਮੱਥਾ ਟੇਕ ਕੇ ਜੋ ਮੇਰੇ ਮਨ ਨੂੰ ਦੁੱਖਹੋਇਆ, ਉਹ ਦੁੱਖ ਭੁਲਦਾ ਨਹੀਂ। ਤਦ ਦਾ ਚਿੱਤ ਇਹੋ ਡਿਰਦਾ ਹੈ ਕਿ ਸੱਚੇ ਬਿਨਾ ਇਹ ਸਿਰ ਕਿਸੇ ਅੱਗੇ ਭੁੱਲ ਨਾਲ ਵੀ ਨਾ ਝੁਕੇ। ਪਰ ਹੁਣ ਧਰੂ ਪੈਂਦੀ ਹੈ, ਭੱਜ ਕੇ ਪਹੁੰਚਣ ਨੂੰ ਜੀ ਉਮਲਦਾ ਹੈ, ਪਰ ਮਨ ਉਸ ਕੌੜੇ ਤਜਰਬੇ ਕਰਕੇ ਜਚਦਾ ਬੀ ਹੈ।

ਮੰਤ੍ਰੀ – ਹੇ ਰਾਜਨ! ਹੁਣ ਤਾਂ ਸੱਚ ਸਾਮਰਤੱਖ ਹੈ। ਹੁਣ ਨਾਂ ਜਚੋ, ਸੱਚੀ ਹਾਂ! ਕੱਲ ਰਾਗ ਵਿਦਿਆ ਵਿਚ ਨਿਪੁੰਨ ਸੁੰਦਰੀਆਂ ਗਈਆਂ ਸਨ ਜੋ ਨਿਰਤਕਾਰੀ ਕਰਕੇ ਉਨ੍ਹਾਂ ਨੂੰ ਆਪਣੇ ਰੰਗ ਵਿਚੋਂ ਉਖੇੜਨ, ਪਰ ਉਸ ਮ੍ਰਿਦੁਲ ਮੂਰਤੀ ਨੇ ਜਾਂਦੀਆਂ ਨੂੰ ਹੀ ਕਿਹਾ –

ਰਾਜ ਨੂੰ ਹਰੀ ਕੀਰਤਨ ਵਿਚ ਵਰਤੋ, ਨਾਮ ਜਪੋ।

ਉਸੀ ਵਕਤ ਉਹ ਸਮਾਧੀ ਵਿਚ ਬੈਠ ਗਈਆਂ, ਕੁਛ ਦੇਰ ਬਾਅਦ ਹੋਸ਼ ਪਤੀ ਤਾਂ ਮੁੜੀਆਂ, ਉਨ੍ਹਾਂ ਦੇ ਨੈਣ ਜਲ ਨਾਲ ਭਰੇ ਹਨ ਅਰ ਸਰੀਰ ਵਿਚੋਂ ਹਰੀਨਾਮ ਦੀ ਅਖੰਡਾਕਾਰ ਧੁਨੀ ਮਾਨੋ ਨਿਕਲ ਰਹੀ ਹੈ, ਐਸ ਤਰ੍ਹਾਂ ਦਿੱਸਦੀਆਂ ਹਨ ਕਿ ਪਵਿੱਤਰਤਾ ਅਰ ਹਰੀ ਸਿਮਰਨ ਦੀਆਂ ਦੇਵੀਆਂ ਹਨ। ਹੇ ਰਾਜਾ! ਬਾਗਾਂ ਵਿਚ ਪ੍ਰਭਾਵ ਹੀ ਕੁਛ ਹੋਰ ਹੈ, ਪੈਰ ਰੱਖਦਿਆਂ ਜੀ ਖਿੜਦਾ ਹੈ, ਠੰਢ ਵਰਤਦੀ ਹੈ, ਸ਼ਾਂਤਿ ਆਉਂਦੀ ਹੈ ਤੇ ਐਉਂ ਲਗਦਾ ਹੈ ਜੀਕੂੰ ਰੱਬ ਹੀ ਰੱਬ ਹੋ ਰਿਹਾ ਹੈ। ਮੇਰੀ ਜਾਚੇ ਹੁਣ ਸੰਸਾ ਨਹੀਂ, ਮਨਸੁਖ ਦਾ ਗੁਰੂ, ਆਪ ਦਾ ਗੁਰੂ ਨਾਨਕ, ਸ੍ਰਿਸ਼ਟੀ ਦਾ ਤ੍ਰਾਣ ਕਰਤਾ, ਮਹਾਨ ਰਿਖੀਆਂ ਦਾ ਸ਼ਿਰੋਮਣੀ, ਅਵਤਾਰਾਂ ਦਾ ਸਿਰ ਅਵਤਾਰ ਹੈ, ਜੋ ਬਾਗ ਵਿਚ ਆ ਕੇ ਬੈਠਾ ਹੈ।

ਰਾਜਾ ਨੇ ਇਹ ਸੁਣ ਕੇ ਇਕ ਚੱਕਰ ਜੇਹਾ ਖਾਧਾ, ਫੇਰ ਸੰਭਲਿਆ ਤੇ ਬੋਲਿਆ ਅਹੋ! ਮੈਂ ਅਪਰਾਧੀ, ਮੈਂ ਆਪਣੇ ਮਾਲਿਕ ਦੇ ਪਰਤਾਵੇ ਲਏ! ਧਿੱਕ ਮੇਰੇ ਤੇ!.......

ਹੇ ਮੰਤ੍ਰੀ! ਤੂੰ ਹੁਣ ਕੀ ਆਖਦਾ ਹੈਂ?

ਮੰਤ੍ਰੀ – ਪਾਤਸ਼ਾਹ! ਹੁਣ ਤਾਂ ਆਪ ਹੈ, ਆਪ ਹੈ, ਆਪ ਹੈ। ਅੱਜ ਤਾਂ ਮੈਂ ਤੇ ਵਿਦੂਖਕ ਜੀ ਨੇ ਨਾਮ, ਜਾਤ,

ਪਤਾ ਪੁੱਛਣ ਦੀ ਬੀ ਗੁਸਤਾਖੀ ਕੀਤੀ, ਪਰ ਉਹ ਕੀਰਤਨ ਵਿਚ ਮਗਨ ਸਨ, ਆਪ ਦੇ ਦੈਵੀ ਗਲੇ ਤੋਂ ਜੋ ਇਲਾਹੀ ਨਾਦ, ਅਨਾਹਦ ਨਾਦ ਹੋਇਆ ਤਾਂ ਇਹ ਕੁਛ ਗਾਂਵਿਆ ਗਿਆ, ਜੋ ਆਪਣੇ ਲੇਖਕ ਜੀ ਨੇ ਨਾਲੋ ਨਾਲ ਲਿਖ ਲਿਆ ਸੀ –

***ਜੋਗੀ ਜੁਗਤਿ ਨਾਮੁ ਨਿਰਮਾਇਲੁ ਜਾ ਕੈ ਮੈਲੁ ਨ ਰਾਤੀ॥***
***ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ॥***
***ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ॥***
***ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ॥***
***ਬ੍ਰਹਮਣੁ ਬ੍ਰਹਮੁ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ॥***
***ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ॥***
***ਜਿਹਬਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ॥***
***ਏਕੋ ਹਾਟੁ ਸਾਹੁ ਸਭਨਾ ਸਿਰਿ ਵਣਜਾਰੇ ਇਕ ਭਾਤੀ॥***
***ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸ ਏਕ ਲਿਵਲਾਗੀ ਜੀਅਹੁ ਰਹੈ ਨਿਭਰਾਤੀ॥***
***ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ॥***
***ਊਪਰਿ ਗਗਨੁ ਗਗਨ ਪਰਿ ਗੋਰਖੁ ਤਾਕਾ ਅਗਮੁ ਗੁਰੂ ਪੁਨਿ ਵਾਸੀ॥***
***ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ॥***

ਇਸ ਸ਼ਬਦ ਦੀ ਧੁਨੀ ਮਾਰੂ ਰਾਗ ਵਿਚ ਸੀ, ਇਹ ਵੈਰਾਗ ਦਾ ਨਕਸ਼ਾ ਬੰਨ੍ਹ ਗਈ ਉਹ ਇਲਾਹੀ ਧੁਨਿ ਸੁਣਦੇ ਸਭ ਪੱਥਰ ਦੀਆਂ ਮੂਰਤਾਂ ਵਾਂਗ ਨਿਸ਼ਚਲ ਹੋ ਗਏ ਤੇ ਸਾਨੂੰ ਸਾਫ ਉਤਰ ਮਿਲ ਗਿਆ ਕਿ ਆਪ ਦਾ ਹੀ ਨਾਮ ਨਾਨਕ ਹੈ।

ਰਾਜਾ – ਸੱਚ! ਹਾਂ, ਉਹ ਪਤਿਤ ਪਾਵਨ ਆਪ ਹੈ, ਪਰ ਮੈਂ ਪਤਿਤ ਹਾਂ!.........ਪਰ ਹਾਂ, ਓਹ ਪਤਿਤ ਪਾਵਨ ਹੈ, ਇਹ ਕਹਿੰਦੇ ਰਾਜਾ ਦਾ ਦਿਲ ਟੁੱਟਾ, ਪ੍ਰੇਮ ਦਾ ਪ੍ਰਵਾਹ ਕੜ ਪਾੜ ਕੇ ਚੜ੍ਹਿਆ ਹੱਦ, ਬੰਨੇ, ਸੋਚਾਂ, ਸੰਸੇ ਰੁੜ੍ਹ ਗਏ। ਪ੍ਰੀਤ ਦੀ ਕਾਂਗ ਆਈ, ਇਸ਼ਕ ਦੀ ਨਾ ਰੁਕਣ ਵਾਲੀ ਹੜ੍ਹ ਦੇ ਵੇਗ ਦੀ ਰੌ ਆਈ, ਸੁਰਤ ਨੂੰ ਲੈ ਟੁਰੀ, ਮਨ ਨੂੰ ਲੈ ਟੁਰੀ, ਦੇਹ ਨੂੰ ਲੈ ਟੁਰੀ। ਖਿੱਚ ਦੀ ਤ੍ਰਿੱਖੀ ਕਾਂਗ ਰਾਜਾ ਨੂੰ ਨਸਾਈ ਲਈ ਜਾਂਦੀ ਹੈ, ਭਜਾਈ ਲਈ ਜਾਂਦੀ ਹੈ। ਪ੍ਰੀਤਮ ਆਇਆ, ਮੇਰਾ ਪ੍ਰੀਤਮ ਆਇਆ, ਕਹਿੰਦਾ ਲੋਹਾ ਜਿਉਂ ਧਾ ਕੇ ਚੁੰਬਕ ਵਲ ਜਾਂਦਾ ਹੈ, ਐਉਂ ਧਰੂਹੀਦਾ ਜਾ ਰਿਹਾ ਹੈ, ਵੱਛਾ ਮਾਂ ਵੰਨੀ ਭੰਨਾ ਜਾਂਦਾ ਹੈ, ਕਾਹਲੀ ਹੋਈ ਨਦੀ ਸਮੁੰਦਰ ਵੱਲ ਨੱਠੀ ਜਾਂਦੀ ਹੈ, ਤਿਵੇਂ ਰਾਜਾ ਸਤਿਗੁਰ ਵਲ ਭੱਜਾ ਜਾ ਰਿਹਾ ਹੈ।

ਬਾਗ ਦਾ ਵਾਯੂ ਮੰਡਲ ਆਤਮ ਸੁਗੰਧੀ ਨਾਲ ਭਰਪੂਰ ਹੈ, ਜਾ ਕੇ ਦਰਸ਼ਨ ਕੀਤਾ, ਕਲੇਜਾ ਖਿੱਚ ਤੇ ਪਿਆਰ ਨਾਲ ਹੋਰ ਟੁੱਟ ਗਿਆ, ਮੱਲੋਮੱਲੀ ਸਿਰ ਝੁਕ ਗਿਆ ਹੈ, ਸੁਰਤ ਮੋਹੀ ਗਈ ਹੈ, ਮਹਾਰਾਜ ਦੇ ਨੇਤ੍ਰ ਬੰਦ ਸਨ, ਉਸ ਵੇਲੇ ਦੈਵੀ ਨੈਣ ਖੁੱਲ੍ਹੇ, ਰਾਜਾ ਜਾਲ ਨਹੀਂ ਝੱਲ ਸਕਿਆ। ਫੇਰ ਰਾਜਾ ਪੈਰੀਂ ਢੱਠਾ, ਰੋ ਰੋ ਕੇ ਬਲਿਹਾਰ ਤੇ ਜਲਿਹਾਰ ਹੋ ਗਿਆ। ਕਿਤਨਾਂ ਚਿਰ ਚਰਣਾਂ ਤੇ ਸਿਰ ਰੱਖੇ ਨੂੰ ਸੁਧ ਨਾ ਰਹੀ। ਵਾਹ ਵਾਹ, ਹੇ ਰਾਜਾ! ਤਰਸਦੇ ਤੇ ਸਿੱਕਦੇ ਰਾਜਾ! ਅੱਜ ਤੇਰੀ ਸਿੱਕ ਪੂਰੀ ਹੋਈ, ਸੱਚਖੰਡ ਤੋਂ ਟੁਰ ਕੇ ਜੋ ਸੰਸਾਰ ਰਖਿਆ ਨਮਿੱਤ ਆਇਆ ਹੈ, ਉਹ ਅੱਜ ਤੇਰੇ ਗ੍ਰਹਿ ਆਇਆ ਹੈ। ਹਾਂ, ਮੱਥਾ ਟੇਕ, ਸਿਰ ਨਾ ਚੱਕ ਲੀਨ ਹੋ ਅਰ ਇਨ੍ਹਾਂ ਹੀ ਚਰਣਾਂ ਕਮਲਾਂ ਵਿਚ ਲੀਨ ਹੋ ਜਾਗ। ਪਿਆ ਰਹੁ ਰਾਜਾ, ਹੁਣ ਅੰਮ੍ਰਿਤ ਕੁੰਡ ਤੋਂ ਸੀਸ ਕਾਸਨੂੰ ਚਾਉਂਦਾ ਹੈ, ਦੇਖ ਕਿਸ ਤਰ੍ਹਾਂ ਦੀ ਜੀਵਨ ਦੇ ਹੁਲਾਰੇ ਭਰੀ ਤੇ ਰਸ ਦੇ ਲਹਿਰੇ ਭਰੀ ਝਰਨਾਟ ਚਰਣਾਂ ਥੀਂ ਤੇਰੇ ਸਰੀਰ ਵਿਚ ਆ ਰਹੀ ਹੈ! ਪਿਆ ਰਹੁ ਰਾਜਾ, ਇਸ ਸੁਖ ਪੁੰਜ ਖਜ਼ਾਨੇ ਤੇ ਪਿਆ ਰਹੁ, ਅੱਜ ਤੇਰੇ ਧੰਨ ਭਾਗ ਹਨ।

ਸਤਿਗੁਰੂ ਜੀ ਨੇ ਪਿਆਰ ਦੇ ਕੇ ਉਠਾਇਆ, ਕਿਹਾ – ਰਾਜਾ! ਸਾਵਧਾਨ ਹੋ, ਨਿਰੰਕਾਰ ਦੀ ਜੋਤਿ ਸੰਭਾਲ। ਦੇਖੋ ਜੀ, ਧਿਆਨ ਕਰਕੇ ਰਾਜਾ ਉਠਦਾ ਹੈ, ਸੰਭਾਲਦਾ ਹੈ, ਪਰ ਪ੍ਰੇਮ ਲੱਦਿਆ ਸਿਰ ਝੁਕ ਝੁਕ ਪੈਂਦਾ ਹੈ, ਚਾਹੁੰਦਾ ਹੈ ਕੁਛ ਬਿਨੈ ਕਰਾਂ, ਪਰ ਗਲਾ ਰੁਕਦਾ ਹੈ। ਅੰਤ ਰੁਕ ਰੁਕ ਕੇ ਸੱਧਰ ਨੇ ਕਹਾਇਆ – 'ਮਹਲੀਂ ਚੱਲੋ ਤਾਂ ਸਤਿਗੁਰ ਆਖਦਾ ਹੈ, ਫਕੀਰਾਂ ਨੂੰ ਛੱਪਰ ਕਿਨ ਛਾਏ? ਜਦ ਰਾਜਾ ਬਹੁਤ ਮਿੰਨਤ ਤੇ ਤਰਲੇ ਕਰਦਾ ਹੈ ਤਾਂ ਚੋਜੀ ਸਤਿਗੁਰ ਆਖਦਾ ਹੈ ਕਿ ਮੈਂ ਪਿਆਰਾ ਨਹੀਂ ਜਾਂਦਾ। ਤਦਹੁੰ ਰਾਜੇ ਸ਼ਿਵਨਾਭਿ ਆਖਿਆ, ਜੀ ਤੇਰਾ ਦਿੱਤਾ ਸਭ ਕਿਛੁ ਹੈ, ਹੁਕਮ ਹੋਵੇ ਤਾਂ ਘੋੜੇ ਹਾਥੀ ਚੜ੍ਹੀਏ ਅਤੇ ਜੀ ਤਖਤ ਰਵਾਂ ਚੜ੍ਹੀਐ। ਤਬ ਗੁਰੂ ਬਾਬੇ ਆਖਿਆ, ਜੋ ਹੋ ਰਾਜਾ ਅਸੀਂ ਮਨੁੱਖ ਦੀ ਅਸਵਾਰੀ ਕਰਦੇ ਹਾਂ। ਤਬ ਰਾਜੇ ਆਖਿਆ ਜੀ ਮਨੁੱਖ ਬੀ ਬਹੁਤ ਹੈਨਿ, ਚੜ੍ਹ ਚੱਲੀਐ। ਤਬ ਬਾਬੇ ਆਖਿਆ, ਹੇ ਰਾਜਾ! ਓਹ ਮਨੁੱਖ ਹੋਵੇ, ਜੋ ਰਾਜਕੁਇਰ ਹੋਵੇ ਅਤੇ ਨਗਰ ਕਾ ਰਾਜਾ ਹੋਵੇ, ਤਿਸ ਕੀ ਪਿੱਠ ਉਪਰ ਚੜ੍ਹਿਹਾਂ। ਤਬ ਰਾਜੇ ਆਖਿਆ – ਪਾਤਿਸ਼ਾਹ ਜੀ! ਤੇਰਾ ਕੀਤਾ ਰਾਜਾ ਮੈਂ ਹਾਂ ਚੜ੍ਹਿ ਚਲੀਏ।

ਤਾਂ ਸਤਿਗੁਰ ਜੀ ਮੁਸਕਰਾਏ ਤੇ ਬਚਨ ਕੀਤਾ ਸ਼ਹਿਰ ਵਿਚ ਧਰਮਸਾਲ ਬਣਾਓ। ਮਹਲੀਂ ਨਹੀਂ, ਪਰ ਧਰਮਸਾਲੇ ਆਵਾਂਗੇ। ਹੁਕਮ ਸੁਣ ਕੇ ਚੰਦ ਚੜ੍ਹ ਗਿਆ, ਰਾਜੇ ਨੇ ਬਹੁਤ ਸਾਰੇ ਕਾਰੀਗਰ ਲਾ ਕੇ ਬਹੁਤ ਛੇਤੀ ਸੁੰਦਰ ਧਰਮਸਾਲ ਬਣਵਾ ਲਈ। ਜਦ ਬਾਗ ਵਿਚ ਆਪਣੇ ਅਣਡਿੱਠੇ ਪ੍ਰੀਤਮ, ਪ੍ਰਾਣਾਂ ਤੋਂ ਪਿਆਰੇ ਪ੍ਰੀਤਮ, ਤੇ ਹੁਣ ਸਾਖਯਾਤ ਪ੍ਰੀਤਮ ਨੂੰ ਲੈਣ ਗਿਆ ਤਾਂ ਅੱਗੇ ਆਪਦੀ ਸੁਗੰਧਿ ਰੂਪ ਕਾਯਾਂ ਉਥੋਂ ਲੋਪ ਸੀ। ਸਾਧ ਸੰਗਤੀ ਜੀ! ਕਵੀ ਗਣੇਸ਼ਾ ਸਿੰਘ ਲਿਖਦੇ ਹਨ –

***ਨ੍ਰਿਪ ਹ੍ਵੈ ਬਿਕਲ ਗਿਰਯੋ ਤਿਹ ਥਾਉਂ,***
***ਸੁਧ ਬੁਧ ਰਹੀ ਨ ਕੁਛ ਤਿਹ ਆਨ॥***

*ਸ਼ੀਘ੍ਰ ਸੇਵਕਨ ਕਰਯੋ ਉਠਾਵਨ,*
*ਜਲ ਮੁਖ ਪਾਇ ਕੀਨ ਸਵਧਾਨ॥*
*ਤਬੈ ਸਸ਼ੋਕ ਕਹੀ ਮੁਖ ਬਾਨੀ,*
*ਕਹਾਂ ਗਏ ਸ੍ਰੀ ਗੁਰ ਸੁਖਦਾਨ?*

***(ਗੁਰੂ ਨਾਨਕ ਸੂਰਯੋਦਯ)***

ਇਸ ਵੇਲੇ ਜੋ ਉਸਦੇ ਹਿਰਦੇ ਨੂੰ ਬਿਰਹ ਹੋਇਆ ਕਥਨ ਤੋਂ ਬਾਹਰ ਹੈ। ਬੇਹੋਸ਼ੀ ਹੋ ਗਈ, ਹਸ਼ ਆ ਗਈ। ਜਦ ਗਸ਼ ਤੋਂ ਕਈ ਉਪਾਵਾਂ ਨਾਲ ਹੋਸ਼ ਆਈ ਤਦ ਵਿਆਕੁਲ ਹੋ ਕੇ ਰੋਵੇ ਅਰ ਤਲਾਸ਼ ਕਰੇ, ਕੂਕੇ ਤੇ ਕੁਰਲਾਵੇ, ਟੋਲੇ ਭਾਲੇ, ਤੇ ਹਾਹੁਕੇ ਲਵੇ ਤੇ ਵਿਰਲਾਪ ਕਰੇ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ –

*ਆਰਤ ਹੋਇ ਪੁਕਾਰਤ ਭਾਰੀ॥*
*ਪ੍ਰਾਨਨਾਥ! ਮਿਲਿਯੇ ਇਕ ਬਾਰੀ॥*
*ਦੌਰ ਦੌਰ ਸੁਧਿ ਹੇਤ ਮੁਕੰਦਾ॥*
*ਬੂਝਤਿ ਬਿਟਪ ਬਿਹੰਗਨ ਬ੍ਰਿਦਾ॥*
*ਗਿਰਵਰ ਸਰੁਵਰ ਹ੍ਵੈ ਕਰਿ ਤੀਰਾ।।*
*ਤੁਮ ਦੇਖਯੋ ਕਿਤ ਗੁਨੀ ਗਹੀਰਾ॥*
*ਬਿਕਲ ਬਚਨ ਬੋਲਤਿ ਬਨ ਮਾਂਹੀ॥*
*ਕਿਹ ਅਸਥਆਨ ਬਿਲੋਕੇ ਨਾਹੀ॥*
*ਸ੍ਵੇਦ ਅੰਗ ਪੁਨ ਲੋਚਨ ਨੀਰਾ॥*
*ਸਰਬ ਭੀਗ ਗੇ ਚੀਰ ਸਰੀਰਾ॥*
*ਗਿਰਯੋ ਧਰਨ ਪਰ ਹ੍ਵੈ ਮੁਰਛਾਈ॥*
*ਤਬ ਪ੍ਰਗਟੇ ਸ੍ਰੀ ਗੁਰ ਜਗ ਸਾਂਈ॥*

***ਗੁਰ ਨਾਨਕ ਪ੍ਰਕਾਸ਼***

ਤਦ ਰਾਜਾ ਦੌੜ ਕੇ ਚਰਨੀਂ ਢੱਠਾ, ਚਰਨਾਂ ਨੂੰ ਲਿਪਟ ਗਿਆ, ਆਪਣੇ ਪ੍ਰੀਤਮ ਦਾ ਪ੍ਰੇਮੀ ਹੁਣ ਬਿਹਬਲ ਹੋ ਰਿਹਾ ਹੈ, ਮਨ ਵਿਚ ਪ੍ਰੇਮ ਤੇ ਚਾਉ ਹੈ ਅਰ ਆਪਣੇ ਤਾਰਨਹਾਰ ਤੋਂ ਸਦਕੇ ਹੋ ਰਿਹਾ ਹੈ।

ਰਾਜਾ ਹੁਣ ਸ੍ਰੀ ਗੁਰੂ ਜੀ ਨੂੰ ਬੜੇ ਆਦਰ ਨਾਲ ਧਰਮਸਾਲ ਲੈ ਆਇਆ। ਰਾਣੀ ਚੰਦਰਕਲਾ ਤੇ ਸਾਰੇ ਪਰਿਵਾਰ ਨੇ ਪ੍ਰੇਮ ਭਰਿਆ ਆਪਾ ਵਾਰਨ ਵਾਲਾ ਦੈਵੀ ਤੇ ਇਲਾਹੀ ਸਤਿਕਾਰ ਕੀਤਾ। ਮੱਥਾ ਟੇਕਣਾ ਕੀ ਸੀ ਕਿ ਇਕ ਬਿਜਲੀ ਲਹਿਰਾਉ ਨਾਲ ਛੁਹਣਾ ਸੀ। ਉਹ ਦੈਵੀ ਰੌ, ਉਹ ਦਮਕਦੀ ਲਹਿਰ, ਉਹ ਜੀਉਂਦੀ ਝਰਨਾਟ ਸਭਨਾਂ ਦੇ ਅੰਦਰ ਛਿੜ ਗਈ, ਜਿਸ ਬਿਨਾਂ ਨਰ ਜੀਉਂਦਾ ਮ੍ਰਿਤਕ ਸਮਾਨ ਹੈ। ਜਿਸ ਹਿਰਦੇ ਵਿਚ ਇਹ ਹੈ ਨਹੀਂ ਉਹ ਹਿਰਦਾ ਕਲਾ ਵਤ ਕੰਮ ਕਰਦੀ ਸਕਤੀ ਹੈ, ਉਹ ਜੀਵਨ ਕਣੀ ਵਾਲੀ ਜਾਗਦੀ ਜੋਤਿ ਨਹੀਂ ਹੈ।

ਹੁਣ ਲੋਕੀਂ ਜੋ ਅਚੰਭੀ ਹੋ ਰਹੇ ਸੀ ਕਿ ਰਾਜਾ ਕਿਸੇ ਅਣਡਿੱਠੇ ਪ੍ਰੀਤਮ ਦੇ ਪ੍ਰੇਮ ਵਿਚ ਬਾਵਲਾ ਹੋ ਰਿਹਾ ਹੈ, ਦੇਖਣ ਆਉਣ ਲੱਗੇ। ਸਭ ਤੋਂ ਪਹਿਲੇ ਤਾਂ ਵਿਦੂਖਕ ਜੀ ਪਰ ਅਸਰ ਪੈ ਰਿਹਾ ਸੀ। ਆਪਣੇ ਕਈ ਫੇਰਿਆ ਵਿਚ ਇਸ ਨੇ ਬਿਨ ਚਰਚਾ, ਬਿਨ ਪੁੱਛੇ ਕਹਿ ਦਿਤਾ, ਹੇ ਦਾਤੇ! ਤੇਰੇ ਅੰਦਰ ਜੋ ਜਿਵਾਵਣ ਹਾਰੀ ਸ਼ਕਤਿ ਹੈ ਇਸ ਠਠੋਲ ਜਗਤ ਦੇ ਹਾਸੋਹੀਣੇ ਨੂੰ ਬੀ ਦੇਹ। ਸਤਿਗੁਰ ਨੇ ਕਿਹਾ –

ਸਿਮਰਨ ਕਰ। 'ਕਹੁ ਮਾਲਿਕ ਹੈ। ਕਹੁ ਮੈਂ ਈਮਾਨ ਲਿਆਉਂਦਾ ਹਾਂ ਕਿ ਮੇਰਾ ਸਿਰਜਨਹਾਰ ਅਕਾਲ ਪੁਰਖ ਪਰਮੇਸੁਰ ਘਟ ਘਟ ਦਾ ਜਾਣਨਹਾਰ ਮੇਰੇ ਅੰਗ ਸੰਗ ਹੈ। ਈਮਾਨ ਲਿਆ ਤੇ ਹਰਦਮ ਏਸ ਯਾਦ ਵਿਚ ਰਹੁ। ਫੇਰ ਅੰਦਰ ਪਰਮੇਸਰ ਵਸੇਗਾ, ਤੂੰ ਸੁਖੀ, ਖੁਸ਼ੀ ਤੇ ਖੀਵਾ ਰਹੇਂਗਾ।

ਵਿਦੂਖਕ ਨੂੰ ਉਨਮਨੀ ਰੌਂ ਚੜ੍ਹ ਗਈ। ਹੁਣ ਦੂਜਾ ਗੇੜ ਮੰਦ੍ਰੀ ਨੂੰ ਲੱਗਾ ਜੋ ਪਹਿਲੇ ਦਿਨ ਤੋਂ ਪ੍ਰੀਖ਼ਸ਼ਾ ਕਰਦਾ ਤੇ ਪਰਤਾਵੇ ਲੈਂਦਾ ਰਿਹਾ ਸੀ। ਤੀਜੇ ਰਾਜਾ ਜੀ ਦੇ ਸ੍ਰੀ ਪੰਡਤ ਜੀ ਆਏ। ਏਹ ਰਾਜਾ ਨੂੰ ਬੜਾ ਹੋੜਦੇ ਹੁੰਦੇ ਸੇ ਤੇ ਦੁਖੀ ਸੇ ਕਿ ਰਾਜਾ ਕਿਉਂ ਦੂਸਰੇ ਮਤ ਵਿਚ ਜਾ ਰਿਹਾ ਹੈ। ਹੁਣ ਬੀ ਆਪ ਗੁਰੂ ਜੀ ਪਾਸ ਹਰ ਰੋਜ਼ ਚਰਚਾ ਕਰਨੇ ਲਈ ਆਉਂਦੇ ਸੇ, ਪਰ ਜਾਂ ਤਾਂ ਕਰਨ ਦਾ ਹੀਆ ਨਹੀਂ ਸੀ ਪੈਂਦਾ, ਜਾਂ ਸਤਿਗੁਰ ਦੇ ਜਮਾਲ ਨਾਲ ਮੋਹਿਤ ਹੋ ਜਾਂਦੇ ਸੇ। ਇਕ ਦਿਨ ਆਇਆ ਤਾਂ ਸਤਿਗੁਰ ਸਮਾਧਿ ਵਿਚ ਟਿਕ ਰਹੇ ਸੇ, ਸੈਦੋ ਤੇ ਸੀਹਾਂ ਗਾਉਂ ਰਹੇ ਸੇ –

*ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ*
*ਸਹਜ ਰੰਗ ਰਚਿ ਰਹਿਆ॥*
*ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ*
*ਸਬਦੁ ਅਨਾਹਦ ਗਹਿਆ॥*

ਪੰਡਤ ਸੁਣ ਕੇ ਮਸਤ ਜਿਹਾ ਹੋ ਗਿਆ, ਨੈਣ ਮੁੰਦ ਗਏ ਤੇ ਮਨ ਨੂੰ ਕਹਿੰਦਾ ਹੈ –

ਜੀ ਪੀਵਾਂ ਕੀਕੂੰ ਤੇ ਮਿਲੇ ਕਿੱਥੋਂ?

ਇਹ ਫੁਰਨਾਂ ਫੁਰਦਿਆਂ ਉਸਨੂੰ ਇਕ ਦਿੱਬ ਮੂਰਤ ਨਜ਼ਰ ਪਈ, ਉਸ ਉਤਰ ਦਿਤਾ 'ਸੰਸਾ ਮੇਟੋ'। ਤ੍ਰਬ੍ਰਕ ਕੇ ਪੰਡ ਨੇ ਅੱਖ ਖੋਲ੍ਹੀ ਕਿ ਗੁਰੂ ਨਾਨਕ ਨੇ ਉਤਰ ਦਿਤਾ ਹੈ, ਪਰ ਜਾਂ ਦੇਖੋ ਤਾਂ ਉਹ ਮਗਨ ਬੈਠੇ ਹਨ। ਹੁਣ ਇਹ ਕੁਛ ਫੁਰਿਆ – ਫੇਰ ਮੇਟੋ, ਦੱਸੋ, ਤੁਸੀਂ ਕੌਣ ਹੋ? ਫੁਰਦਿਆਂ ਸਾਰ ਝਲਕਾ ਵੱਜਾ, ਨੈਣ ਮੁੰਦ ਗਏ ਤਾਂ ਪੰਡਤ ਉਹੋ ਬਾਣੀ ਸੁਣਦਾ ਹੈ – ਸਭ ਤੇ ਵਡਾ ਗੁਰੂ ਨਾਨਕ ਹੈ।

ਪੰਡਤ – ਤਾਂ ਕੀ ਇਹ ਰੱਬ ਹੈ?

ਗੈਬ ਦੀ ਆਵਾਜ਼ – ਗੁਰੂ ਨਾਨਕ ਦਾ ਰੱਬ ਇਹ ਹੈ –

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥ ਆਦਿ

ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਪੰਡਤ – ਫੇਰ ਕੀ ਤੂੰ ਜੋਗੀ ਹੈਂ?

ਗੈਬੀ ਆਵਾਜ਼ – ਯੋਗੀ ਜੁੜੇ ਨੂੰ ਆਖਦੇ ਹਨ?

ਪੰਡਤ – ਹਾਂ ਜੀ।

ਗੈਬੀ ਆਵਾਜ਼ – ਕਿਸ ਦੇ ਨਾਲ?

ਪੰਡਤ – ਹੈਂ, ਮੈਂ ਨਹੀਂ ਸਮਝਿਆ।

ਗੈਬੀ ਆਵਾਜ਼ – ਤੂੰ ਜੋਗੀ ਉਸ ਨੂੰ ਆਖਦਾ ਹੈਂ ਜੋ ਆਪਣੇ ਆਪ ਵਿਚ ਇਕਾਗਰ ਹੋ ਗਿਆ, ਨਿਰੁੱਧ ਹੋ ਗਿਆ?

ਪੰਡਤ – ਹਾਂ ਜੀ।

ਗੈਬੀ ਆਵਾਜ਼ – ਜੋ ਆਪੇ ਵਿਚ ਜੁੜ ਗਿਆ ਉਹ ਤਾਂ ਨਿਰੁੱਧ ਹੋ ਗਿਆ, ਕੈਵਲ ਹੋ ਗਿਆ, ਜਾਂ ਉਹ ਪੁਰਖ (ਰੂਹ) ਹੋ ਗਿਆ, ਅਜੇ ਉਹ ਅਸਲ ਜੋਗੀ ਨਹੀਂ ਹੈ। ਹਾਂ ਜੇ ਉਹ ਸੁੱਧ ਹੋਇਆ ਪੁਰਖ (ਅਰਥਾਤ ਰੂਹ) ਪੁਰਖ ਵਿਸ਼ੇਸ਼ (ਈਸਰ ਦੇ ਚਰਨੀਂ ਜਾ ਲੱਗੇ, ਤਾਂ ਜੋ ਜਿਸ ਤਰ੍ਹਾਂ ਉਸ ਈਸ਼ੂਰ ਪਰ ਮਾਇਆ ਕਦੇ ਨਹੀਂ ਪਈ, ਇਸ ਪੁਰਖ ਪਰ ਬੀ ਮਾਇਆ ਕਦੇ ਫੇਰ ਨਾ ਪੈ ਸਕੇ, ਤਾਂ ਤਾਂ ਜੋਗੀ – ਜੁੜ ਗਿਆ ਅਸਲੇ ਨਾਲ। ਨਹੀਂ ਤਾਂ ਜੀਕੂੰ ਕਦੇ ਅੱਗੇ ਇਸ ਨੂੰ ਅਕਾਰਣ ਫੜ ਬੈਠੀ ਸੀ ਮਾਇਆ, ਖਬਰ ਫੇਰ ਆ ਫੜੇ। ਪੁਰਖ ਤੇ ਪ੍ਰਕ੍ਰਿਤੀ (ਰੂਹ ਤੇ ਮਾਦਾ) ਕਲਪਾਂਤਰ ਯਾ ਕਦੇ ਕਰਮ ਕਰਨ ਤੋਂ ਬਿਨਾਂ ਜੁੜੇ ਸੇ। ਪੁਰਖ ਵਿਸ਼ੇਸ਼ (ਈਸ਼ੂਰ) ਕਦੇ ਬੀ ਮਾਇਆ ਵਿਚ ਨਹੀਂ ਫਸਿਆ ਸੀ। ਜੇ ਪੁਰਖ ਹੁਣ (ਪੁਰਖ ਵਿਸ਼ੇਸ਼) ਈਸ਼ੂਰ ਦੀ ਸ਼ਰਨ ਵਿਚ ਜਾ ਸਮਾਵੇ ਤਾਂ ਕਦੇ ਫੇਰ ਨਾ ਫਸੇਗਾ। ਤਦੋਂ ਅਸਲ ਜੋਗੀ ਹੋਵੇਗਾ, ਨਹੀਂ ਤਾਂ ਉਸਦਾ ਕੈਵਲ ਹੋਣਾ ਕੋਈ ਤੌਖਲੇ ਤੋਂ ਖਾਲੀ ਦਸ਼ਾ ਨਹੀਂ, ਜਿਵੇਂ ਕਦੇ ਅੱਗੇ ਮਾਇਆ ਵਿਚ ਪੈ ਗਿਆ ਸੀ ਤਿਵੇਂ ਫੇਰ ਬੀ ਪੈ ਸਕਦਾ ਹੈ। ਚਾਹੋ ਇਥੇ ਦਲੀਲਾਂ ਤੇ ਘਾੜਤਾਂ ਘੜ ਲਓ, ਪਰ ਓਹ ਤਰਲੇ ਮਾਤ੍ਰ ਹਨ, ਕਿਉਂ ਪੰਡਤ?

ਪੰਡਤ – ਹੈਂ ਜੀ! ਕੈਵਲ ਤੋਂ ਅੱਗੇ ਬੀ ਕੁਛ ਹੁੰਦਾ ਹੈ?

ਗੈਬੀ ਆਵਾਜ਼ – ਮਾਲਿਕ ਕੁੱਲ ਨੂੰ ਪ੍ਰੇਮ ਕਰ, ਆਤਮ ਪ੍ਰੇਮ ਕਰ, ਉਸਦੀ ਭਗਤੀ ਕਰ, ਉਸ ਨਾਲ ਜੁੜ, ਉਸਦੀ ਚਰਨ ਸਰਨ ਰਹੁ, ਉਸ ਤੋਂ ਕਦੇ ਅੱਡ ਨਾ ਹੋ, ਤਾਂ ਸਦਾ ਸੁਖੀ ਰਹੁ। ਕਲੇਸ਼ ਕਰਮ ਤੋਂ ਛੁਟ ਕੇ ਨਿਰਾ ਮੁਕਤ ਹੀ ਨਾ ਰਹੁ, ਮੁਕਤ ਹੋ ਕੇ ਅਰਥਾਤ ਮਾਇਆ ਤੋਂ ਛੁਟਕਾਰਾ ਪਾ ਕੇ ਈਸ਼ੂਰ ਦੀ ਸ਼ਰਨ ਸਮਾ ਤੇ ਸਦਾ ਅਨੰਦ ਰਹੁ, ਅਵਿੱਛੜ ਪਰਮਾਤਮਾ ਨਾਲ ਨਿਵਾਸ ਕਰ। ਤੂੰ ਮਾਇਆ ਤੋਂ ਮੁਕਤ ਹੋਣ ਨੂੰ ਜੋਗ ਆਖਦਾ ਹੈਂ, ਪਰ ਮੁਕਤ ਹੋਏ ਨੂੰ ਸਾਂਈਂ ਨਾਲ ਜੋੜੀਏ ਤਾਂ ਉਸ ਨੂੰ ਪੂਰਾ ਜੋਗੀ ਆਖੀਦਾ ਹੈ। ਤੂੰ ਕਲੇਸ਼ ਕਰਮ ਤੋਂ ਨਿਰੇ ਛੁੱਟੇ ਨੂੰ ਜੋਗੀ ਕਹਿੰਦਾ ਹੈ, ਪਰ ਅਸੀਂ ਪਰਮਾਨੰਦ ਵਿਚ ਪ੍ਰਾਪਤ ਈਸ਼ਰ ਸ਼ਰਨਾਗਤ ਸਦਾ ਰਸੀਆ, ਸਦਾ ਆਨੰਦੀ, ਸਦਾ ਲੀਨ ਨੂੰ ਜੋਗੀ ਕਹਿਣਾ ਪਸੰਦ ਕਰਦੇ ਹਾਂ। ਪੰਡਿਤ ਜੀਵਤੱਤ ਨੂੰ ਬ੍ਰਹਮਤੱਤ ਵਿਚ ਮਿਲਾ।

ਪੰਡਤ – ਮੰਨਿਆਂ, ਠੀਕ ਹੈ, ਸੱਚ ਹੈ। ਇਹ ਗੁਰ ਨਾਨਕ ਸੰਸਾਰ ਪਰ ਕੀ ਕਰਨ ਆਇਆ ਹੈ?

ਗੈਬੀ ਆਵਾਜ਼ – ੧. ਸਾਖੀ ਭਰਨ ਕਿ –

ਰੱਬ ਹੈ। ਰੱਬ ਤੁਹਾਡੇ ਅੰਗ ਸੰਗ ਹੈ। ਰੱਬ ਤੁਹਾਨੂੰ ਪਿਆਰ ਕਰਦਾ ਹੈ।

੨. ਉਪਦੇਸ਼ ਦੇਣ ਕਿ –

ਤੁਸੀਂ ਰੱਬ ਤੇ ਨਿਸ਼ਚਾ ਧਾਰੋ। ਉਸਦੇ ਚਰਣਾਂ ਨਾਲ ਪ੍ਰੀਤ ਕਰੋ। ਉਸਦਾ ਕੀਰਤਨ ਕਰੋ, ਉਸ ਨੂੰ ਹਰਦਮ ਅੰਦਰ ਵਸਾਓ। ਉਸ ਨਾਲ ਅਠ ਪਹਿਰ ਜੁੜੋ, ਰਸ ਦੇ ਘਰ ਵਿਚ ਆਓ। ਐਉਂ ਮਿਲੇ ਸੰਸਾਰ ਯਾਤਰਾ ਨਿਬਾਹੋ। ਉਸ ਦੇ ਭੈ ਵਿਚ ਖਾਓ ਪੀਓ, ਉਸਦੇ ਭੈ ਤੇ ਭਾਉ ਵਿਚ ਟੁਰੋ, ਉਸਦੇ ਰੰਗ ਵਿਚ ਰੱਤੇ ਕੰਮ ਕਾਜ ਕਰੋ। ਉਸਦੇ ਪ੍ਰੇਮ ਪ੍ਰੋਤੇ ਏਥੋਂ ਉਜੱਲ ਮੁਖ ਜਾਓ। ੩. ਮੇਹਰਾਂ ਨਾਲ ਮਨੁੱਖਾਂ ਤੋਂ ਦੇਵਤੇ ਬਨਾਉਣ ਆਇਆ ਹੈ, ਦੇਵਤੇ ਬਣਾ ਕੇ ਸਰੂਪ ਪ੍ਰਾਪਤੀ ਕਰਾਉਣ ਆਇਆ ਹੈ। ਆਪਣੇ ਸਰੂਪ ਵਿਚ ਟਿਕ ਗਿਆਂ ਨੂੰ ਬ੍ਰਹਮ – ਤੱਤ੍ਵ ਨਾਲ ਮੇਲ ਕੇ ਸਦਾ ਮੁਕਤ ਕਰਨ ਆਇਆ ਹੈ।

ਪੰਡਤ ਘਬਰਾਇਆ, ਨੈਣ ਖੋਲ੍ਹੇ, ਨਾਨਕ ਛਬੀ ਦੇਖ ਕੇ ਨੈਣ ਮੋਹਿਤ ਹੋ ਫੇਰ ਮਿਟ ਗਏ ਤੇ ਫੇਰ ਮਨ ਵਿਚ ਪੁੱਛਦਾ ਹੈ, ਹੇ ਨਾਨਕ! ਤੂੰ ਇਹ ਆਪੂੰ ਆਖਦਾ ਹੈਂ ਕਿ ਕੋਈ ਹੋਰ ਹੈ? ਆਵਾਜ਼ ਆਈ –

***'ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ॥'***

ਫੇਰ ਘਬਰਾ ਕੇ ਅੱਖ ਖੁਲ੍ਹੀ, ਗੁਰ ਨਾਨਕ ਦੇ ਚਿਹਰੇ ਤੋਂ ਅਰਸ਼ਾਂ ਕੁਰਸ਼ਾਂ ਦਾ ਨੂਰ ਵੱਸ ਰਿਹਾ ਸੀ, ਫੇਰ ਪੰਡਤ ਦੇ ਛੱਪ ਢਹਿ ਪਏ ਤੇ ਆਵਾਜ਼ ਆਈ, ਨਾਨਕ ਨੂਰੀ ਹੈ ਨਾਨਕ ਜਯੋਤਿ ਨਿਰੰਜਨੀ ਵਿਚੋਂ ਆਇਆ ਹੈ, ਨਾਨਕ ਜੋ ਕਹਿੰਦਾ ਹੈ ਸਾਂਈਂ ਦਾ ਹੁਕਮ ਕਹਿੰਦਾ ਹੈ, ਹੁਣ ਫੇਰ ਨੈਣ ਖੁਲ੍ਹੇ ਤਾਂ ਪੰਡਤ ਨੂੰ ਗੁਰੂ ਜੀ ਦੇ ਚਿਹਰੇ ਤੋਂ ਇਕ ਪਹਿਲੇ ਤੋਂ ਬੀ ਵਧੀਕ ਜਲਾਲ ਨਜ਼ਰ ਆਇਆ, ਜਲਾਲ ਨੇ ਖਿੱਚਿਆ, ਖਿਚੀਂਦੇ ਨੂੰ ਸਤਿਗੁਰ ਦੇ ਜਮਾਲ ਦਾ ਝਲਕਾ

ਵੱਜਾ, ਮੋਹਿਤ ਹੋ ਕੇ ਮੂਰਛਾ ਖਾ ਕੇ ਢੱਠਾ। ਜਾਂ ਉਠਿਆ ਤਾਂ ਹਿਰਦੇ ਦਾ ਕੜ ਪਾਟ ਚੁੱਕਾ ਸੀ ਤੇ ਨੈਣ ਛਹਿਬਰ ਲਾ ਰਹੇ ਸਨ, ਸੀਨੇ ਦੀ ਤਪਤ ਮਿਟ ਰਹੀ ਸੀ, ਠੰਢ ਵਰਤ ਰਹੀ ਸੀ, ਅਰ ਕਹਿ ਰਿਹਾ ਸੀ -

ਤੂੰ ਜਗਤ ਗੁਰੂ ਹੈ, ਤੂੰ ਤ੍ਰਾਣ ਕਰਤਾ ਹੈਂ ਮੈਂ ਕੋਰੜੂ ਮੋਠ ਨੂੰ ਬੀ ਤਾਰ।

ਸੱਚੀ ਅਰਦਾਸ ਐਉਂ ਦੇ ਭਾਵ ਵਾਲੀ ਕੀਤੀਓਸੁ -

***ਤਾਰ ਬਾਬਾ ਨਾਨਕ ਮੈਨੂੰ, ਕੋਰੜੂ ਨੂੰ ਤਾਰ ਦੇ।***
***ਮਾਰ ਬਾਬਾ ਨਾਨਕ ਮੇਰੀ ਚਿੰਜੜੀ ਨੂੰ ਮਾਰ ਦੇ।***
***ਦਾਨ ਬਾਬਾ ਨਾਨਕ ਮੈਨੂੰ ਸਿਮਰਨ ਦਾ ਦਾਨ ਦੇ।***
***ਮਾਨ ਬਾਬਾ ਨਾਨਕ ਮੈਨੂੰ ਚਰਨਾਂ ਦਾ ਮਾਨ ਦੇ।***
***ਤੁੱਠ ਬਾਬਾ ਨਾਨਕ ਮੈਨੂੰ ਆਤਮਾ ਦਾ ਦਾਨ ਦੇ।***
***ਸ਼ਰਧਾ ਵਾਲੇ ਤਾਰ ਕੇ ਕੀਤੇ ਨੀ ਭਵ ਪਾਰ।***
***ਇਕ ਨਿੰਦਕ ਬੀ ਤਾਰ ਲੈ ਢੱਠਾ ਆਨ ਜੁ ਦੁਆਰ।***

ਕਰੁਣਾ ਸਿੰਧੁ ਜੀ ਨੇ ਨੈਣ ਖੋਲ੍ਹੇ, ਚਰਨੀਂ ਢੱਠੇ ਨੂੰ ਕਿਰਾ ਕਟਾਖਸ਼ ਨਾਲ ਤੱਕਿਆ, ਪਿੱਠ ਤੇ ਹੱਥ ਫੇਰਿਆ, ਆਖਿਆ - ਨਿਹਾਲ, ਸਿੱਖਾ ਨਿਹਾਲ।

ਜਦ ਅਜ਼ਲੀ ਹੁਕਮ ਨਾਲ ਬਾਬੇ ਨੇ ਰੱਬੀ ਰੌ ਤੇ ਇਲਾਹੀ ਲਹਿਰ ਉਸ ਦੇ ਅੰਦਰ ਫੇਰੀ ਤਾਂ ਪੰਡਤ ਠੰਢਾ ਸਾਹ ਲੈ ਕੇ ਕੱਠਾ ਹੋ, ਇਕਾਗਰ ਹੋ ਗਿਆ, ਲੀਨ ਹੋ ਗਿਆ, ਜੁੜ ਗਿਆ। ਜਦ ਉੱਠਿਆ ਤਾਂ ਉਥਾਨ ਨਹੀਂ ਹੋਇਆ, ਲਿਵ ਲੱਗ ਗਈ, ਲਿਵ ਦਾਨ ਪਾ ਲਿਆ। ਇਕ ਛੱਪੜ, ਜੋ ਚਸ਼ਮੇਂ ਨਾਲੋਂ ਵਿਛੜ ਕੇ ਸੁੱਕ ਰਿਹਾ ਸੀ ਤੇ ਤ੍ਰੁੱਕ ਰਿਹਾ ਸੀ, ਦੇਖੋ ਉਸ ਦੇ ਤੇ ਚਸ਼ਮੇ ਦੇ ਵਿਚਕਾਰ ਨਹਿਰ ਖੁਦ ਗਈ ਹੈ। ਛੱਪੜ ਦੀ ਚਸ਼ਮੇਂ ਨਾਲ ਲਿਵ ਲੱਗ ਗਈ ਹੈ, ਹੁਣ ਲਗਾਤਾਰ - ਜੀਉਂਦੀ ਰੌ ਆਉਂਦੀ ਹੈ, ਛੱਪੜ ਨੂੰ ਤਰੋਤਾਜ਼ਾ ਕਰ ਰਹੀ ਹੈ, ਸੋਮਾ ਤੇ ਸਰੋਵਰ ਇਕ ਰੂਪ ਹੋ ਰਹੇ ਹਨ।

ਧੰਨ ਬਾਬਾ ਨਾਨਕ, ਓਏ ਲੋਕੋ ਬਾਬਾ ਨਾਨਕ ਧੰਨ ਹੈ! ਬਾਬਾ ਨਾਨਕ

ਏਹ ਆਖਣ ਵਾਲਾ ਬਾਬਾ ਨਾਨਕ - 'ਭਇਆ ਦਿਵਾਨਾ ਸਾਹ ਕਾ ਨਾਨਕੁ

ਬਉਰਾਨਾ ਜੋ ਕਹਿੰਦਾ ਹੈ ਮੈਂ ਰੱਬ ਨਹੀਂ ਜੇ, ਧੰਨ ਹੈ, ਦੇਖੋ ਰੱਬ ਨਾ

ਮੇਲ ਦੇਂਦਾ ਜੇ, ਇਕ ਪਾਸੇ ਰੱਬ ਦੇ ਪੈਰ ਫੜਦਾ ਹੈ, ਦੂਏ ਪਾਸੇ ਮਨੁੱਖ ਦਾ

ਸੀਸ ਫੜਦਾ ਹੈ ਤੇ ਜੋੜ ਦੇਂਦਾ ਹੈ। ਧੰਨ ਬਾਬਾ ਤੇਰੀ ਮਨੁੱਖਤਾਈ, ਧੰਨ ਤੇਰਾ ਬੰਦਾ ਹੋਣਾ, ਧੰਨ ਤੇਰਾ ਜਨ ਤੇ ਦਾਸ ਬਣਨਾ। ਉਹ ਜਾਣੇ ਤੂੰ ਕੁਛ ਕਹੁ, ਤੇਰੀ ਏਹੋ ਮਨੁੱਖਤਾਈ ਸਾਡੇ ਲਈ ਅਲੂਹੀਅਤ ਹੈ। ਤੂੰ ਮਨੁੱਖ, ਆਦਮੀ ਹੈਂ? ਮੈਂ ਕਹਿੰਦਾ ਹਾਂ, ਧੰਨ ਤੇਰਾ ਏਹ ਆਦਮੀ ਪਨ ਹੈ ਜੋ ਬੰਦਿਆਂ ਨੂੰ ਰੱਬ ਨਾਲ ਮੇਲਦਾ ਹੈਂ। ਤੂੰ ਦਰਗਾਹ ਦਾ ਬਸੀਠ ਹੈਂ। ਤੂੰ ਮਿਤ੍ਰ ਵਿਚੋਲਾ ਹੈਂ। ਧੰਨ ਹੈਂ ਤੂੰ ਜੋ ਪਹਿਲੋਂ ਖੁੰਬ ਚਾੜ੍ਹਦਾ ਹੈਂ, ਧੋਂਦਾ ਹੈਂ, ਕੱਠਿਆਂ ਕਰਦਾ ਹੈਂ, ਫੇਰ ਸਾਈ ਦੀ ਰੰਗਣ ਚਾੜ੍ਹ ਕੇ ਮੇਲਦਾ ਹੈਂ। ਸਾਡੇ ਨਿਤਾਣਿਆਂ ਦਾ ਏਹ ਕੰਮ ਕਰੀ ਜਾਹ, ਤੂੰ ਧੰਨ ਹੈਂ! ਤੂੰ ਧੰਨ ਹੈ!!

ਪੰਡਤ ਜੀ ਨੂੰ ਸੁਆਦ ਆ ਰਿਹਾ ਹੈ, ਕਹਿੰਦਾ ਹੈ ਏਹ ਸਾਧੂ ਨਹੀਂ ਹੈ, ਇਹ ਮਨੁੱਸ਼ ਮਾਤ੍ਰ ਨਹੀਂ ਹੈ, ਏਹ ਜ਼ਰੂਰ ਅਵਤਾਰ ਹੈ। ਵਿਦੂਖਕ ਦਾ ਭਰਮ ਠੀਕ ਸੀ, ਇਹ ਨਾਨਕ ਅਵਤਾਰ ਹੈ, ਸ੍ਰਿਸ਼ਟੀ ਦਾ ਭਾਰ ਹਰਨ ਆਇਆ ਹੈ। ਪੁਰਾਣਾਂ ਨੇ ਜਿਸਦਾ ਪਤਾ ਦਿੱਤਾ ਹੈ ਇਹ ਉਹੋ ਹੈ। ਜਿਉਂ ਜਿਉਂ ਪੰਡਤ ਜੀ ਦੇ ਅੰਦਰ ਰਸ ਦੇ ਹੁਲਾਰੇ ਪੈਣ ਤਿਉਂ ਤਿਉਂ ਕਹੇ, ਹਾਇ! ਰਾਜਾ ਸੱਚਾ ਸੀ ਜੋ ਕਹਿੰਦਾ ਸੀ ਕਿ ਇਹ ਬੁੱਧੀ ਮੰਡਲ ਤੋਂ ਉਚਾ ਰਸ ਹੈ। ਪਰ ਮੈਂ ਕਿਸ ਭੁਲੇਖੇ ਵਿਚ ਰਿਹਾ, ਮੈਂ ਜਾਤਾ ਕੋਈ ਸੁੱਕਾ ਪਿੰਜਰ, ਬੇਹੋਸ਼, ਮੁਰਦਿਹਾਨ ਵਾਲਾ, ਨਿਤਾਣੇ ਰੂਪ ਵਾਲਾ ਤਪਾ ਕਿ ਜੋਗੀ ਹੋਏਗਾ ਤੇ ਸਾਨੂੰ ਨਿਤਾਣਿਆ ਕਰ ਸੱਟੇਗਾ। ਇਹ ਤਾਂ ਗੱਲ ਹੀ ਹੋਰ ਨਿਕਲੀ। ਦੇਖੋ ਕਿਸ ਤਰ੍ਹਾਂ ਮਨ ਇਕਾਗਰ ਹੈ, ਸੰਕਲਪ ਨਹੀਂ ਪੈਂਦਾ, ਇਕ ਖਿੱਚ ਉਪਰ ਨੂੰ ਧੂਹੀ ਜਾਂਦੀ ਹੈ ਤੇ ਮਗਨ ਕਰੀ ਜਾਂਦੀ ਹੈ। ਇਹ ਅਰੂਢ ਅਵਸਥਾ ਹੈ, ਠੀਕ ਇਸ ਦਾਤ ਦਾ ਦਾਤਾ ਆਪ ਜੀਵ ਨਹੀਂ, ਉਹ ਕਿਸੇ ਵਿਸ਼ੇਸ਼ਤਾ ਵਾਲਾ ਹੈ, ਅਰ ਉਹ ਨੂਰ ਵਿਚੋਂ ਆਯਾ ਹੈ।

ਬਹੁਤਾ ਪੜ੍ਹਿਆ ਹੋਇਆ ਤੇ ਬਹੁਤਾ ਹਠੀਆ ਜਦ ਅਮੰਨਾ ਕਰ ਲੈਂਦਾ ਹੈ, ਤਾਂ ਬਹੁਤ ਰਸ ਮਾਣਦਾ ਹੈ, ਤਦੋਂ ਉਸਦੇ ਕੰਨ ਵਿਚ ਵਿਦਿਆ ਚੌਧਰਾਣੀ ਆਖਦੀ ਹੈ 'ਮੈਂ ਨਹੀਂ ਸਾਂ ਇਹੋ ਗੱਲ ਆਖ ਰਹੀ? ਭਾਗਵਾਨੇ ਆਖ ਤਾਂ ਰਹੀ ਸੈਂ, ਪਰ ਨਾਲ ਸੰਸੇ ਵੀ ਤੂੰਹੇਂ, ਪਾਉਂਦੀ ਸੈਂ।

ਪੰਡਤ ਜੀ ਤੋਂ ਮਗਰੋਂ ਇਸ ਰੱਬੀ ਰੌ ਤੇ ਇਸਦੀ ਇਲਾਹੀ ਦਾਤ ਦਾ ਪ੍ਰਕਾਸ਼ ਵਧਿਆ। ਲੋਕ ਲੱਗੇ ਸਾਂਈ ਦੇ ਪਿਆਰ ਵਿਚ ਆਉਣ, ਨਾਮ ਲੰਗਰ ਜਾਰੀ, ਜੋ ਬਾਬੇ ਦੀ ਸ਼ਰਨ ਆਵੇ ਬੇੜਾ ਪਾਰ।

ਚਰਨੀਂ ਲਾਇਓਸੁ। ਜਨਮ ਮਰਨ ਰਾਜੇ ਸ਼ਿਵਨਾਬ ਦਾ ਕੱਟਿਆ। ਸਿੱਖ ਹੋਆ। ਸੈਦੋ ਜੱਤ ਜਾਤ ਘੇਹੋ ਪਾਹੁਲ ਹੁਕਮ ਨਾਲ ਦਿਤੀ। ਸਾਰਾ ਦੀਪ ਸਿੱਖ ਹੋਆ, ਗੁਰੂ ਗੁਰੂ ਲੱਗਾ ਜਪਣ। ਸਾਰਾ ਖੰਡ ਬਖਸ਼ਿਆ ਰਾਜੇ ਸ਼ਿਵਨਾਭ ਕੈ ਪਿਛੈ।

ਇਸ ਤਰ੍ਹਾਂ ਸਾਰੇ ਲੋਕਾਂ ਨੂੰ ਬਾਬੇ ਨੇ ਤਾਰਿਆ। ਉਥੇ ਬੜੀ ਸੰਗਤ ਬਣ ਗਈ। ਨਿਤ ਸਤਿਸੰਗ ਹੋਵੇ, ਸਵੇਰੇ ਚੌਂਕੀ ਲੱਗੇ, ਸੰਝ ਨੂੰ ਸੋਦਰ ਗਾਵੀਐ, ਲੋਕੀਂ ਕਾਰ ਵਿਹਾਰ ਕਰਨ, ਨਾਲੇ ਸਾਈਂ ਨਾਲ ਲਿਵ ਲਾਈ ਰੱਖਣ। ਰਾਤ ਨੂੰ ਸਾਰੇ ਧਰਮਸਾਲਾ ਵਿਚ ਇਕੱਠੇ ਆਇ ਬੈਠਣ। ਇਕ ਸਿੱਖ ਪ੍ਰਸਾਦ ਕਹਿ ਜਾਵੇ, ਦੂਏ ਦਿਨ ਇਕੱਠੇ ਉਸਦੇ ਘਰ ਪ੍ਰਸਾਦ

ਜਾ ਛਕਣ। ਇਸ ਤਰ੍ਹਾਂ ਪਰਸਪਰ ਪ੍ਰੇਮ ਵਧ ਗਿਆ।

ਕੁਛ ਕਾਲ ਸਤਿਗੁਰ ਜੀ ਓਥੇ ਰਹੇ। ਸੰਗਤ ਵਿਚ ਸ਼ਿਵਨਾਭ ਦਾ ਪ੍ਰੇਮ ਤੇ ਸਾਂਈ ਰਸ ਵਿਚ ਚੜ੍ਹਾਉ ਸਭ ਤੋਂ ਉਚਾ ਸੀ, ਸੋ ਸਤਿਗੁਰ ਜੀ ਨੇ ਸਾਰੀ ਸੰਗਤ ਦਾ ਵੱਡਾ ਵੀ ਉੱਸੇ ਨੂੰ ਥਾਪਿਆ, ਮੰਜੀ ਬਖਸ਼ੀ ਅਰ ਆਗਿਆ ਕੀਤੀ ਕਿ ਤੂੰ ਪ੍ਰਾਣੀ ਮਾਤ੍ਰ ਦੇ ਉਧਾਰ ਵਾਸਤੇ ਸਾਧੂ ਹੋਇਆ। ਇਕ ਪਾਸੇ ਰਾਜ ਕਮਾਵੇਂਗਾ, ਦੂਜੇ ਪਾਸੇ ਸਹਿਜ ਪਦ ਵਿਚ ਖੇਡੇਂਗਾ, ਤੀਏ ਪਾਸੇ ਸਾਂਈ ਦੀ ਸ੍ਰਿਸ਼ਟੀ ਦਾ ਉਧਾਰ ਤੇਰੇ ਹੱਥ ਹੋਵੇਗਾ। ਇਸ ਤਰ੍ਹਾਂ ਸ੍ਰੀ ਗੁਰੂ ਜੀ ਪਰਮੇਸ਼ੁਰ ਦੇ ਪਿਆਰ ਦਾ, ਸੱਚੇ ਧਰਮ ਦਾ, ਸੱਚੇ ਰਸਤੇ ਦਾ ਇਕ ਮੰਡਰ ਤਿਆਰ ਕਰਕੇ ਹੋਰ ਦੇਸ਼ ਨੂੰ ਤਾਰਨ ਹਿਤ ਉਪਕਾਰੀ ਬੱਦਲ ਸਮਾਨ ਰਵਦੇ ਰਹੇ। ਵਿਛੋੜੇ ਪਰ ਰਾਜਾ ਨੇ ਬੜਾ ਵੈਰਾਗ ਕੀਤਾ ਉਸਦਾ ਚਿੱਤ ਵਿਛੁੜਨੇ ਨੂੰ ਨਾ ਕਰੇ, ਸਾਰੀ ਸੰਗਤ ਕੁਰਲਾਵੇ, ਪਰ ਸ੍ਰੀ ਬਾਬੇ ਆਖਿਆ, ਜਿਤ ਵਲ ਸਾਂਈ ਦਾ ਹੁਕਮ ਹੈ ਤਿਤ ਵਲ ਰਉਂ ਕਰਨਾ ਹੈ।

ਐਉਂ ਗੁਰੂ ਬਾਬਾ ਪ੍ਰੇਮ ਖੈਂਚ ਦਾ ਖਿਚਿਆ, ਪ੍ਰੇਮ ਅੱਗੇ ਦ੍ਰਵਿਆ, ਵਲਿੱਖਾਂ ਚੀਰ ਕੇ ਪਹੁੰਚਾ, ਪਿਆਰ ਦਾ ਪਿਆਰ ਨਾਲ ਉਤਰ ਦਿਤਾ। ਪਿਆਰ ਪ੍ਰੋਤੇ ਨੂੰ ਪਿਆਰ ਪੁੰਜ ਸਾਂਈਂ ਨਾਲ ਮੇਲਿਆ। ਆਪ ਪ੍ਰੇਮ ਸਰੂਪ ਗੁਰੂ ਜੀ ਫੇਰ ਮੋਹ ਮਾਇਆ ਤੋਂ ਅਲਿਪਤ ਟੁਰ ਪਏ। ਰਾਜੇ ਦੇ ਪ੍ਰੇਮ ਦੀ ਗੁਰ ਨਾਨਕ ਨੂੰ ਭੁੱਖ ਨਹੀਂ ਸੀ, ਉਸਦੇ ਪ੍ਰੇਮ ਨੇ ਗੁਰੂ ਦੀ ਕੋਈ ਊਣ ਨਹੀਂ ਭਰੀ। ਗੁਰੂ ਸੰਪੂਰਨ ਸੀ, ਬੇ ਲੋੜ ਸੀ, ਪਰ ਪਿਆਰਾ ਦਾ ਸਾਂਈਂ ਹੋਣ ਕਰਕੇ ਪ੍ਰੇਮ ਖੈਂਚ ਨੂੰ ਜਾਤੋਸੁ, ਦ੍ਰਵਿਆ ਵੀ, ਪਹੁੰਚਾ ਵੀ, ਪ੍ਰੇਮ ਦੇ ਕੇ ਨਿਹਾਲ ਵੀ ਕੀਤੋਸੁ, ਪ੍ਰੇਮ ਨਾਲ ਸੰਵਾਰਿਓ ਸੁ, ਪਰ ਆਪ ਜੇਹਾ ਸੰਪੂਰਨ ਤੇ ਅਲਿਪਤ ਸੀ ਤੇਹਾ ਹੀ ਸੰਪੂਰਨ ਤੇ ਅਲਿਪਤ ਰਿਹਾ। ਇਉਂ ਵਾਹਿਗੁਰੂ ਜੋ ਸੁਧਾ ਪ੍ਰੇਮ ਸਰੂਪ ਹੈ, ਪ੍ਰੇਮ ਨੂੰ ਜਾਣਦਾ, ਕਦਰ ਕਰਦਾ, ਪਸੀਜਦਾ ਪ੍ਰੇਮ ਨਾਲ ਉਤਰ ਦਿੰਦਾ, ਪ੍ਰੇਮ ਮਾਣਦਾ, ਫੇਰ ਬੇਲੋੜ, ਅਚਾਹ, ਸੰਪੂਰਨ ਹੈ। ਨ ਵਾਧ ਹੈ ਨਾ ਘਾਟ ਹੈ ਨ ਘਾਟ ਬਾਧ ਹੋਤ ਹੈ।

ਆਖੋ ਸਾਧਸੰਗਤ ਜੀ! ਧੰਨ ਗੁਰੂ ਨਾਨਕ ਦੇਵ! ਸਾਰੇ ਦੀਵਾਨ ਵਿਚੋਂ ਗੂੰਜ ਕੇ ਆਵਾਜ਼ ਆਈ – ਧੰਨ ਸ੍ਰੀ ਗੁਰੂ ਨਾਨਕ ਦੇਵ ਜੀ!!

ਗੁਰੂ ਕੇ ਪਿਆਰਿਓ! ਆਪ ਜੀ ਨੇ ਹੁਣ ਦੇਖਿ ਲਿਆ ਹੈ ਕਿ ਕੀਕੂੰ ਗੁਰੂ ਨਾਨਕ ਹਿਰਦਾ ਇਨਸਾਨੀ ਦਿਲ ਦੀ ਨਿੱਕੀ ਨਿੱਕੀ ਲੋੜ ਤੇ ਥੁੜ ਉਤੇ ਪਸੀਜਦਾ ਹੈ ਤੇ ਕੀਕੂੰ ਮਹਾਨ ਵਿਸ਼ਾਲ ਮਰਮੀ ਪੀੜਾ ਤੇ ਬੀ ਉਸੇ ਤਰ੍ਹਾਂ ਦ੍ਰਵਦਾ ਹੈ ਤੇ ਨਿਜ ਉਤੇ ਕਿੰਨਾਂ ਕੁਛ ਸਹਾਰ ਕੇ ਦਿੰਦਾ ਤੇ ਪ੍ਰੇਮ ਨੂੰ ਪ੍ਰੇਮ ਦਾਨ ਨਾਲ ਪ੍ਰਫੁੱਲਤ ਕਰਦਾ ਹੈ। ਫਿਰ ਗੰਭੀਰਤਾ ਹੈ, ਪੂਰਨ ਦਾਨਾਈ ਹੈ, ਫਿਰ ਕਿਤਨੀ ਰੂਹਾਨੀ ਕਾਰੀਗਰੀ ਹੈ ਕਿ ਕਿਸੇ ਪ੍ਰੇਮ ਕਿ ਪ੍ਰੇਮ ਦੇ ਜਵਾਬ ਦੇਣ ਵਿਚ ਉਸ ਨੂੰ ਮੋਹ ਮਾਇਆ ਵਿਚ ਨਹੀਂ ਬਦਲਨ ਦਿੰਦਾ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਜੋ ਆਪਣੇ ਪਿਆਰੇ ਦੇ ਪ੍ਰੇਮ ਵਿਚ ਮੱਤੇ, ਉਸ ਦੇ ਹੁਕਮ ਵਿਚ ਮਗਨਾਰ ਜਗਤ ਪ੍ਰੇਮ ਦਾ ਜਵਾਬ ਪ੍ਰੇਮ ਨਾਲ ਦਿੰਦੇ, ਪ੍ਰੇਮ ਦਾਨ ਕਰਦੇ, ਪੀੜਾ ਹਰਦੇ, ਅਗਿਆਨ ਦੂਰ ਕਰਦੇ, ਉਪਕਾਰੀ ਮੇਘ, ਨਹੀਂ ਨਹੀਂ ਨਿਰੇ ਪ੍ਰੇਮ ਦੇ ਮੇਘ ਹੋ ਕੇ ਹਰ ਸਮੇਂ ਪ੍ਰੇਮ ਦੀਆਂ ਸ੍ਵਾਂਤੀ ਬੂੰਦਣ ਵਰਸਾਉਂਦੇ ਹਨ। ਅੱਜ ਦੇ ਸਤਿਸੰਗ ਦਾ ਹੁਣ ਸਾਡੇ ਦਿਲਾਂ ਤੇ ਇਹ ਅਸਰ ਹੋਵੇ ਕਿ ਅਸੀਂ ਸਵੱਛ ਹਿਰਦੇ ਨਾਲ ਆਪਣੇ ਜੀਵਨ ਦੇ ਸੋਮੇਂ ਦੇ ਪ੍ਰੇਮ ਵਿਚ ਉਚੇ ਉਠੀਏ, ਅਸੀਂ ਆਪਣੇ ਆਪੇ ਵਿਚ ਇਸ ਪ੍ਰੇਮ ਰਸ ਵਿਚ ਰਹੀਏ, ਆਪਣੇ ਆਤਮ ਸੁਖ ਦੇ ਜਾਣੂ ਹੋਈਏ ਤੇ ਰਹੀਏ। ਫਿਰ ਸਾਥੋਂ ਜਗਤ ਵਿਚ ਪ੍ਰੇਮ ਦੀ ਵਰਤੋਂ ਵਰਤੀਵੇ। ਸੁਹਣੀ ਦਾਨੀ ਤੁਲਵੀਂ ਤੇ ਚਾਨਣੇ ਵਾਲੀ ਰਵਸ਼ ਨਾਲ। ਸਾਡਾ ਜਗਤ ਪ੍ਰੇਮ ਸਾਨੂੰ ਕਿਸੇ ਅੰਧਕਾਰ ਵਿਚ ਨਾ ਲੈ ਜਾਵੇ, ਕਿਸੇ ਫਸੌਤੀ ਵਿਚ ਨਾ ਫਸਾਵੇ। ਅਸੀਂ ਉਪਕਾਰ ਕਰੀਏ, ਪਰ ਸਾਡੀ ਬਿਰਤੀ ਵਿਚ ਗ੍ਰਹਿਣ ਨਾ ਆਵੇ। ਦੇਣ ਦੇਣਾ, ਦੇਣਾ ਤੇ ਦੇ ਕੇ ਸੁਖ ਮਨਾਉਣਾ, ਇਉਂ ਦਾ ਭਾਵ ਸਾਡੇ ਅੰਦਰ ਉਮਾਹੂ ਰਹੇ। ਗੁਰਮੁਖ ਦਾ ਕੰਮ ਹੀ ਹੈ – ਅਲਿਪਤ ਰਹਿਣਾ ਪਰ ਪ੍ਰੇਮ ਵਿਚ ਵਰਤਣਾ। ਪ੍ਰੇਮ ਨੂੰ ਮੋਹ ਮਾਇਆ ਨਾ ਬਣਨ ਦੇਣਾ। ਖਿਮਾ, ਧੀਰਜ, ਪ੍ਰਭੂ ਦੀ ਅਗੁਵਾਨੀ ਵਿਚ ਟੁਰਨ ਵਾਲੀ ਮਤਿ ਸੁਮਤਿ ਨਾਲ ਵਰਤਣਾ, ਆਪੇ ਦੇ ਸੁਖ ਵਿਚ ਜੀਉਣਾ, ਸੁਖ ਦਾਨ ਕਰਨਾ, ਆਪਣੇ ਸੁਖ ਲੈਣ ਲਈ ਸਾਂਈਂ ਦਰ ਤੱਕਣਾ। ਆਪਣਾ ਸੁਖ ਹਰੀ ਕੀਰਤਨ ਵਿਚੋਂ ਲੈਣਾ, ਹਰੀ ਕੀਰਤਨ ਦੇ ਸੁਣਨ ਤੇ ਕਰਨ ਦੇ ਉਮਾਹ ਵਿਚ ਵੱਸਣਾ।

ਆਓ ਹੁਣ ਮੇਰੇ ਨਾਲ ਮਿੱਠੀ ਮਿੱਠੀ ਧੁਨਿ ਵਿਚ ਅਕਾਲ ਪੁਰਖ ਪਾਰਬ੍ਰਹਮ ਪਰਮੇਸ਼ੁਰ ਤਦੇ ਚਰਨਾਂ ਵਿਚ ਇਕ ਬੇਨਤੀ ਦਾ ਸ਼ਬਦ ਮਨੋਂ, ਧੁਰ ਅੰਦਰੋਂ ਹੋ ਕੇ ਉਚਰਨ ਕਰੀਏ। ਦਾਤਾ ਸਾਡਾ ਸਦਾ ਸਹਾਈ ਹੋਵੇ। ਆਓ ਅਰਦਾਸ ਕਰੀਏ ਜਿਸ ਵਿਚ ਵਾਹਿਗੁਰੂ ਜੀ ਦੀ ਕੀਰਤੀ ਤੇ ਸਾਡੇ ਤੇ ਮਿਹਰ ਦੀ ਯਾਚਨਾ ਪਈ ਹੋਵੇ।

ਤਦ ਸੰਤਾਂ ਨੇ ਡਾਢੇ ਮਿੱਠੇ ਰਸ ਤੇ ਭਿੰਨੀ ਸੁਰ ਵਿਚ ਉਚਾਰਿਆ, ਵਾਹਿਗੁਰੂ ਕੀਰਤਨੀ ਦਾ ਗੁਰਵਾਕ ਗੁਰੂ ਕੀ ਅਰਦਾਸ ਤੇ ਮਗਰ ਮਗਰ ਓਸੇ ਸੁਰ ਤਾਰ ਵਿਚ ਗਾਂਵਿਆਂ ਸੰਗਤ ਨੇ –

***ਪਉੜੀ***
*ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ॥*
*ਹੇ ਪੂਰਨ ਹੇ ਸਰਬ ਮੈ ਦੁਖਭੰਜਨ ਗੁਣ ਤਾਸ॥*
*ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ॥*
*ਹੇ ਗੋਬਿੰਦ ਹੇ ਗੁਣ ਨਿਧਾਨ ਜਾਕੈ ਸਦਾ ਬਿਬੇਕ॥*
*ਹੇ ਅਪਰੰਪਰ ਹਰਿ ਹਰੇ ਹਹਿ ਭਈ ਹੋਵਨਹਾਰ॥*
*ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ॥*
*ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ॥*
*ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥*

# ਕਰਮ ਬੰਧਨ ਤੋਂ ਮੁਕਤੀ
## ((Freedom from the Bond of Karma))

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

### ਪਹਿਲਾ ਅਧਿਆਏ
### ਕਰਮ ਰੂਪੀ ਰੱਸੀ

ਯੂਨਾਨ ਦੇ ਏਥਨਜ਼ (Athens) ਸ਼ਹਿਰ ਦੇ Delphi ਮੰਦਰ ਦੀ ਕੰਧ ਉਤੇ ਲਿਖਿਆ ਹੋਇਆ ਹੈ 'Know thyself" ਭਾਵ ਆਪਣੇ ਆਪ ਨੂੰ ਜਾਣੋ। ਇਹ ਵਿਸ਼ਾ ਵਸਤੂ ਮਨੁੱਖ ਲਈ ਸਦਾ ਹੀ ਮਹੱਤਵਪੂਰਣ ਰਿਹਾ ਹੈ, ਮਨੁੱਖ ਦੇ ਵਿਚਾਰਾਂ ਦਾ ਮੁੱਢ ਰਿਹਾ ਹੈ। ਪੱਛਮ ਵਿਚ ਇਹ ਯੂਨਾਨੀ ਫਿਲੌਸਫੀ ਤੋਂ ਆਇਆ ਹੈ, ਪੂਰਬ ਵਿਚ ਤਾਂ ਇਹ ਬਹੁਤ ਪਹਿਲਾਂ ਤੋਂ ਹੈ, ਬਹੁਤ ਹੀ ਪੁਰਾਤਨ ਹੈ, ਪੂਰਬ ਦਾ ਇਹ ਗਿਆਨ ਹੈ। ਹਰ ਕੋਈ ਆਪਣੇ ਆਪ ਨੂੰ ਜਾਨਣਾ ਚਾਹੁੰਦਾ ਹੈ, ਜੀਵਨ ਮਨੋਰਥ ਜਾਨਣਾ ਚਾਹੁੰਦਾ ਹੈ, ਜੀਵਨ ਉਦੇਸ਼ ਜਾਨਣਾ ਚਾਹੁੰਦਾ ਹੈ। ਭਾਰਤੀ ਰਿਸ਼ੀਆਂ ਮੁਨੀਆਂ ਦਾ ਇਹ ਇਕ ਉਦੇਸ਼ ਰਿਹਾ ਹੈ ਕਿ ਉਹ ਮਨੁੱਖਤਾ ਨੂੰ ਇਹ ਦੱਸ ਦੇਣ ਕਿ ਜੀਵਨ ਦੀ ਸਮੱਸਿਆ ਇਹ ਹੈ ਇਹ ਜਾਣ ਲੈਣਾ ਕਿ ਕਿਵੇਂ ਜੀਵਿਆ ਜਾਏ, ਆਪਣੇ ਆਪ ਵਿਚ ਕਿਵੇਂ ਜੀਵਿਆ ਜਾਵੇ ਤੇ ਬਾਹਰ ਦੀ ਦੁਨੀਆਂ ਵਿਚ ਕਿਵੇਂ ਜੀਵਿਆ ਜਾਏ। ਸੰਸਾਰ ਵਿਚ ਰਹਿਣ ਲਈ ਸਾਨੂੰ ਕਰਮਗਤੀ ਤੋਂ ਜਾਣੂ ਹੋਣਾ ਪਵੇਗਾ, ਇਹ ਜਾਨਣਾ ਪਵੇਗਾ ਕਿ ਅਸੀਂ ਆਪਣੇ ਕਰਮ ਕਿਵੇਂ ਕਰੀਏ, ਆਪਣੀ ਡਿਊਟੀ ਕਿਵੇਂ ਕਰੀਏ।

ਸੰਸਕ੍ਰਿਤ ਵਿਚ ਕੰਮ ਨੂੰ ਕਿਰਿਆ ਨੂੰ ਕਰਮ ਕਹਿੰਦੇ ਹਨ ਕਰਮ ਸ਼ਬਦ 'ਕਰੀ' ਤੋਂ ਬਣਿਆ ਹੈ ਭਾਵ ਕਰਨਾ। ਮਨੁੱਖ ਕਰਮ ਕਰਦਾ ਹੈ ਤੇ ਮਹਿਨਤਾਨਾ ਲੈਂਦਾ ਹੈ, ਪੈਸੇ ਲੈਂਦਾ ਹੈ ਜਾਂ ਜੋ ਵੀ ਕਹਿ ਲਵੋ। ਸੋ ਫਲ ਮਿਲਣਾ ਇਸ ਤਰ੍ਹਾਂ ਹੋ ਗਿਆ, ਕੰਮ ਕੀਤਾ ਕਰਮ ਕੀਤੇ ਤੇ ਉਸਦਾ ਫਲ ਮਿਲ ਗਿਆ। ਇਹ ਇਕ ਗਤੀ ਬਣ ਗਈ। ਕਰਮ ਕਰੋ, ਫਲ ਮਿਲੇ, ਫਲ ਮਿਲੇ ਕਰਮ ਕਰੋ। ਪਤਾ ਨਹੀਂ ਕਦੋਂ ਤੋਂ ਜੀਵਨ ਇਸ ਤਰ੍ਹਾਂ ਹੀ ਚਲ ਰਿਹਾ ਹੈ। ਇਸੇ ਨੂੰ ਹੀ ਕਰਮਾਂ ਦਾ ਚੱਕਰ ਕਹਿੰਦੇ ਹਨ, ਇਹ ਮਨ ਵਿਚ ਰੱਖ ਕੇ ਕਰਮ ਕਰਨਾ ਕਿ ਮੈਨੂੰ ਫਲ ਮਿਲੇਗਾ ਇਹ ਹੀ ਕਰਮ ਬੰਨ੍ਹ ਨੂੰ ਨਿਉਤਾ ਦੇਣਾ ਹੈ। ਇਹ ਵਿਚਾਰ ਛੱਡ ਦੇਣਾ ਹੀ ਸੰਤਾਪਾਂ ਤੋਂ ਛੁਟਕਾਰਾ ਪਾਉਣਾ ਹੈ, ਆਓ ਦੇਖੀਏ ਇਹ ਕਿਵੇਂ ਹੁੰਦਾ ਹੈ।

**ਜੇ ਹਰ ਕੋਈ ਮਾਨਵਤਾ ਨੂੰ ਮੁੱਖ ਰੱਖ ਕੇ ਕਰਮ ਕਰੇ ਤੇ ਉਨ੍ਹਾਂ ਦਾ ਫਲ ਮਾਨਵਤਾ ਨੂੰ ਅਰਪਣ ਕਰੇ, ਮਾਨਵਤਾ** ਦੀ ਭਲਾਈ ਨੂੰ ਅਰਪਣ ਕਰੇ ਫੇਰ ਕੋਈ ਵੀ ਆਪਣੇ ਲਈ ਨਹੀਂ ਜੀਉਂਦਾ ਰਹੇਗਾ ਫੇਰ ਤਾਂ ਹਰ ਇਕ ਮਨੁੱਖ ਇਕ ਦੂਸਰੇ ਦੇ ਭਲੇ ਲਈ ਇਕ ਦੂਸਰੇ ਦੇ ਹਿੱਤ ਲਈ ਹੀ ਜੀਵਨ ਬਤੀਤ ਕਰਨਗੇ। ਜਿਹੜੇ ਸਾਰਿਆਂ ਦੇ ਹਿਤ ਲਈ ਭਲਾਈ ਲਈ ਕੰਮ ਕਰਦੇ ਹਨ, ਉਹ ਪ੍ਰਮਾਤਮਾ ਨੂੰ ਹੀ ਆਪਣੇ ਕਰਮ ਅਰਪਣ ਕਰਦੇ ਹਨ, ਪ੍ਰਮਾਤਮਾ ਜੋ ਸਾਰੇ ਸੰਸਾਰ ਦਾ ਹੈ ਜੋ ਸਭ ਲਈ ਹੀ ਕਰਦਾ ਹੈ।

ਜਿਹੜਾ ਵੀ ਮਨੁੱਖ ਆਪਣੇ ਕਰਮਾਂ ਦਾ ਫਲ ਅਰਪਣ ਕਰਦਾ ਹੈ, ਉਹ ਹੀ ਵਾਸਤਵ ਵਿਚ ਯੋਗੀ ਹੁੰਦਾ ਹੈ, ਫਲ ਅਰਪਣ ਕੀਤੇ ਬਿਨਾਂ ਸੰਪੂਰਣਤਾ ਨਹੀਂ ਆ ਸਕਦੀ।

ਫਲ ਦੀ ਸੁਆਰਥੀ ਇੱਛਾ ਹੀ ਸਾਰੇ ਸੰਤਾਪਾਂ ਦਾ ਕਾਰਣ ਹੈ ਜਿਹੜਾ ਵੀ ਫਲ ਦੀ ਇੱਛਾ ਰੱਖਦਾ ਹੈ, ਉਹ ਸੁਆਰਥੀ ਹੈ, ਉਹ ਆਪਣੇ ਆਪ ਨੂੰ ਕਰਮ ਬੰਧ ਕਰ ਲੈਂਦਾ ਹੈ। ਅੱਜ ਦੇ ਸੰਸਾਰ ਵਿਚ ਹਰ ਕੋਈ ਕਰਮ ਕਰਕੇ ਫਲ ਆਪਣੇ ਕੋਲ ਹੀ ਰਖਦਾ ਹੈ। ਰੱਖਣ ਦੀ ਇੱਛਾ ਰਖਦਾ ਹੈ, ਇਸ ਤਰ੍ਹਾਂ ਦਾ ਮੋਹ ਇਸ ਤਰ੍ਹਾਂ ਦਾ ਕਬਜ਼ਾ ਹੀ ਦੁੱਖਾਂ ਸੰਤਾਪਾਂ ਦਾ ਕਾਰਣ ਬਣਦਾ ਹੈ। ਥੋੜ੍ਹੇ ਜਿਹੇ ਹੀ ਭਾਗਾਂ ਵਾਲੇ ਮਨੁੱਖ ਹਨ ਜਿਹੜੇ ਨਿਰਸੁਆਰਥ ਹੋ ਕੇ ਕਰਮ ਕਰਦੇ ਹਨ ਤੇ ਨਿਰਸੁਆਰਤ ਹੋ ਕੇ ਹੀ ਆਪਣੀ ਡਿਊਟੀ ਕਰਦੇ ਹਨ। ਬਹੁਤ ਸਾਰੇ ਮਨੁੱਖ ਕੇਵਲ ਇਸ ਕਰਕੇ ਹੀ ਦੁਖੀ ਹਨ ਕਿਉਂਕਿ ਉਹ ਮੌਜ ਮਸਤੀ ਭੋਗ ਵਿਲਾਸ ਦਾ ਅਨੰਦ ਨਹੀਂ ਮਾਣ ਸਕਦੇ, ਉਹ ਸੋਚਦੇ ਹਨ ਇਹ ਭੋਗ ਵਿਲਾਸ ਹੀ ਸਦਾ ਰਹਿਣ ਵਾਲਾ ਸੁਖ ਅਨੰਦ ਹੈ, ਉਹ ਨਹੀਂ ਜਾਣਦੇ ਇਹ ਤਾਂ ਮ੍ਰਿਗਤ੍ਰਿਸ਼ਨਾ ਹੈ। ਇਹੋ ਜਿਹੇ ਮਨੁੱਖਾਂ ਨੂੰ ਬੰਧਨ ਤੋਂ ਕੱਢਣਾ ਬਹੁਤ ਹੀ ਔਖਾ ਹੈ, ਜੇ ਅਸੰਭਵ ਨਹੀਂ।

ਇਸ ਤੋਂ ਪਹਿਲਾਂ ਕਿ ਮਨੁੱਖ ਆਪਣੇ ਕਰਮ, ਕੰਮ ਤੇ ਡੀਊਟੀ ਨੂੰ ਸਮਝੇ ਉਸ ਨੂੰ ਲੋੜ ਹੈ ਕਿ ਉਸਦੀ ਮਨੋਬ੍ਰਿਤੀ

ਠੀਕ ਹੋਵੇ ਉਸ ਨੂੰ ਮਨੋਬਿਰਤੀ ਠੀਕ ਰਖਣਾ ਸਿਖਾਉਣਾ ਚਾਹੀਦਾ ਹੈ। ਮਨੁੱਖ ਦੇ ਜੀਵਨ ਵਿਚ ਮਨੋਬਿਰਤੀ ਇਕ ਬਹੁਤ ਹੀ ਮਹੱਤਵਪੂਰਣ ਸਥਾਨ ਰਖਦੀ ਹੈ। ਹਰ ਕੋਈ ਜਿਹੜਾ ਵੀ ਕੋਈ ਧਰਮ ਨਿਰਪੇਖੀ ਹੈ ਉਸਦੀ ਸੋਚਣੀ ਤੇ ਕਥਨੀ ਹੈ ਇਹ 'ਮੇਰਾ ਘਰ ਹੈ' 'ਇਹ ਮੇਰੀ ਜਾਇਦਾਦ ਹੈ' 'ਇਹ ਮੇਰੀ ਦੌਲਤ ਹੈ' ਉਸ ਦੀ ਭਾਸ਼ਾ ਇਸ ਤਰ੍ਹਾਂ ਹੀ ਹੋਏਗੀ ਤੇ ਇਹ ਉਸ ਦੀਆਂ ਚੀਜ਼ਾਂ ਉਸ ਦੇ ਨਿਕਟਵਰਤੀ ਸਬੰਧੀ ਹੀ ਵਰਤ ਸਕਦੇ ਹਨ। ਅੱਜ ਦੇ ਮਨੁੱਖ ਦੀ ਮਨੋਬਿਰਤੀ ਇਸ ਤਰ੍ਹਾਂ ਦੀ ਹੀ ਹੈ। ਅੱਜ ਦੇ ਸਮਾਜ ਦੇ ਰੂਲ ਕਾਨੂੰਨ ਜੋ ਵੀ ਹੈ ਉਹ ਮਨੁੱਖ ਦੇ ਕੰਮਾਂ ਦੇ ਕਰਮਾਂ ਦੇ ਫਲਾਂ ਨੂੰ ਸਹੀ ਸਲਾਮਤ ਰੱਖਣ ਲਈ ਹੀ ਹਨ। ਸਾਰੇ ਵਿਸ਼ਵ ਵਿਚ ਸਰਕਾਰਾਂ ਉਨ੍ਹਾਂ ਨੂੰ ਹੀ ਬਚਾਉਂਦੀਆਂ ਹਨ ਉਨ੍ਹਾਂ ਦੀ ਹੀ ਸੁਰੱਖਿਆ ਕਰਦੀ ਹੈ ਜਿਹੜੇ ਸੁਆਰਥੀ ਹਨ। ਕੀ ਉਹ ਦਿਨ ਵੀ ਆਏਗਾ, ਜਦੋਂ ਮਨੁੱਖ ਆਪਣੇ ਕਾਰਜ, ਕਰਮ ਸੁਚੱਜੀ ਤਰ੍ਹਾਂ ਕਰਨਾ ਸਿੱਖ ਲਵੇਗਾ? ਤੇ ਆਪਣੇ ਕਰਮਾਂ ਦੇ ਫਲ ਦੀ ਆਸ ਛੱਡ ਦੇਵੇਗਾ।

ਜੋ ਕੁਛ ਵੀ ਇਸ ਪੁਸਤਕ ਵਿਚ ਲਿਖਿਆ ਹੈ ਉਸ ਨੂੰ ਪੜ੍ਹ ਕੇ ਬਹੁਤ ਥੋੜ੍ਹੇ ਆਪਣੇ ਕਰਮ ਫਲ ਨੂੰ ਛੱਡਣ ਨੂੰ ਤਿਆਰ ਹੋ ਜਾਣਗੇ। ਅਫਸੋਸ ਹੈ ਕਿ ਸਵਰਗ, ਨਰਕ ਇਥੇ ਹੀ ਬਣਾਉਣਾ, ਬਹੁਤ ਲੋਕਾਂ ਦਾ ਅਨੁਮਾਨ ਹੀ ਹੈ। ਜੇ ਮਨੁੱਖਤਾ ਸੱਚਮੁੱਚ ਹੀ ਆਪਣੇ ਆਪ ਨੂੰ ਉਚਾ ਚੁੱਕਣਾ ਚਾਹੁੰਦਾ ਹੈ ਇਹ ਉਦੋਂ ਹੀ ਹੋ ਸਕਦਾ ਹੈ ਜਦੋਂ ਮਨੁੱਖ ਨਿਸਕਾਮ ਕਰਮ ਕਰਨ ਦੀ ਮਹੱਤਤਾ ਜਾਣ ਜਾਏਗਾ, ਉਸ ਨੂੰ ਕਰਮ ਬੰਧਨ ਤੋਂ ਮੁਕਤੀ ਤਾਂ ਹੀ ਮਿਲ ਸਕੇਗੀ ਜਦੋਂ ਉਹ ਨਿਰ ਸੁਆਰਥ ਹੋ ਕੇ ਕਰਮ ਕਰੇਗਾ। ਮਨੁੱਖਤਾ ਨੂੰ ਲੋੜ ਹੈ ਉਨਤੀਸ਼ੀਲ ਹੋਣ ਦੀ, ਪ੍ਰਗਤੀਸ਼ੀਲ ਹੋਣ ਦੀ ਤੇ ਨਾਲ ਆਪਣੀ ਮਨੋਬਿਰਤੀ ਬਦਲਣ ਦੀ। ਗ੍ਰੰਥਾਂ ਵਿਚ ਲਿਖਿਆ ਹੈ ਦੋ ਮਾਰਗ ਹਨ ਇਕ ਕਰਮ ਕਰਨ ਦਾ ਮਾਰਗ, ਇਕ ਤਿਆਗ ਦਾ ਮਾਰਗ। ਪਰ ਮੈਂ ਕਹਿੰਦਾ ਹਾਂ ਕਿ ਇਕ ਠੀਕ ਸਹੀ ਮਨੋਬਿਰਤੀ ਦਾ ਮਾਰਗ ਮਨੁੱਖਤਾ ਲਈ ਅਤਿ ਅਵਸ਼ਕ ਹੈ, ਇਸ ਨਾਲ ਹੀ ਸਮਾਜ ਦੀ ਉਨਤੀ ਹੋ ਸਕਦੀ ਹੈ।

'ਕਰਮ ਫਲ ਤਿਆਗ' ਹੀ ਮਨੁੱਖਤਾ ਦਾ ਇਕ ਮਾਤ੍ਰ ਸਿਧਾਂਤ ਹੈ ਜਿਹੜਾ ਪੂਰਣ ਮਨੁੱਖਤਾ ਲਈ ਸਹਾਈ ਹੋ ਕੇ ਸ਼ਾਂਤੀ ਸਥਾਪਤ ਕਰ ਸਕਦਾ ਹੈ। ਇਹ ਉਹ ਸਿਧਾਂਤ ਹੈ ਜਿਹੜਾ ਮਨੁੱਖ ਨੂੰ ਆਪਣੀ ਡੀਊਟੀ ਕਰਨ ਲਈ ਤਾਂ ਪ੍ਰੇਰਦਾ ਹੀ ਹੈ, ਭਾਵੇਂ ਕੁੱਛ ਵੀ ਕਿਉਂ ਨਾ ਹੋਵੇ ਡੀਊਟੀ ਕਰਨੀ ਹੀ ਹੈ, ਪਰ ਫਲ ਦੀ ਆਸ ਨਹੀਂ ਰੱਖਣੀ। ਕਰਮ ਕਰਨ ਦੇ ਮਾਰਗ ਤੇ ਤਿੰਨ ਔਕੜਾਂ ਹਨ।

1. ਕਰਮ ਫਲ ਨੂੰ ਭੋਗਣਾ, ਅਨੰਦ ਲੈਣਾ ਦੂਸਰੇ ਨੂੰ ਪ੍ਰਮਾਤਮਾ ਨੂੰ ਅਰਪਣ ਨਾ ਕਰ ਸਕਣਾ।

2. ਆਪਣੀ ਡੀਊਟੀ ਨਾ ਕਰ ਸਕਣਾ ਸੁਚੱਜੀ ਤਰ੍ਹਾਂ ਨਾ ਕਰਨੀ, ਨਿਸ਼ਕਾਮ ਹੋ ਕੇ ਨਾ ਕਰਨੀ।

3. ਉਹ ਕਰਨਾ ਜੋ ਠੀਕ ਨਹੀਂ ਹੈ ਉਹ ਹੀ ਕਰਨਾ ਜੋ ਇਸ ਮਾਰਗ ਤੇ ਔਕੜ ਹੈ ਜੋ ਰੁਕਾਵਟ ਬਣਦਾ ਹੈ।

ਇਨ੍ਹਾਂ ਔਕੜਾਂ ਕਰਕੇ ਹੀ ਮਨੁੱਖ ਤਰੱਕੀ ਤੋਂ ਦੂਰ ਹੋ ਜਾਂਦਾ ਹੈ ਉਪਰ ਦਿੱਤੇ ਤਿੰਨ ਨਿਯਮਾਂ ਨੂੰ ਚੰਗੀ ਤਰ੍ਹਾਂ ਸਮਝਣਾ ਤੇ ਜੀਵਨ ਵਿਚ ਲਾਗੂ ਕਰਨਾ ਹੀ ਮਨੁੱਖ ਨੂੰ ਗਿਆਨ ਕਰਾ ਸਕਦਾ ਹੈ ਤੇ ਸੰਤਾਪਾਂ ਤੋਂ ਮੁਕਤ ਕਰਾ ਸਕਦਾ ਹੈ -

1. ਆਪਣੇ ਕਰਮ ਫਲ ਦਾ ਤਿਆਗ।

2. ਸੁਚੱਜੀ ਤਰ੍ਹਾਂ ਆਪਣੀ ਡੀਊਟੀ ਕਰਨੀ ਕੇਵਲ ਡੀਊਟੀ ਕਰਨ ਲਈ ਹੀ ਕਰਨੀ।

3. ਸਵੈ ਸੁਖ ਸਵੈ ਭੋਗ ਦੀ ਇੱਛਾ ਦਾ ਤਿਆਗ। ਕੋਈ ਵੀ ਮਨੁੱਖ ਕਰਮ ਬੰਧਨ ਤੋਂ ਮੁਕਤ ਨਹੀਂ ਹੋ ਸਕਦਾ ਜਦੋਂ ਤਕ ਉਹ ਨਿਰ-ਸੁਆਰਥੀ ਨਹੀਂ ਹੁੰਦਾ ਜਦੋਂ ਤਕ ਭੋਗ ਵਿਲਾਸ ਤੋਂ ਮੁਕਤ ਨਹੀਂ ਹੁੰਦਾ। ਸਵੈ ਭੋਗ ਸਵੈ ਸੁਖ ਦਾ ਤਿਆਗ ਹੀ ਕਰਮ ਫਲ ਤੋਂ ਮੁਕਤ ਹੋਣ ਦਾ ਪਹਿਲਾ ਨਿਯਮ ਹੈ, ਨਿਸੁਆਰਤ ਹੋ ਕੇ ਕਰਮ ਕਰਨੇ, ਨਿਸ਼ਕਾਮ ਕਰਮ ਕਰਨੇ ਹੀ ਕਰਮ ਬੰਧ ਤੋਂ ਮੁਕਤ ਹੋਣਾ ਹੈ।

ਵਿਕਾਸ ਦੇ ਮਾਰਗ ਤੇ ਚੱਲਣ ਲਈ ਮਨੁੱਖ ਨੂੰ ਆਪਣਾ ਵਿਕਾਸ ਹੀ ਪਹਿਲਾ ਕਰਨਾ ਚਾਹੀਦਾ ਹੈ। ਇਹੋ ਜਿਹਾ ਵਿਕਾਸ ਉਦੋਂ ਹੀ ਹੋ ਸਕਦਾ ਹੈ ਜਦੋਂ ਮਨੁੱਖ ਨਿਸ਼ਕਾਮ ਕਰਮ ਕਰੇ, ਨਿਸੁਆਰਥ ਹੋ ਕੇ ਕਰੇ, ਦੂਸਰਿਆਂ ਦੀ ਭਲਾਈ ਲਈ, ਉਥਾਨ ਲਈ ਕੰਮ ਕਰੇ। ਜਿਹੜਾ ਮਨੁੱਖ ਆਪਣੇ ਕਰਮਾਂ ਨੂੰ ਆਪਣੇ ਅਧੀਨ ਕਰਨਾ ਚਾਹੁੰਦਾ ਹੈ ਉਸ ਨੂੰ ਕਰਮ ਕਰਨ ਦੀ ਵਿਧੀ ਸਿੱਖ ਲੈਣੀ ਚਾਹੀਦੀ ਹੈ। ਪਹਿਲਾਂ ਕਿ ਕਰਮ ਉਸ ਦੀ ਆਤਮ ਸਿੱਧੀ ਵਿਚ ਬਾਧਾ ਨਾ ਪਾਉਣ, ਰੁਕਾਵਟ ਨਾ ਬਨਣ। ਦੂਸਰਾ ਇਹ ਕਿ ਕਰਮ ਉਸ ਦੀ ਆਤਮ ਸਿੱਧੀ ਵਿਚ ਸਹਾਈ ਹੋਣ ਤੇ ਤੀਸਰਾ ਇਹ ਕਿ ਭੋਗ ਵਿਲਾਸ ਸੁੱਖ ਜੁਗਤੀ ਨਾਲ ਕੀਤੇ ਜਾਣ ਤਾਂ ਜੋ ਉਹ ਜੀਵਨ ਜਾਚ ਬਣ ਜਾਣ।

ਇਸ ਵਿਧੀ ਦਾ, ਜੁਗਤ ਦਾ ਧੁਰਾ ਹੈ, ਆਤਮ ਬਲ ਪਰ ਆਤਮ ਬਲ ਕੋਈ ਗਲਤ ਤੇ ਝੂਠੀਆਂ ਕੀਮਤਾਂ ਤੇ ਨਹੀਂ ਨਿਰਭਰ ਹੋਣਾ ਚਾਹੀਦਾ। ਉਸ ਦੇ ਉਲਟ ਆਤਮ ਬਲ ਆਪਣੇ ਨਿਜੀ ਸੁਭਾ ਦੇ ਆਧਾਰਤੇ ਨਿਰਭਰ ਹੋਣਾ ਚਾਹੀਦਾ ਹੈ, ਆਪਣੇ ਅੰਦਰੋਂ ਹੋਣਾ ਚਾਹੀਦਾ ਹੈ। ਜਦੋਂ ਮਨੁੱਖ ਆਤਮ ਬਲ ਨੂੰ ਜਾਣ ਜਾਂਦਾ ਹੈ, ਉਹ ਅਨੰਦ ਲੈਣ ਦੀ ਵਿਧੀ ਵੀ ਜਾਣ ਲੈਂਦਾ ਹੈ, ਆਪਣਾ ਆਲਾ-ਦੁਆਲਾ ਵੀ ਜਾਣ ਲੈਂਦਾ ਹੈ ਤੇ ਨਾਲ ਉਹ ਸਭ ਕੁਝ ਤੋਂ ਪਰ੍ਹੇ ਹੋ ਕੇ ਨਿਰਲੇਪ ਵੀ ਰਹਿਣਾ ਸਿੱਖ ਲੈਂਦਾ ਹੈ। ਸਭ ਤੋਂ ਵੱਡਾ ਸੁੱਖ ਪ੍ਰਸੰਨਤਾ ਹੈ, ਦੂਸਰਿਆਂ ਦੀ ਸੇਵਾ ਕਰਨਾ ਦੂਸਰਿਆਂ ਦੇ ਕੰਮ ਆਉਣਾ, ਮਿੱਠਾ ਬੋਲਣਾ, ਇਹ ਹੀ ਕਰਮ ਹਨ, ਨਿਸ਼ਕਾਮ ਕਰਮ। ਜਿਹੜਾ ਮਨੁੱਖ ਇਹ ਜਾਣ ਜਾਂਦਾ ਹੈ ਕਿ ਜੁਗਤੀ ਨਾਲ ਕਰਮ ਕਰਨੇ ਚਾਹੀਦੇ ਹਨ ਉਹ ਇਸ ਗੱਲ ਤੇ ਹੈਰਾਨ ਹੁੰਦਾ ਹੈ ਕਿ ਕਰਮਾਂ ਦੀ ਕੀ ਮਹੱਤਤਾ ਹੈ।

ਯੋਗ ਵਿਗਿਆਨ ਨੂੰ ਨਿਯਮਬੱਧ ਕਰਨ ਵਾਲੇ ਪੰਤਾਜਲੀ ਦਸਦੇ ਹਨ ਕਿ ਇੰਦ੍ਰੀਆਂ ਤੇ ਕਾਬੂ ਕਰਨ ਨਾਲ ਸਾਸ਼ਤਰਾਂ ਦਾ ਅਧਿਆਨ ਕਰਨ ਵਾਲ ਧਿਆਨ ਲਗਾਉਣ ਨਾਲ ਜੀਵਨ ਤੇ ਕਾਬੂ ਪਾਇਆ ਜਾ ਸਕਦਾ ਹੈ। ਮਨੁੱਖ ਨੂੰ ਇਹ ਅਨੁਸਾਸ਼ਨ ਜੀਵਨ ਵਿਚ ਲਿਆਉਣਾ ਚਾਹੀਦਾ ਹੈ ਤਾਂ ਜੋ ਜੀਵਨ ਸਮਾਚਿਤ ਹੋ ਸਕੇ ਤੇ ਸਰੀਰ ਤੇ ਮਨ ਤੇ ਸਰੀਰ ਦਾ ਦੁਖ ਘਟ ਸਕੇ।

ਪੰਜ ਤਰ੍ਹਾਂ ਦੇ ਦੁਖ ਸੰਤਾਪ ਹਨ 1. ਅਗਿਆਨ 2. ਆਤਮ ਅਭਿਮਾਨ 3. ਮੋਹ 4. ਘ੍ਰਿਣਾ ਨਫਰਤ 5. ਝੂਠਾ ਮਾਣ। ਕਈ ਦੁੱਖ ਸੰਤਾਪ ਤਾਂ ਉਪਰ ਆਉਂਦੇ ਹੀ ਨਹੀਂ ਤੇ ਮਨੁੱਖ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ ਤਾਂ ਜੋ ਉਨ੍ਹਾਂ ਤੋਂ ਛੁਟਕਾਰਾ ਪਾ ਸਕੇ ਉਨ੍ਹਾਂ ਦੇ ਬੰਧਨ ਤੋਂ ਛੁਟ ਸਕੇ। ਇਨ੍ਹਾਂ ਸਾਰੀਆਂ ਔਕੜਾਂ ਨੂੰ ਜਿੱਤਣ ਲਈ ਛੁਟਕਾਰਾ ਪਾਉਣ ਲਈ ਮਨ ਦੀਆਂ ਬਿਰਤੀਆਂ ਨੂੰ ਬਦਲਣ ਦੀ ਲੋੜ ਹੈ ਪਰ ਜੇ ਤੁਸੀਂ ਲਗਾਤਾਰ ਅਭਿਆਸ ਕਰਦੇ ਰਹੋ, ਤੁਸੀਂ ਇਨ੍ਹਾਂ ਤੋਂ ਛੁਟਕਾਰਾ ਪਾ ਲੈਂਦੇ ਹੋ।

ਵਾਸਤਵ ਵਿਚ ਕਰਮ ਮਨੁੱਖ ਦੇ ਕਾਰਜਾਂ ਨਾਲੋਂ ਕ੍ਰਿਆ ਨਾਲੋਂ ਕਿਤੇ ਅਧਿਕੇ ਕਿਤੇ ਵੱਧ ਹੁੰਦੇ ਹਨ ਇਨ੍ਹਾਂ ਵਿਚ ਦੋਨੋਂ ਚੀਜ਼ਾਂ ਹੁੰਦੀਆਂ ਹਨ, ਕਾਰਣ ਹੁੰਦੇ ਹਨ, ਉਹ ਕਾਰਣ ਜਿਹੜੇ ਜਿਨ੍ਹਾਂ ਕਰਕੇ ਕਿਰਿਆ ਕੀਤੀ ਜਾਂਦੀ ਹੈ ਕੰਮ ਕੀਤੇ ਜਾਂਦੇ ਹਨ ਤੇ ਇਨ੍ਹਾਂ ਦੇ ਸੰਸਕਾਰ, ਪ੍ਰਭਾਵ ਤੇ ਰੁਚੀਆਂ ਪ੍ਰਵਿਰਤੀਆਂ ਹੁੰਦੀਆਂ ਹਨ, ਇਹ ਸੰਸਕਾਰ ਤੇ ਪ੍ਰਵਿਰਤੀਆਂ ਅਰਧ ਚੇਤਨ ਵਿਚ ਚਲੀਆਂ ਜਾਂਦੀਆਂ ਹਨ। ਅਸੀਂ ਕਾਰਜ ਤੇ ਕਾਰਣ ਦੇ ਸਬੰਧ ਦੀ ਗੱਲ ਕਰਦੇ ਰਹਿੰਦੇ ਹਾਂ ਤੇ ਕਿਵੇਂ ਇਨ੍ਹਾਂ ਦਾ ਸਿੱਟਾ ਹੀ ਕਰਮ ਦਾ ਨਿਯਮ ਬਣਦਾ ਹੈ। ਇਹ ਨਿਯਮ ਮਨੁੱਖੀ ਜੀਵਨ ਵਿਚ ਬਿਲਕੁਲ ਉਸ ਤਰ੍ਹਾਂ ਹੀ ਕੰਮ ਕਰਦਾ ਹੈ ਤੇ ਨਾਲ ਹੀ ਚੇਤਨਾ ਵਿਚ ਕੰਮ ਕਰਦਾ ਹੈ ਜਿਵੇਂ ਕਿ ਪ੍ਰਕ੍ਰਿਤੀ ਦੇ ਨਿਯਮ ਬੜੀ ਸੁਚੱਜੀ ਤਰ੍ਹਾਂ ਕੀਤੇ ਜਾਂਦੇ ਹਨ। ਕਰਮਾਂ ਦੇ ਨਿਯਮ ਦਾ ਮੁੱਢ ਹੈ ਸੰਸਕਾਰ, ਚਿੰਨ ਉਹ ਸੰਸਕਾਰ ਜਿਹੜੇ ਅਰਧ ਚੇਤਨ ਮਨ ਵਿਚ ਜਮ੍ਹਾਂ ਹਨ, ਜਿਹੜਾ ਮਨੁੱਖ ਦਾ ਚਰਿੱਤਰ ਬਣਾਉਂਦੇ ਹਨ, ਉਸ ਦੇ ਹਾਲਾਤ ਤੇ ਕਾਰਜ ਬੱਧ ਕਰਦੇ ਹਨ। ਯੋਗ ਦਾ ਮੰਤਵ ਹੈ ਕਿ ਉਸ ਨਾਲ ਕਰਮ ਬੰਧਨ ਛੁਟ ਜਾਂਦੇ ਹਨ ਤੇ ਪ੍ਰਮਾਤਮਾ ਨਾਲ ਇਕ ਹੋ ਜਾਂਦੇ ਹੋ।

ਕਰਮ ਬਿਲਕੁਲ ਉਸ ਤਰ੍ਹਾਂ ਹੀ ਹਨ ਜਿਵੇਂ ਬਹੁਤ ਸਾਰੀਆਂ ਰੱਸੀਆਂ ਲੈ ਕੇ ਗੁੰਦੀਆਂ ਹੋਣ, ਗੁੰਦਣ ਨਾਲ ਉਨ੍ਹਾਂ ਦੀ ਸ਼ਕਤੀ ਵਧ ਹੋ ਗਈ ਹੋਵੇ। ਇਹ ਕਰਮਾਂ ਦੀ ਰੱਸੀ ਇਸ ਤਰੀਕੇ ਨਾਲ ਗੁੰਦੀ ਹੋਈ ਹੈ ਕਿ ਇਸ ਵਿਚੋਂ ਕੁਝ ਵੀ ਕੱਢਿਆ ਨਹੀਂ ਜਾ ਸਕਦਾ, ਇਹ ਰੱਸੀ ਹਰ ਇਕ ਦੀ ਆਪਣੀ ਰੱਸੀ ਉਸ ਦੇ ਜੀਵਨ ਦਾ ਹਿੱਸਾ ਬਣ ਕੇ ਗੁੰਦੀ ਗਈ ਹੈ। ਜਿੰਨੀ ਵੱਧ ਕੋਸ਼ਿਸ਼ ਅਸੀਂ ਕਰਦੇ ਹਾਂ ਕਿ ਕਰਮ ਬੰਧਨ ਤੋਂ ਛੁਟ ਸਕੀਏ ਓਨੇ ਹੀ ਕਾਠੇ ਤੇ ਮਜ਼ਬੂਤ ਉਹ ਹੋਈ ਜਾਂਦੇ ਹਨ। ਕਰਮਾਂ ਦੇ ਬੰਧਨ ਤੋਂ ਛੁਟਕਾਰਾ ਪਾਉਣ ਲਈ ਸਾਨੂੰ ਗਿਆਨ ਦੀ ਲੋੜ ਹੈ ਸਵੈ ਗਿਆਨ ਦੀ, ਮਨ ਦੇ ਗਿਆਨ ਦੀ ਲੋੜ ਹੈ ਤੇ ਅੰਦਰ ਦੇ ਸਤਿ ਦੀ ਲੋੜ ਹੈ।

ਬਹੁਤ ਸਾਰਾ ਗਿਆਨ ਬਾਹਰੀ ਸੰਸਾਰ ਤੋਂ ਪ੍ਰਾਪਤ ਹੁੰਦਾ ਹੈ, ਇੰਦ੍ਰੀਆਂ ਰਾਹੀਂ ਪ੍ਰਾਪਤ ਹੁੰਦਾ ਹੈ, ਮਾਤਾ ਪਿਤਾ ਤੋਂ ਪ੍ਰਾਪਤ ਹੁੰਦਾ ਹੈ, ਸਕੂਲ ਤੋਂ ਗੁਆਂਢੀਆਂ ਤੋਂ ਸਮਾਜ ਦੇ ਤੌਰ ਤਰੀਕੇ ਤੋਂ ਪ੍ਰਾਪਤ ਹੁੰਦਾ ਹੈ। ਇਸ ਸਾਰੇ ਗਿਆਨ ਨੂੰ ਸੰਸਕ੍ਰਿਤ ਵਿਚ ਅਪਰਾ ਵਿਦਿਆ ਕਹਿੰਦੇ ਹਨ, ਓਪਰਾ ਗਿਆਨ। ਵਿਦਿਆ ਤੋਂ ਭਾਵ ਹੈ ਗਿਆਨ ਪਰਾ ਦਾ ਅਰਥ ਹੈ ਪਰੇ ਦਾ ਦੂਰ ਦਾ ਜਦੋਂ 'ਅ' ਲਗਾ ਦਿਤਾ ਜਾਂਦਾ ਹੈ ਤਾਂ ਉਸ ਦੇ ਅਰਥ ਇਨਕਾਰ ਨਕਾਰਆਤਮ ਬਣ ਜਾਂਦੇ ਹਨ। ਸੋ ਅਪਰਾ ਵਿਦਿਆ ਤੋਂ ਭਾਵ ਹੈ ਦੂਰ ਦਾ ਗਿਆਨ ਨਹੀਂ ਪਰੇ ਦਾ ਗਿਆਨ ਨਹੀਂ, ਇਥੇ ਦਾ ਗਿਆਨ ਇਸ ਸੰਸਾਰ ਦਾ ਗਿਆਨ। ਕੇਵਲ ਪਰਾ ਵਿਦਿਆ ਹੀ ਤੁਹਾਨੂੰ ਆਤਮ ਸਿੱਧੀ ਦਾ ਗਿਆਨ ਦੇ ਸਕਦੀ ਹੈ, ਮੁਕਤ ਕਰਾ ਸਕਦੀ ਹੈ। ਅਪਰਾ ਵਿਦਿਆ ਉਹ ਗਿਆਨ ਹੈ ਜਿਹੜਾ ਤੁਸੀਂ ਤਰਕ ਵਿਤਰਕ ਨਾਲ ਪ੍ਰਾਪਤ ਕਰਦੇ ਹੋ ਤੇ

ਆਪਣੀਆਂ ਇੰਦ੍ਰੀਆਂ ਤੋਂ ਪ੍ਰਾਪਤ ਕਰਦੇ ਹੋ। ਪਰਾ ਵਿਦਿਆ ਦੀ ਪ੍ਰਾਪਤੀ ਲਈ ਇਕ ਚੰਗੇ ਜਗਿਆਸੂ ਨੂੰ ਉਹ ਸਭ ਕੁਝ ਛੱਡਣਾ ਪੈਂਦਾ ਹੈ, ਭੁੱਲਣਾ ਪੈਂਦਾ ਹੈ ਜਿਹੜਾ ਉਸ ਨੇ ਪੜ੍ਹਿਆ ਹੈ, ਸਿੱਖਿਆ ਹੈ। ਕਰਮਾਂ ਦੇ ਬੰਨਣ ਤੋਂ ਛੁਟਣ ਲਈ ਉਸ ਨੂੰ ਪਹਿਲਾਂ ਉਸ ਸਭ ਕੁਝ ਤੋਂ ਮੁਕਤ ਹੋਣਾ ਪੈਂਦਾ ਹੈ ਜਿਹੜਾ ਉਸ ਨੇ ਸਿਖਿਆ ਹੈ।

ਇਸ ਸਾਰੀ ਪ੍ਰਕ੍ਰਿਆ ਵਿਚ, ਭਾਵ ਸਾਰਾ ਪਹਿਲਾ ਗਿਆਨ ਛੱਡਣ ਵਿਚ ਇਹ ਦੇਖਿਆ ਗਿਆ ਹੈ ਕਿ ਅਰਧ ਅਚੇਤ ਵਿਚ ਵਸਿਆ ਗਿਆਨ ਛੱਡਣਾ ਵਧੇਰੇ ਔਖਾ ਹੈ, ਚੇਤਨ ਮਨ ਦਾ ਗਿਆਨ ਤਾਂ ਸੌਖਾ ਹੀ ਨਿਕਲ ਜਾਂਦਾ ਹੈ। ਜੇ ਕਿਸੇ ਨੂੰ ਇਹ ਕਹਿ ਦਿਤਾ ਜਾਵੇ ਕਿ ਤੂੰ ਬਾਂਦਰ ਤੇ ਮੈਡੀਟੇਟ ਨਹੀਂ ਕਰਨਾ। ਉਸ ਤੇ ਧਿਆਨ ਨਹੀਂ ਲਗਾਉਣਾ ਇਹ ਜ਼ਰੂਰੀ ਹੈ ਕਿ ਉਹ ਜ਼ਰੂਰ ਉਸੇ ਉਤੇ ਹੀ ਧਿਆਨ ਲਗਾਏਗਾ। ਇਹ ਹੀ ਇਕ ਮਾਤਰ ਅਚੇਤ ਮਨ ਦਾ ਦ੍ਰਿਸ਼ਟਾਂਤ ਹੈ ਅਚੇਤ ਮਨ ਦੇ ਸੁਭਾਅ ਦਾ। ਚੇਤਨ ਮਨ ਵਿਚ ਤਾਂ ਬਹੁਤ ਭੀੜ ਲੱਗੀ ਪਈ ਹੈ ਤੇ ਜੇ ਚੇਤਨ ਮਨ ਨੂੰ ਸਿਖਾ ਵੀ ਲਓ ਉਸ ਦਾ ਅਪਰਾ ਵਿਦਿਆ ਗ੍ਰਹਿਣ ਕਰਨ ਵਿਚ ਕੋਈ ਲਾਭ ਨਹੀਂ ਹੋਣ ਲੱਗਾ। ਸਾਨੂੰ ਚੇਤਨ ਮਨ ਦੇ ਓਪਰੇ ਪੱਧਰਾਂ ਤੋਂ ਲੰਘ ਕੇ ਅਚੇਤ ਮਨ ਤਕ ਪਹੁੰਚਣਾ ਪਵੇਗਾ। ਸਭ ਤੋਂ ਸ੍ਰੇਸ਼ਟ ਪ੍ਰਸ਼ਨ ਉਠਦਾ ਹੈ ਕਿ ਇਹ ਕਿੱਥੋਂ ਤਕ ਸੰਭਵ ਹੈ। ਕੀ ਅਸੀਂ ਚੇਤਨ ਮਨ ਰਾਹੀਂ ਅਚੇਤ ਮਨ ਨੂੰ ਮੋੜ ਸਕਦੇ ਹਾਂ ਸਿੱਖਾ ਸਕਦੇ ਹਾਂ? ਇਹ ਪ੍ਰਸ਼ਨ ਬਹੁਤ ਹੀ ਨਿਰਾਸਤਾ ਵਾਲਾ ਹੈ, ਵਿਸ਼ੇਸ਼ ਤੋਂ ਤੇ ਯੋਗ ਅਧਿਆਪਕਾਂ ਲਈ ਕਿਉਂਕਿ ਯੋਗੀ ਦਾ ਸੱਚਾ ਗਿਆਨ ਤਾਂ ਅਚੇਤ ਸਿਖਿਆ ਨਾਲ ਹੀ ਹੈ ਜਿਹੜਾ ਬੋਲ ਕੇ ਗਿਆਨ ਰਾਹੀਂ ਨਹੀਂ ਦਿਤਾ ਜਾ ਸਕਦਾ। ਬਹੁਤ ਸਾਰਾ ਗਿਆਨ ਤਾਂ ਕੇਵਲ ਇਕ ਨਕਲ ਹੀ ਹੈ, ਅਨੁਸਰਣ ਹੀ ਹੈ ਤੇ ਨਕਲ ਨਾਲ ਤਾਂ ਸਤਿ ਦੇ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ ਤੇ ਨਾ ਹੀ ਕਰਮ ਬੰਧ ਤੋਂ ਛੁਟਕਾਰਾ ਮਿਲ ਸਕਦਾ ਹੈ। ਇਕ ਸੱਚਾ ਯੋਗੀ ਤਾਂ ਦ੍ਰਿਸ਼ਟਾਂਤ ਨਾਲ, ਮਿਸਾਲ ਦੇ ਕੇ ਸਿਖਾਏਗਾ, ਗੁੱਝੇ ਪ੍ਰਭਾਵ ਪਾਏਗਾ, ਮੂੰਹ ਨਾਲ ਨਹੀਂ ਦੱਸੇਗਾ।

ਬਹੁਤ ਸਾਰਾ ਗਿਆਨ ਜਿਹੜਾ ਅਸੀਂ ਸੰਸਾਰ ਤੋਂ ਪ੍ਰਾਪਤ ਕਰਦੇ ਹਾਂ ਉਹ ਮਨ ਨੂੰ ਅਸ਼ਾਂਤ ਹੀ ਕਰਦਾ ਹੈ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਪਾਣੀ ਵਿਚ ਪੱਥਰ ਸੁੱਟੋ ਤਾਂ ਪਾਣੀ ਵਿਚ ਕਿਵੇਂ ਹਲਚਲ ਮਚ ਜਾਂਦੀ ਹੈ। ਸੋ ਸਭ ਤੋਂ ਪਹਿਲੀ ਪੌੜੀ ਕੋਈ ਗਿਆਨ ਪ੍ਰਾਪਤ ਕਰਨਾ ਨਹੀਂ ਬਲਕਿ ਸਭ ਤੋਂ ਪਹਿਲੀ ਪੌੜੀ ਤਾਂ ਮਨ ਨੂੰ ਸ਼ਾਂਤ ਕਰਨਾ ਹੈ। ਜਗਿਆਸੂ ਨੂੰ ਇਹ ਆਪ ਹੀ ਕਰਨਾ ਪੈਂਦਾ ਹੈ, ਕੋਈ ਵੀ ਦੂਸਰਾ ਗਿਆਨ ਨਹੀਂ ਦੇ ਸਕਦਾ, ਨਾ ਹੀ ਕੋਈ ਆਤਮ ਸਿੱਧੀ ਦੇ ਕੇ ਸਮਾਧੀ ਲਗਾ ਸਕਦਾ ਹੈ। (ਹਾਂ ਗੁਰੂ ਕ੍ਰਿਪਾ ਹੋਵੇ ਤਾਂ ਗੁਰੂ ਗਿਆਨ ਵੀ ਦੇ ਸਕਦਾ ਹੈ ਤੇ ਸਮਾਧੀ ਵੀ ਲਗਾ ਸਕਦਾ ਹੈ ਸਿੱਖੀ ਵਿਚ ਇਹੋ ਜਿਹੇ ਅਨੇਕਾਂ ਦ੍ਰਿਸ਼ਟਾਂਤ ਮਿਲ ਜਾਣਗੇ) ਜਗਿਆਸੂ ਨੂੰ ਆਪਣਾ ਦੀਵਾ ਆਪ ਹੀ ਜਲਾਉਣਾ ਪੈਂਦਾ ਹੈ। ਇਸ ਤਰ੍ਹਾਂ ਕਰਨ ਲਈ ਸਭ ਤੋਂ ਪਹਿਲਾਂ ਜੋ ਕੁਝ ਤੁਹਾਡੇ ਚੇਤਨ, ਅਚੇਤ ਮਨ ਵਿਚ ਹੈ ਉਸ ਤੋਂ ਮੁਕਤ ਹੋਣਾ ਪੈਂਦਾ ਹੈ। ਜੋ ਕੁਝ ਵੀ ਅੰਦਰ ਹੈ, ਉਹ ਇਕ ਬਾਧਾ ਹੀ ਬਣਦਾ ਹੈ ਸਵੈ ਨੂੰ ਜਕੜ ਲੈਂਦਾ ਹੈ ਜਿਸ ਕਰਕੇ ਬਹੁਤ ਸਾਰਾ ਗਿਆਨ ਆਤਮ ਸਿੱਧੀ ਤਕ ਨਹੀਂ ਪਹੁੰਚਦਾ। ਉਸ ਦੇ ਉਲਟ ਇਹੋ ਜਿਹਾ ਗਿਆਨ ਇਕ ਬਾਧਾ ਬਣ ਕੇ ਰਹਿ ਜਾਂਦਾ ਹੈ ਤੇ ਗੋਲ ਤਕ ਪਹੁੰਚਣ ਹੀ ਨਹੀਂ ਦਿੰਦਾ।

ਸਾਡੇ ਆਪਣੇ ਕੰਮ ਕਰਕੇ ਹੀ ਕਰਮ ਬਣਦੇ ਹਨ, ਬਾਹਰ ਦਾ ਕੋਈ ਕਾਰਣ ਨਹੀਂ ਹੁੰਦਾ ਜਿਹੜਾ ਇਸ ਲਈ ਜ਼ੁੰਮੇਵਾਰ ਹੋਵੇ। ਪ੍ਰਮਾਤਮਾ ਨੂੰ ਦੋਸ਼ ਦੇਣਾ ਤਾਂ ਬਣਦਾ ਹੀ ਨਹੀਂ, ਨਾ ਹੀ ਹਾਲਾਤ ਨੂੰ ਜ਼ੁੰਮੇਵਾਰ ਠਹਿਰਾਉਣਾ, ਨਾ ਹੀ ਭਾਗਾਂ ਨੂੰ ਦੋਸ਼ ਦੇਣਾ ਠੀਕ ਹੈ, ਆਪਣੇ ਪਿਛਲੇ ਕਰਮਾਂ ਕਰਕੇ ਦੁੱਖ ਸੁਖ ਭੋਗਣਾ ਇਹ ਪ੍ਰਭੂ ਦੇ ਨਿਯਮ ਦੀ ਉਲੰਘਣਾ ਨਹੀਂ, ਇਹ ਮਨੁੱਖ ਦੀ ਆਪਣੀ ਹੀ ਕਰਣੀ ਹੈ।

ਨਾ ਹੀ ਬਹੁਤ ਪੂਜਾ ਪਾਠ ਕਰਨ ਦਾ ਲਾਭ ਹੈ ਨਾ ਹੀ ਇੱਛਾ ਕਰਨ ਦਾ ਲਾਭ ਹੈ। ਸਾਰਾ ਦਿਨ ਰਾਮ, ਰਾਮ, ਰਾਮ ਜਾਂ ਵਾਹਿਗੁਰੂ ਵਾਹਿਗੁਰੂ ਕਹਿਣ ਨਾਲ ਹਾਲਾਤ ਨਹੀਂ ਬਦਲ ਜਾਂਦੇ। ਇਹ ਉਸ ਤਰ੍ਹਾਂ ਨਹੀਂ ਜਿਵੇਂ ਬੱਚਾ ਰੋ ਕੇ ਕੇ ਪਾਪਾ ਪਾਪਾ ਕਹਿ ਕੇ ਕੁਝ ਮੰਗ ਰਿਹਾ ਹੋਵੇ ਤੇ ਅੰਤ ਉਹ ਉਸ ਨੂੰ ਮਿਲ ਜਾਂਦਾ ਹੈ। ਦ੍ਰਿੜ੍ਹ ਵਿਸ਼ਵਾਸ਼ ਨਾਲੋਂ ਭਰੋਸੇ ਵਾਲਾ ਦ੍ਰਿੜ੍ਹ ਵਿਸ਼ਵਾਸ਼ ਦੀ ਲੋੜ ਹੈ ਕੇਵਲ ਉਹ ਹੀ ਸਹਾਇਕ ਹੋ ਸਕਦਾ ਹੈ, ਔਖੇ ਵੇਲੇ ਕੇਵਲ ਭਰੋਸਾ ਹੀ ਤਸੱਲੀ ਨਹੀਂ ਦੇ ਸਕਦਾ। ਬਹੁਤ ਵਾਰੀ ਆਪਣਾ ਭਰੋਸਾ ਬਹੁਤ ਹੀ ਨਿਰਬਲ ਪੈਂਦਾ ਦਿਸਦਾ ਹੈ, ਜਿਸ ਕਰਕੇ ਤੁਸੀਂ ਨਿਰਾਸ ਹੋ ਜਾਂਦੇ ਹੋ। ਜੇ ਤੁਹਾਡਾ ਭਰੋਸਾ ਕੇਵਲ ਦਿਖਾਵਾ ਹੈ ਜਾਂ ਕਹਿ ਲਵੋ ਕੰਮ ਕਰਨ ਲਈ ਹੈ, ਸਾਡਾ ਇਹ ਕਰ ਦੇ, ਸਾਡਾ ਉਹ ਕਰ ਦੇ, ਇਹੋ ਜਿਹਾ ਭਰੋਸਾ ਤੁਹਾਨੂੰ ਮੁਕਤ ਨਹੀਂ ਕਰ ਸਕਦਾ। ਜਗਿਆਸੂ ਨੂੰ ਚਾਹੀਦਾ ਹੈ ਆਪਣੇ ਆਪ ਨੂੰ ਸਤਿ ਦੇ ਗਿਆਨ ਲਈ ਤਿਆਰ ਕਰਦਾ ਰਹੇ,

ਉਹ ਗਿਆਨ ਜਿਹੜਾ ਉਸ ਨੂੰ ਬੰਧਨ ਤੋਂ ਛੁਡਾ ਲਵੇ। ਜਗਿਆਸੂ ਨੂੰ ਚਾਹੀਦਾ ਹੈ ਉਹ ਡੂੰਘੇ ਗਿਆਨ ਦੀ ਭਾਲ ਕਰੇ, ਪਰਾ ਵਿਦਿਆ ਦੀ ਭਾਲ ਕਰੇ, ਅਨੁਭਵ ਪ੍ਰਾਪਤ ਕਰੇ ਓਪਰੇ ਗਿਆਨ ਨੂੰ ਛੱਡ ਦੇਵੇ। ਬਾਈਬਲ ਵਿਚ ਇਸ ਨੂੰ ਤਿੰਨ ਪੱਧਰਾਂ ਤੇ ਦੱਸਿਆ ਗਿਆ ਹੈ। ਪਹਿਲਾ ਹੈ ਆਮ ਸਿਖਿਆ, ਸਾਧਾਰਣ ਸਿੱਖਿਆ, ਸਾਰੇ ਹੀ ਇਸ ਨੂੰ ਸਮਝ ਸਕਦੇ ਹਨ, ਇਹ ਪੁਰਾਣੀ ਤੇ ਨਵੀਂ ਬਾਈਬਲ ਵਿਚ ਦਿਤਾ ਗਿਆ ਹੈ ਜਿਸ ਨੂੰ ਇਤਿਹਾਸ ਕਹੋ, ਨਿਯਮ ਕਹੋ ਤੇ ਸਤਿ ਕਹੋ।

ਦੂਸਰੀ ਤਰ੍ਹਾਂ ਦੀ ਸਿਖਿਆ ਸ਼ਿਸ਼ ਲਈ ਜਗਿਆਸੂ ਲਈ ਹੈ, ਉਨ੍ਹਾਂ ਲਈ ਹੈ ਜਿਨ੍ਹਾਂ ਨੇ ਆਤਮ ਸਿੱਧੀ ਪ੍ਰਾਪਤ ਕਰਨ ਦੀ ਤਿਆਰੀ ਕਰਨੀ ਹੈ ਅਨੁਸਾਸ਼ਨ ਦਾ ਜੀਵਨ ਬਤੀਤ ਕਰਨਾ ਹੈ। ਇਸ ਗੱਲਦਾ ਉਦਾਹਰਣ ਈਸਾ ਜੀ ਦਾ Sermonon on the Mount ਹੈ ਜਿਸ ਵਿਚ ਈਸਾ ਜੀ ਨੇ ਕਿਹਾ ਸੀ ਕਿ ਤੁਹਾਨੂੰ ਹਰ ਤਰ੍ਹਾਂ ਨਾਲ ਸੰਪੂਰਣ ਹੋਣਾ ਚਾਹੀਦਾ ਹੈ, ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਤੁਹਾਡਾ ਪਿਤਾ ਹੈ। ਬਹੁਤ ਸਾਰੇ ਲੋਕ ਇਹ ਸੁਣਨ ਲਈ ਤਿਆਰ ਹੀ ਨਹੀਂ, ਉਹ ਆਪਣੀਆਂ ਊਣਤਾਈਆਂ, ਤਰੁੱਟੀਆਂ ਛੱਡਣ ਨੂੰ ਤਿਆਰ ਹੀ ਨਹੀਂ। ਬੁੱਧ, ਕ੍ਰਿਸ਼ਨ ਜੀ ਤੇ ਈਸਾ ਜੀ ਦਸਦੇ ਹਨ ਜੇ ਅਸੀਂ ਆਪਣੀਆਂ ਕਮੀਆਂ ਤੋਂ ਮੁਕਤ ਹੋਣਾ ਵੀ ਚਾਹੀਏ ਮਜ਼ਹਬ ਵਿਚ ਵਿਸ਼ਵਾਸ਼ ਪ੍ਰਮਾਤਮਾ ਵਿਚ ਵਿਸ਼ਵਾਸ਼ ਕਾਫੀ ਨਹੀਂ ਜਿਹੜਾ ਸਾਨੂੰ ਊਣਤਾਈਆਂ ਤੋਂ ਛੁਟਕਾਰਾ ਦੁਆ ਸਕੇ। ਸਾਨੂੰ ਜੀਵਣ ਜੀਣ ਦੀ ਜਾਚ ਸਿਖਣੀ ਚਾਹੀਦੀ ਹੈ। ਅਸੀਂ ਜਦੋਂ ਤਕ ਆਪਣੇ ਕਰਮ ਆਪਣੀ ਕ੍ਰਿਆ ਨੂੰ ਨਹੀਂ ਜਾਂਚਦੇ, ਵਿਚਾਰਦੇ ਉਦੋਂ ਤਕ ਅਸੀਂ ਨਿਤਾਣੇ ਹਾਂ, ਮਜ਼ਬੂਰ ਹਾਂ, ਆਪਣੇ ਕਰਮ ਨੂੰ ਦੇਖਣ ਲਈ ਦੂਸਰੇ ਪ੍ਰਕਾਰ ਦੀ ਸਿਖਿਆ ਦੀ ਲੋੜ ਹੈ, ਜਿਸ ਵਿਚ ਕਰਮਾਂ ਦੇ ਅਰਥ ਤੇ ਨਤੀਜੇ ਦੱਸੇ ਜਾਂਦੇ ਹਨ ਇਹੋ ਹੀ ਸਿਖਿਆ ਮਿਲਦੀ ਹੈ christ ਦੇ Sermon ਵਿਚ, ਪੰਤਾਜਲ ਜਿਸ ਯੋਗ ਮਨੋਵਿਗਿਆਨ ਨੂੰ ਕਰਮਬੱਧ ਕੀਤਾ ਉਸ ਵਿਚ ਤੇ ਭਗਵਤ ਗੀਤਾ ਵਿਚ।

ਤੀਸਰੀ ਸਿਖਿਆ ਜੋ ਬਾਈਬਲ ਵਿਚ ਉਚ ਮੰਨੀ ਜਾਂਦੀ ਹੈ ਤੇ ਉਸ ਨੂੰ revelation ਕਿਹਾ ਜਾਂਦਾ ਹੈ ਭਾਵ ਅਰਾਮ ਗਿਆਨ ਦੈਵੀ ਸੰਦੇਸ਼। ਇਹ Book of Revelation ਆਰਾਮ ਗਿਆਨ ਦੀ ਪੁਸਤਕ ਹੈ, ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਇਹ ਪੁਸਤਕ ਸੰਤ ਜੌਨ (john) ਦੇ ਆਪਣੇ ਅਨੁਭਵ ਹੋਣ। ਇਸ ਪੁਸਤਕ ਵਿਚ ਇਹ ਵੀ ਲਿਖਿਆ ਹੈ ਕਿ ਈਸਾ ਜੀ ਨੇ ਹੀ ਆਪਣੇ ਅਨੁਭਵ ਜੌਨ ਨੂੰ ਦੱਸੇ ਹਨ। Revelation ਭਾਵ ਬ੍ਰਹਮ ਗਿਆਨ ਉਹ ਗਿਆਨ ਹੈ, ਜਿਹੜਾ ਕੇਵਲ ਉਸ ਨੂੰ ਹੀ ਪ੍ਰਾਪਤ ਹੁੰਦਾ ਹੈ, ਜਿਹੜਾ ਪੂਰੀ ਤਰ੍ਹਾਂ ਨਾਲ ਸ਼ੁੱਧਤਾ ਨੂੰ ਪ੍ਰਾਪਤ ਹੁੰਦਾ ਹੈ ਤੇ ਜਿਹੜਾ ਇਸ ਦਾ ਅਧਿਕਾਰੀ ਬਣਦਾ ਹੈ। ਇਹ ਗਿਆਨ ਬੁੱਧੀ ਤੋਂ ਪ੍ਰਾਪਤ ਨਹੀਂ ਹੁੰਦਾ, ਯੋਗਤਾ ਤੋਂ ਪ੍ਰਾਪਤ ਨਹੀਂ ਹੁੰਦਾ, ਨਾ ਹੀ ਚੇਤਨ ਮਨ ਤੋਂ ਪ੍ਰਾਪਤ ਹੁੰਦਾ ਹੈ, ਇਹ ਤਾਂ ਗੁਰੂ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦਾ ਹੈ ਤੇ ਗੁਰੂ ਕ੍ਰਿਪਾ ਇਕਾਗਰ ਮਨ ਤੇ ਸਵੈ ਸ਼ੁਧੀ ਨਾਲ ਤੇ ਮੈਡੀਟੇਸ਼ਨ ਨਾਲ ਪ੍ਰਾਪਤ ਹੁੰਦੀ ਹੈ, Revelation ਭਾਵ ਬ੍ਰਹਮਗਿਆਨ ਕੇਵਲ ਇਸ ਨੂੰ ਹੀ ਪ੍ਰਾਪਤ ਹੁੰਦਾ ਹੈ ਜਿਸ ਨੂੰ ਅਨੁਭਵ ਹੋਵੇ ਸਿੱਧਾ ਅਨੁਭਵ, ਜਿਸ ਨੂੰ ਵੀ ਇਸ ਤਰ੍ਹਾਂ ਅਨੁਭਵ ਹੋਵੇ ਉਹ ਹੀ ਗੁਰੂ ਹੋ ਸਕਦਾ ਹੈ ਉਹ ਹੀ ਗੁਰੂ ਹੁੰਦਾ ਹੈ।

ਏਸ Book of revelation ਵਿਚ ਅਸੀਂ ਪੜ੍ਹਦੇ ਹਾਂ ਕਿ Book of life ਬੰਦ ਹੈ। ਉਹ ਕੌਣ ਹੈ ਜਿਹੜਾ ਉਹ ਬੰਧਸ਼ੀਲ ਖੋਲ੍ਹਦਾ ਹੈ, ਕੌਣ ਹੈ ਜਿਹੜਾ ਤਾਲਾ ਖੋਲ੍ਹਦਾ ਹੈ ਇਹ ਤਾਲਾ ਇਹ ਸੀਲ ਨਾ ਤਾਂ ਕੋਈ ਮਨੁੱਖ ਖੋਲ੍ਹਦਾ ਹੈ ਨਾ ਕੋਈ ਰੱਬ ਤੁਸੀਂ ਪੜ੍ਹ ਕੇ ਹੈਰਾਨ ਰਹਿ ਜਾਓਗੇ, ਇਹ ਤਾਲਾ ਇਹ ਸੀਲ ਭਾਵ ਮੋਹਰ ਇਕ ਮੇਮਣਾ ਖੋਲ੍ਹਦਾ ਹੈ, ਇਸ ਤੋਂ ਕੀ ਪਤਾ ਲਗਦਾ ਹੈ ਇਸ ਤੋਂ ਸਿਖਿਆ ਇਹ ਮਿਲਦੀ ਹੈ ਕਿ ਨਿਮਰਤਾ ਦਾ ਕੀ ਮਹੱਤਵ ਹੈ, ਸ਼ੁੱਧਤਾ ਦਾ ਕੀ ਮਹੱਤਵ ਹੈ ਹਉਮੈ ਤੋਂ ਮੁਕਤ ਹੋਣਾ ਕਿੰਨਾ ਅਵੱਸ਼ਕ ਹੈ। ਇਥੇ ਮੇਮਣੇ ਤੋਂ ਭਾਵ ਹੈ, ਮੇਮਣਾ ਪ੍ਰਤੀਕ ਹੈ, ਤਰੁੱਟੀਆਂ ਦਾ, ਤਰੁੱਟੀਆਂ ਤੋਂ ਮੁਕਤ ਹੋ ਕੇ ਸੰਪੂਰਣਤਾ ਤੇ ਪਹੁੰਚਣਾ। ਇਸ ਵਿਚ ਇਹ ਸਾਰਾ ਤਰੀਕਾ ਦੱਸਿਆ ਹੈ ਤਿਆਰੀ ਦੱਸੀ ਗਈ ਹੈ, ਦਸਿਆ ਗਿਆ ਹੈ ਕਿ ਸਤਿ ਪ੍ਰਾਪਤੀ ਲਈ ਕੀ ਕਰਨਾ ਹੈ ਤੇ ਕਿਵੇਂ ਕਰਨਾ ਹੈ। ਆਮ ਤੌਰ ਤੇ ਸਮਾਜ ਹਉਮੈ ਨੂੰ ਪੱਠੇ ਪਾਉਂਦਾ ਹੈ, ਹਉਮੈ ਦੀ ਪੂਜਾ ਕਰਦਾ ਹੈ, ਪਰ ਬ੍ਰਹਮਗਿਆਨ ਪ੍ਰਾਪਤੀ ਲਈ ਤਾਂ ਇਹ ਸਾਰਾ ਕੁਝ ਬਿਲਕੁਲ ਉਲਟ ਕਰਨਾ ਪੈਂਦਾ ਹੈ, ਚੇਤਨ ਮਨ ਨੂੰ ਹਉਮੈ ਤੋਂ ਛੁਟਕਾਰਾ ਕਰਨਾ ਅਵਸ਼ਕ ਹੈ।

Book of Revelation ਇਹ ਵੀ ਦਸਦੀ ਹੈ ਕਿ ਸਵੈ ਅਨੁਭਵ ਹੀ, ਆਪ ਸਿੱਧਾ ਅਨੁਭਵ ਹੀ ਸੱਚੇ ਗਿਆਨ ਦਾ ਸਰੋਤ ਹੈ। ਪੂਰਣ ਗੁਰੂ ਕੇਵਲ ਆਪਣੇ ਅਨੁਭਵ ਨਾਲ ਹੀ ਦੱਸਦਾ ਹੈ। ਸਤਿ ਦਾ ਗਿਆਨ ਤਾਂ ਕੇਵਲ ਅੰਦਰੋਂ ਹੀ ਆਉਂਦਾ ਹੈ ਉਸ ਦਾ ਸਰੋਤ ਤਾਂ ਤੁਹਾਡੇ ਅੰਦਰ ਹੀ ਹੈ, ਬਾਹਰ ਨਹੀਂ। ਸ਼ਿਕਸ਼ਕ ਜਗਿਆਸੂ ਭਾਵੇਂ

ਸ਼ਿਕਾਇਤ ਕਰੇ ਕਿ ਮੇਰਾ ਗੁਰੂ 'ਮੈਨੂੰ ਰੱਬ ਨਹੀਂ ਦਿਖਾਉਂਦਾ' ਪਰ ਗੁਰੂ ਇਹ ਪੁੱਛੇਗਾ, ਪਹਿਲਾ ਮੈਨੂੰ ਇਹ ਦੱਸੋ ਕਿ ਤੁਸੀਂ ਕਿਹੜਾ ਰੱਬ ਦੇਖਣਾ ਚਾਹੁੰਦੇ ਹੋ ਤੇ ਮੈਂ ਤੁਹਾਨੂੰ ਉਸੇ ਦੇ ਹੀ ਦਰਸ਼ਨ ਕਰਾਵਾਂਗਾ। ਇਹ ਤਾਂ ਹਰ ਇਕ ਦੀ ਆਪਣੀ ਹੀ ਪਸੰਦ ਹੋਵੇਗੀ ਤੇ ਇਹ ਤਾਂ ਉਸ ਨੂੰ ਆਪ ਹੀ ਫੈਸਲਾ ਕਰਨਾ ਪਵੇਗਾ ਕਿ ਉਸ ਨੇ ਕਿਹੜਾ ਰੱਬ ਦੇਖਣਾ ਹੈ। ਗੁਰੂ ਇਹ ਤੁਹਾਡੇ ਲਈ ਨਹੀਂ ਕਰੇਗਾ ਨਾ ਹੀ ਤੁਹਾਨੂੰ ਇਹੋ ਜਿਹੀ ਆਸ ਰੱਖਣੀ ਚਾਹੀਦੀ ਹੈ, ਜਗਿਆਸੂ ਨੂੰ ਪਹਿਲਾਂ ਆਪਣਾ ਆਪ ਸੰਪੂਰਣ ਕਰਨਾ ਚਾਹੀਦਾ ਹੈ। ਸਾਧਕ ਨੂੰ ਚਾਹੀਦਾ ਹੈ ਉਹ ਆਪਣੇ ਆਪ ਨੂੰ ਇਸ ਤਰ੍ਹਾਂ ਦੇਖੇ ਜਿਵੇਂ ਉਹ ਨਦੀ ਦੇ ਕੰਢੇ ਤੇ ਖੜ੍ਹਾ ਹੋਏ ਤੇ ਪੁੱਛ ਰਿਹਾ ਹੋਵੇ, ਮੈਂ ਕੌਣ ਹਾਂ, ਕੀ ਇਹ ਨਦੀ ਨਹੀਂ ਜਿਹੜੀ ਵਗ ਰਹੀ ਹੈ ਇਹ ਜੀਵਨ ਦੀ ਨਦੀ ਨਹੀਂ ਹੈ।

ਬਹੁਤ ਵਾਰੀ ਲੋਕੀ ਪਿਛੋਕੜ ਤੇ ਪਛਤਾਉਂਦੇ ਹਨ ਆਪਣੇ ਬੀਤੇ ਕਾਲ ਤੇ ਪਰਛਾਵਾਂ ਕਰਦੇ ਹਨ ਜਾਂ ਫੇਰ ਆਣ ਵਾਲੇ ਸਮੇਂ ਤੋਂ ਡਰਦੇ ਹਨ, ਜੋ ਹੋ ਰਿਹਾ ਹੈ ਵਰਤਮਾਨ ਵਿਚ ਨਹੀਂ ਰਹਿੰਦੇ, ਹੁਣ ਐਸ ਵੇਲੇ ਇਥੇ ਕੀ ਹੋ ਰਿਹਾ ਹੈ। ਇਸ ਵਿਚ ਉਹ ਨਹੀਂ ਹੁੰਦੇ। ਜੋ ਬੀਤ ਗਿਆ ਹੈ ਜਿਹੜਾ ਮੁੜ ਕੇ ਨਹੀਂ ਆ ਸਕਦੇ ਉਸ ਵਿਚ ਨਹੀਂ ਰਹਿਣਾ ਚਾਹੀਦਾ, ਕਿਉਂ ਉਹ ਤਾਂ ਕਦੀ ਮੁੜਨਾ ਹੀ ਨਹੀਂ। ਸਾਨੂੰ ਆਪਣੇ ਵਿਚਾਰਾਂ ਨੂੰ ਸੋਧਣਾ ਚਾਹੀਦਾ ਹੈ, ਆਪਣੇ ਵਿਚਾਰਾਂ ਦੇ ਵਿਚ ਜਿਹੜਾ ਥਾਂ ਹੈ, ਪੁਲਾੜ ਹੈ ਉਸ ਨੂੰ ਖਤਮ ਕਰਨਾ ਚਾਹੀਦਾ ਹੈ, ਇਕ ਵਾਰੀ ਜਦੋਂ ਇਹ ਪੁਲਾੜ ਖਤਮ ਹੋ ਜਾਂਦਾ ਹੈ, ਸਮਾਂ ਵੀ ਖਤਮ ਹੋ ਜਾਂਦਾ ਹੈ ਤੇ ਸਮੇਂ ਤੋਂ ਬਿਨਾਂ ਕੋਈ ਕਾਰਜ-ਕਾਰਨ ਨਹੀਂ ਰਹਿੰਦਾ। ਜੀਵਨ ਇਕ ਨਦੀ ਦੀ ਤਰ੍ਹਾਂ ਹੈ ਤੇ ਇਹ ਵਗਦਾ ਹੀ ਰਹਿਣਾ ਚਾਹੀਦਾ ਹੈ ਭਾਵ ਚਲਦਾ ਹੀ ਰਹਿਣਾ ਚਾਹੀਦਾ ਹੈ, ਵਹਿੰਦਾ ਹੀ ਰਹਿਣਾ ਚਾਹੀਦਾ ਹੈ ਇਸ ਵਿਚ ਕਿਸੇ ਕਿਸਮ ਦਾ ਵਿਘਨ ਨਹੀਂ, ਰੁਕਾਵਟ ਨਹੀਂ ਆਉਣੀ ਚਾਹੀਦੀ। ਜਿਹੜਾ ਪਾਣੀ ਨਿਕਲ ਗਿਆ ਹੈ ਜਾਂ ਜਿਹੜਾ ਪਾਣੀ ਅਜੇ ਆਉਣਾ ਹੈ ਉਸ ਨਾਲ ਤੁਹਾਨੂੰ ਕੋਈ ਮਤਲਬ ਨਹੀਂ ਹੋਣਾ ਚਾਹੀਦਾ। ਸਾਨੂੰ ਤਾਂ ਕੇਵਲ ਵਰਤਮਾਨ ਨਾਲ ਹੀ ਸਬੰਧ ਹੋਣਾ ਚਾਹੀਦਾ ਹੈ, ਉਹ ਹੀ ਸਾਡੇ ਲਈ ਭਰਪੂਰ ਹੋਣਾ ਚਾਹੀਦਾ ਹੈ, ਉਦੋਂ ਤਕ ਜਦੋਂ ਤਕ ਅਸੀਂ ਚੇਤਨਤਾ ਉਥੇ ਤਕ ਨਾ ਲੈ ਜਾਈਏ ਜਿਥੇ ਉਹ ਸਥਿਰ ਹੋ ਜਾਏ ਤੇ ਸਦਾ ਇਕੋ ਜਿਹੀ ਰਹੇ, ਬਾਹਰ ਭਾਵੇਂ ਕੁਝ ਵੀ ਕਿਉਂ ਨਾ ਹੋਏ।

ਜਦੋਂ ਅਸੀਂ ਜੀਵਨ ਫਿਲੌਸਫੀ ਨੂੰ ਜਾਂਚਦੇ ਹਾਂ ਸਾਨੂੰ ਪਤਾ ਲਗਦਾ ਹੈ ਸਾਡਾ ਜੀਵਨ ਕਰਮਾਂ ਦੇ ਬੰਧਨ ਵਿਚ ਬੰਨ੍ਹਿਆ ਪਿਆ ਹੈ। ਜਦੋਂ ਵੀ ਤੁਸੀਂ ਕੋਈ ਕਰਮ ਕਰਦੇ ਹੋ ਤੇ ਉਸ ਦੇ ਫਲ ਦੀ ਇੱਛਾ ਕਰਦੇ ਹੋ, ਉਹ ਫਲ ਪ੍ਰਾਪਤ ਕਰਦੇ ਹੋ, ਤੁਸੀਂ ਕਰਮਾਂ ਨਾਲ ਬੰਨ੍ਹੇ ਜਾਂਦੇ ਹੋ। ਸਾਰੇ ਕਰਮ, ਸਾਰੀ ਕਿਰਿਆ ਇਕ ਬੰਧਨ ਹਨ ਤੇ ਉਦੋਂ ਤਕ ਬੰਧਨ ਹਨ ਜਦੋਂ ਤਕ ਅਸੀਂ ਉਨ੍ਹਾਂ ਦੇ ਫਲ ਤੋਂ ਮੁਕਤ ਨਹੀਂ ਹੁੰਦੇ, ਚੰਗੇ ਕਰਮਾਂ ਦਾ ਫਲ ਵੀ ਬੰਨ੍ਹਣ ਹੈ। ਤੁਸੀਂ ਚੰਗਾ ਕਰਕੇ ਵੀ ਕਰਮਾਂ ਦੇ ਬੰਧਨ ਤੋਂ ਨਹੀਂ ਛੁਟ ਸਕਦੇ, ਕਿਉਂਕਿ ਤੁਸੀਂ ਚੰਗੇ ਕਰਮਾਂ ਦੇ ਚੰਗੇ ਫਲ ਨਾਲ ਜੁੜੇ ਹੋਏ ਹੋ। ਪੂਰਬ ਵਿਚ ਬੁਰਾ ਕਰਮ ਚੰਗੇ ਨਾਲੋਂ ਵੱਖ ਨਹੀਂ ਦੇਖਿਆ ਜਾਂਦਾ ਜਿਵੇਂ ਕਿ ਪੱਛਮ ਵਿਚ ਦੇਖਿਆ ਜਾਂਦਾ ਹੈ। ਬੁਰਾ ਬੁਰਿਆਈ ਅਧੂਰਾ ਪਣ ਹੈ, ਜੋ ਆਪਣੇ ਵਿਚ ਕੁਝ ਨਹੀਂ ਹੈ ਇਹ ਤਾਂ ਤੁਹਾਡੇ ਅੰਦਰ ਹੈ, ਤੁਹਾਡਾ ਹਿੱਸਾ ਹੈ। ਸਾਨੂੰ ਆਪਣੇ ਆਪ ਨੂੰ ਪਾਪੀ ਨਹੀਂ ਸਮਝਣਾ ਚਾਹੀਦਾ। ਆਪਣੇ ਆਪ ਨੂੰ ਮਾੜਾ ਸਮਝਣਾ, ਪਾਪੀ ਸਮਝਣਾ ਇਸ ਤਰ੍ਹਾਂ ਕਰਨ ਨਾਲ ਆਤਮ ਮਾਰਗ ਤੇ ਚੱਲਣ ਵਿਚ ਰੁਕਾਵਟਾਂ ਆਉਂਦੀਆਂ ਹਨ, ਆਤਮ ਮਾਰਗ ਤੇ ਤਰੱਕੀ ਕਰਨੀ ਔਖੀ ਹੋ ਜਾਂਦੀ ਹੈ। ਸਾਡਾ ਸੰਪੂਰਣਤਾ ਤਕ ਪਹੁੰਚਣਾ ਔਖਾ ਹੋ ਜਾਂਦਾ ਹੈ। ਸਾਡਾ ਕੰਮ ਹੈ, ਮੋਹ ਤੋਂ ਮੁਕਤ ਹੋਣਾ, ਕਰਮਾਂ ਦੇ ਫਲ ਤੋਂ ਮੁਕਤ ਹੋਣਾ, ਚੰਗੇ ਵੀ ਤੇ ਮਾੜੇ ਵੀ, ਬੰਧਨ ਤੋਂ ਮੁਕਤ ਹੋਣਾ ਹੀ ਸੰਪੂਰਣਤਾ ਹੈ।

ਯੋਗ ਸਾਨੂੰ ਫਲ ਤੋਂ ਮੁਕਤ ਹੋ ਕੇ ਕਰਮ ਕਰਨਾ ਦਸਦਾ ਹੈ। ਅਸੀਂ ਫਲ ਦੀ ਇੱਛਾ ਕਰਕੇ ਕਰਦੇ ਹਾਂ ਕਿਉਂਕਿ ਅਸੀਂ ਆਪਣੀਆਂ ਲੋੜਾਂ ਨੂੰ ਹੀ ਨਹੀਂ ਸਮਝਦੇ। ਵਾਸਤਵ ਵਿਚ ਸਾਡੀ ਇਕੋ ਲੋੜ ਹੈ ਉਹ ਹੈ ਦੁੱਖ ਸੰਤਾਪ ਤੋਂ ਮੁਕਤ ਹੋਣਾ ਇਹ ਹੀ ਗੱਲ ਈਸਾ ਜੀ ਨੇ ਕਹੀ ਸੀ ਜਦੋਂ ਉਨ੍ਹਾਂ ਨੇ ਕਿਹਾ ਸੀ, ਤੁਸੀਂ ਆਪਣੇ ਪਿਤਾ ਦੀ ਤਰ੍ਹਾਂ ਸੰਪੂਰਣ ਹੋ ਜਾਓ। ਬਿਲਕੁਲ ਇਹ ਗੱਲ ਹਿੰਦੂ ਮਜ਼ਹਬ ਤੇ ਬੁੱਧ ਦੇ ਮਜ਼ਹਬ ਵਿਚ ਹੈ। ਸੁਤੰਤਰ ਹੋਣ ਦੇ ਰਾਹ ਤੇ ਚੱਲਣ ਲਈ ਸਾਨੂੰ ਕਰਮ ਬੰਧਨ ਦੇ ਸਰੋਤ ਦਾ ਵਿਸ਼ਲੇਸ਼ਨ ਕਰਨਾ ਚਾਹੀਦਾ ਹੈ ਤੇ ਦੇਖਣਾ ਚਾਹੀਦਾ ਹੈ ਉਸ ਦੇ ਥੱਲੇ ਕੀ ਹੈ ਕੀ ਲੁਕਿਆ ਪਿਆ ਹੈ। ਜੋ ਵੀ ਕੁਝ ਬਾਹਰੀ ਸੰਸਾਰ ਵਿਚ ਹੁੰਦਾ ਹੈ ਉਸ ਤੋਂ ਪਹਿਲਾ ਸਾਡੇ ਅੰਦਰ ਜ਼ਰੂਰ ਕੁੱਝ ਹੁੰਦਾ ਹੈ, ਜਦੋਂ ਵੀ ਕੁਝ ਹੁੰਦਾ ਉਸ ਤੋਂ ਪਹਿਲਾਂ ਅਚੇਤ ਮਨ ਤੇ ਚੇਤਨ ਮਨ ਦੀ ਸੋਚ ਵਿਚ ਜ਼ਰੂਰ ਆਉਂਦਾ ਹੈ। ਇਸ ਕਰਕੇ ਸਾਨੂੰ ਆਪਣੇ ਵਿਚਾਰਾਂ ਦੀ ਪੜਚੋਲ ਅਵੱਸ਼ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਆਪਣੇ ਕਰਮ, ਕਿਰਿਆ

ਸਮਝ ਸਕੀਏ ਅਸੀਂ ਆਪਣੇ ਆਪ ਨੂੰ ਕਰਮਾਂ ਦੇ ਮੋਟੇ ਭਾਰੇ ਰੱਸੇ ਤੋਂ ਤੇ ਸੋਚਾਂ ਦੇ ਬੰਨ੍ਹਣ ਤੋਂ ਕਿਵੇਂ ਛੁਟਕਾਰਾ ਪਾ ਸਕਦੇ ਹਾਂ। ਸੋਚ ਤੇ ਕਿਰਿਆ ਦਾ ਆਪਸ ਵਿਚ ਬੜਾ ਗੂੜ੍ਹਾ ਸਬੰਧ ਹੈ ਬੜਾ ਗਹਿਰਾ ਸਬੰਧ ਹੈ, ਦੇਖਣ ਵਾਲੀ ਗੱਲ ਇਹ ਹੈ ਕਿ ਮਨ ਕਿੰਨੀ ਛੇਤੀ ਇਕ ਤੋਂ ਦੂਸਰੀ ਜਗ੍ਹਾ ਚਲਾ ਜਾਂਦਾ ਹੈ, ਜੋ ਵੀ ਕਰ ਰਹੇ ਹੁੰਦੇ ਹਾਂ ਮਨ ਕਿੰਨੀ ਛੇਤੀ ਉਸ ਤੋਂ ਉਖੜ ਜਾਂਦਾ ਹੈ। ਸਾਡੇ ਲਈ ਇਹ ਇਕ ਸਾਧਾਰਣ ਗੱਲ ਹੈ ਕਿ ਜਦੋਂ ਅਸੀਂ ਕੁਛ ਵੀ ਕਰ ਰਹੇ ਹੁੰਦੇ ਹਾਂ ਅਸੀਂ ਕੁਝ ਹੋਰ ਸੋਚਣ ਲਗ ਪੈਂਦੇ ਹਾਂ। ਸਾਡੇ ਕਰਮ ਸਾਡੀ ਕਿਰਿਆ ਸਾਡੀ ਸੋਚ ਅਨੁਸਾਰ ਨਹੀਂ ਚਲਦੇ ਅਸੀਂ। ਜਦੋਂ ਅਸੀਂ ਕੁਝ ਕਰ ਰਹੇ ਹੁੰਦੇ ਹਾਂ ਅਸੀਂ ਸੋਚ ਕੁੱਝ ਹੋਰ ਰਹੇ ਹੁੰਦੇ ਹਾਂ। ਸਾਡੀ ਕਿਰਿਆ ਜਾਂ ਜੋ ਵੀ ਅਸੀਂ ਕਰਦੇ ਹਾਂ ਉਹ ਦੀ ਸੋਚ ਚੇਤਨ ਪੱਧਰ ਤੇ ਅਚੇਤ ਪੱਧਰ ਤੇ ਜ਼ਰੂਰ ਹੁੰਦੀ ਹੈ।

ਸਾਡੀ ਸੋਚ ਤਾਂ ਇਕ ਹੋਰ ਬੜੀ ਹੀ ਸਾਧਾਰਣ ਕੋਮਲ ਡੋਰੀ ਨਾਲ ਬੰਨ੍ਹੀ ਹੋਈ ਹੈ ਇਹ ਡੋਰੀ ਸੋਚ ਦੇ ਥੱਲੇ ਦੱਬੀ ਪਈ ਹੈ ਤੇ ਉਹ ਹੈ ਇਛਾਵਾਂ। ਇਛਾਵਾਂ ਦੇ ਥੱਲੇ ਇਕ ਹੋਰ ਬਹੁਤ ਹੀ ਪ੍ਰਬਲ ਬਹੁਤ ਹੀ ਗੂੜੀ, ਪੱਕੀ ਤੇ ਗੁੱਝੀ ਇਕ ਹੋਰ ਡੋਰੀ ਹੈ ਉਹ ਹੈ ਪ੍ਰਭਾਵ ਦੀ ਨਿਸ਼ਾਨਾ ਦੀ ਤੇ ਜਿਸ ਨੂੰ ਸੰਸਾਕ੍ਰਿਤ ਵਿਚ ਸੰਸਕਾਰ ਕਹਿੰਦੇ ਹਨ। ਇਹ ਪ੍ਰਾਚੀਨ ਸੰਵੇਗ ਹਨ ਭਾਵਨਾਵਾਂ ਹਨ, ਪ੍ਰੇਰਨਾਵਾਂ ਹਨ, ਪ੍ਰਵਿਰਤੀਆਂ ਹਨ ਜਿਹੜੀਆਂ ਸਾਡੇ ਸਾਰੇ ਜੀਵਨ ਨੂੰ ਪ੍ਰੇਰਿਤ ਕਰਦੀਆਂ ਹਨ। ਇਹ ਸਾਡੇ ਪਿਛਲੇ ਜੀਵਨਾਂ ਦੇ ਸੰਸਕਾਰ ਹਨ ਜਿਹੜੇ ਅਰਧ ਚੇਤਨ ਮਨ ਵਿਚ ਰਹਿੰਦੇ ਹਨ। ਇਹ ਸਾਡੀਆਂ ਇਛਾਵਾਂ ਨੂੰ ਪ੍ਰੇਰਿਤ ਕਰਦੇ ਹਨ ਤੇ ਇਛਾਵਾਂ ਸੋਚ ਪੈਦਾ ਕਰਦੀਆਂ ਹਨ ਤੇ ਸੋਚ ਸਾਡੇ ਕਰਮ ਕਰਵਾਉਂਦੀ ਹੈ, ਕਿਰਿਆ ਕਰਵਾਉਂਦੀ ਹੈ। ਇਹ ਸਾਰੀਆਂ ਲੜੀਆਂ, ਕੜੀਆਂ ਇਕ ਦੂਸਰੇ ਨਾਲ ਗੁੰਦੀਆਂ ਪਈਆਂ ਹਨ, ਇਹ ਸਭ ਕਰਮਾਂ ਦੀਆਂ ਲੜੀਆਂ ਬਣੀਆਂ ਹੋਈਆਂ ਹਨ, ਅਸੀਂ ਇਸ ਲੜੀ ਦੇ ਕੜੀ ਦੇ ਬੰਧਨ ਤੋਂ ਮੁਕਤੀ ਚਾਹੁੰਦੇ ਹਾਂ।

ਇਸ ਤਰ੍ਹਾਂ ਨਾਲ ਛੁਟਕਾਰੇ ਤੋਂ ਭਾਵ ਹੈ ਮੁਕਤੀ ਸੁਤੰਤਰਤਾ ਭਾਵ ਅਗਿਆਨ ਤੋਂ ਸੁਤੰਤਰਤਾ। ਅਗਿਆਨ ਤੋਂ ਮੁਕਤ ਹੋਣ ਲਈ, ਸਾਨੂੰ ਆਪਾ ਚੀਨਣਾ ਪੈਣਾ ਹੈ ਤੇ ਆਪੇ ਨੂੰ ਤਿੰਨਾਂ ਪੱਧਰਾ ਤੇ ਚੀਨ ਕੇ ਸੋਧਣਾ ਪੈਣਾ ਹੈ, ਉਹ ਤਿੰਨ ਪੱਧਰ ਹਨ ਇਛਾਵਾਂ, ਸੋਚ ਤੇ ਕਿਰਿਆ ਕਰਮ। ਅਸੀਂ ਭਾਵੇਂ ਗ੍ਰੰਥ ਪੜ੍ਹ ਕੇ ਇਨ੍ਹਾਂ ਦੀ ਪੜਚੋਲ ਕਰ ਲਈਏ ਫੇਰ ਵੀ ਅਸੀਂ ਅਧੂਰੇ ਹੀ ਰਹਿੰਦੇ ਹਾਂ, ਆਪਣੇ ਅਗਿਆਨ ਦੀ ਸੀਮਾ ਵਿਚ ਹੀ ਰਹਿੰਦੇ ਹਾਂ ਕਿਉਂਕਿ ਸਾਡਾ ਅਨੁਭਵ ਅਧੂਰਾ ਹੈ ਅਸੀਂ ਆਪਣੇ ਮਨ ਦਾ ਸੀਮਾਵਾਂ ਪਾਰ ਨਹੀਂ ਕਰ ਸਕਦੇ ਕੇਵਲ ਆਪਾ ਚੀਨਣ ਨਾਲ ਹੀ ਜੁਗਤੀ ਨਾਲ ਕਰਮ ਕਰਨ ਨਾਲ, ਨਿਸ਼ਕਾਮ ਕਰਮ ਕਰਨ ਨਾਲ, ਮੈਡੀਟੇਸ਼ਨ ਕਰਨ ਨਾਲ ਡੂੰਘੇ ਜਾਣ ਨਾਲ ਆਤਮਾ ਪ੍ਰਮਾਤਮਾ ਦੇ ਮੇਲ ਨਾਲ ਅਸੀਂ ਅਨੁਭਵ ਤੇ ਗਿਆਨ ਦੀ ਪ੍ਰਾਪਤੀ ਕਰ ਸਕਦੇ ਹਾਂ ਇਹ ਯੋਗ ਰਾਹੀਂ ਹੀ ਕੀਤਾ ਜਾ ਸਕਦਾ ਹੈ।

ਆਪਾ ਚੀਨਣਾ ਹੀ ਕੇਵਲ ਸਹਾਇਕ ਹੋ ਸਕਦਾ ਹੈ, ਆਪਾ ਪ੍ਰਾਪਤੀ ਆਪਾ ਵਿਸਗਤ ਕਰਨਾ ਹੀ ਇਕ ਉਹ ਮਾਰਗ ਹੈ ਜਿਸ ਨਾਲ ਦੁਖਾਂ ਸੰਤਾਪਾਂ ਤੋਂ ਛੁਟਕਾਰਾ ਪਾ ਸਕਦੇ ਹਾਂ। ਇਹ ਮਨੁੱਖ ਦੇਹੀ ਦੀ ਪ੍ਰਾਪਤੀ ਇਹ ਆਪਾ ਚੀਨਣ ਦਾ ਪ੍ਰਮਾਤਮਾ ਪ੍ਰਾਪਤੀ ਦਾ ਇਕੋ ਇਕ ਸਾਧਨ ਹੈ। ਕੇਵਲ ਮਨੁੱਖਾਂ ਦੇਹੀ ਵਿਚ ਰਹਿ ਕੇ ਇਹ ਪ੍ਰਾਪਤੀਆਂ ਹੋ ਸਕਦੀਆਂ, ਮੁਕਤੀ ਮਿਲ ਸਕਦੀ ਹੈ।

ਮਨੁੱਖੀ ਦਿਮਾਗ ਸ਼ਕਤੀ ਦਾ ਸ੍ਰੋਤ ਹੈ, ਸਾਡਾ ਨਾੜੀ ਸ਼ੈਲੀ ਇਹ ਸ਼ਕਤੀ ਸਾਰੇ ਸਰੀਰ ਵਿਚ ਲੈ ਜਾਂਦੀ ਹੈ, ਤਾਂ ਜੋ ਸਰੀਰ ਚੰਗੀ ਤਰ੍ਹਾਂ ਕੰਮ ਕਾਜ ਕਰ ਸਕੇ, ਇਕ ਚੰਗੇ ਦਿਮਾਗ ਲਈ ਇਕ ਚੰਗੇ ਸਵਸਥ ਸਰੀਰ ਦੀ ਲੋੜ ਹੈ, ਇਕੇ ਸਵਸਥ ਨਾੜੀ ਸ਼ੈਲੀ ਦੀ ਲੋੜ ਹੈ, ਤਾਂ ਜੋ ਜੀਵਨ ਮਨੋਰਥ ਲਈ ਕੰਮ ਕੀਤਾ ਜਾ ਸਕੇ ਤੇ ਜੀਵਨ ਦਾ ਵਿਸਤਾਰ ਹੋ ਸਕੇ। ਯੋਗਾ ਦੀ ਸ਼ੁਧੀ ਦੇ ਤਰੀਕੇ ਸਾਨੂੰ ਅੰਦਰ ਦੀ ਡੂੰਘਾਈ ਤੱਕ ਜਾਣ ਵਿਚ ਸਹਾਇਕ ਹੁੰਦੇ ਹਨ, ਜਿਹੜੇ ਕਿ ਅਸੀਂ ਸਾਧਾਰਣ ਤਰੀਕੇ ਨਾਲ ਨਹੀਂ ਕਰ ਸਕਦੇ, ਯੋਗ ਸਾਨੂੰ ਇਕ ਸੁਅਸਥ ਸਿਹਤ ਵੀ ਦਿੰਦਾ ਹੈ, ਸੁਅਸਥ ਜੀਵਨ ਦਿੰਦਾ ਹੈ, ਨਾੜੀ ਸ਼ੈਲੀ ਦੀ ਸ਼ੁੱਧਤਾ ਨਾਲ ਅਸੀਂ ਅੰਦਰ ਡੂੰਘੇ ਜਾ ਸਕਦੇ ਹਾਂ, ਜਿਹੜਾ ਕਿ ਸਾਧਾਰਣ ਤੌਰ ਤੇ ਸੰਭਵ ਨਹੀਂ ਜਿਵੇਂ-ਜਿਵੇਂ ਅਸੀਂ ਅੱਗੇ ਵਧਦੇ ਹਾਂ ਅਸੀਂ ਅਸ਼ਾਂਤੀ ਮਹਿਸੂਸ ਕਰਦੇ ਹਾਂ, ਅੰਦਰੋਂ ਪਹਿਲਾਂ ਪਹਿਲ ਅਸੀਂ ਅਸ਼ਾਂਤ ਹੋ ਜਾਂਦੇ ਹਾਂ। ਸਾਡਾ ਟਾਕਰਾ ਸਾਡੀਆਂ ਇਛਾਵਾਂ ਨਾਲ ਹੁੰਦਾ ਹੈ, ਸਾਡੀਆਂ ਸੋਚਾਂ ਨਾਲ ਹੁੰਦਾ ਹੈ, ਬਹੁਤ ਵਾਰੀ ਜਦੋਂ ਇਹ ਸਾਮ੍ਹਣੇ ਆਉਂਦੀਆਂ ਹਨ ਇਨ੍ਹਾਂ ਦਾ ਮੁਕਾਬਲਾ ਕਰਨਾ ਇਨ੍ਹਾਂ ਨੂੰ ਦੇਖਣਾ ਔਖਾ ਹੋ ਜਾਂਦਾ ਹੈ। ਇਨ੍ਹਾਂ ਵਿਚਾਰਾਂ ਦਾ ਹੀ ਮੁਕਾਬਲਾ ਕਰਨ ਲਈ ਇਨ੍ਹਾਂ ਨੂੰ ਜਾਚਣ ਲਈ ਹੀ ਸਾਨੂੰ ਡੂੰਘੇ ਜਾਣਾ ਚਾਹੀਦਾ ਹੈ ਤਾਂ ਜੋ ਅਸੀਂ ਇਨ੍ਹਾਂ ਨੂੰ ਕੱਢ ਕੇ ਬਾਹਰ ਸੁੱਟ ਸਕੀਏ ਉਨ੍ਹਾਂ ਵਿਚਾਰਾਂ ਇਛਾਵਾਂ ਤੋਂ ਮੁਕਤ ਹੋ ਜਾਈਏ, ਜਿਹੜੇ ਸਾਨੂੰ ਅਸ਼ਾਂਤ ਕਰਦੇ ਹਨ, ਇਨ੍ਹਾਂ ਤੋਂ ਛੁਟਕਾਰਾ ਪਾ ਕੇ ਆਪਣਾ ਵਾਸਤਵਕ ਰੂਪ ਦੇਖ ਸਕੀਏ, ਉਥੇ ਪਹੁੰਚ ਕੇ ਹੀ ਅਸੀਂ ਮੁਕਤ ਹੋ ਕੇ ਸਤਿ ਦੀ ਪ੍ਰਾਪਤੀ ਕਰ ਸਕਦੇ ਹਾਂ।



« « « « « « « «

# ਯੋਗਾ ਉਪਰ ਲੈਕਚਰ

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

## ਸ਼ਲਭਆਸਨ - ਟਿੱਡੀ ਆਸਨ



ਚਿੱਤਰ - 9

1. ਪੇਟ ਭਾਰ ਲੇਟ ਜਾਓ ਆਪਣੀ ਠੋਡੀ ਧਰਤੀ ਤੇ ਲਗਾਓ ਪੈਰਾਂ ਦੇ ਪੰਜੇ ਸਰੀਰ ਤੋਂ ਦੂਰ ਅੱਡੀਆਂ ਜੁੜੀਆਂ ਹੋਈਆਂ ਬਾਹਵਾਂ ਪਾਸਿਆਂ ਤੇ ਹੱਥਾਂ ਦੀਆਂ ਤਲੀਆਂ ਉਪਰ।

2. ਮੁੱਠੀ ਬੰਦ ਕਰੋ ਤੇ ਹੱਥਾਂ ਨੂੰ ਪਾਸਿਆਂ ਤੇ ਰੱਖੋ ਜਾਂ ਹੱਥਾਂ ਨੂੰ ਪੱਟਾਂ ਦੇ ਥੱਲੇ ਰੱਖੋ।

3. ਸ੍ਵਾਸ ਅੰਦਰ ਕਰੋ ਹੌਲੀ ਹੌਲੀ ਦੋਨੋਂ ਲੱਤਾਂ ਨੂੰ ਉਪਰ ਚੁੱਕੋ, ਲੱਤਾਂ ਨੂੰ ਸਿੱਧੀਆਂ ਰੱਖੋ ਇਸੇ ਸਥਿਤੀ ਵਿਚ ਰਹਿ ਕੇ ਬਾਹਵਾਂ ਨੂੰ ਅਕੜਾ ਲਓ, ਕੂਹਣੀਆਂ ਤੋਂ ਥੱਲੇ ਵਾਲੀਆਂ ਬਾਹਵਾਂ ਨੂੰ ਧਰਤੀ ਤੇ ਦਬਾਓ ਧੁੰਨੀ ਨੂੰ ਉਪਰ ਚੁਕੋ, ਭਾਵ ਪੇਟ ਨੂੰ ਉਪਰ ਚੁੱਕੋ, ਲੱਤਾਂ ਨੂੰ ਉਸੇ ਤਰ੍ਹਾਂ ਉਚੀਆਂ ਚੁੱਕੀਆਂ ਰਹਿਣ ਦਿਓ।

4. ਇਸੇ ਸਥਿਤੀ ਵਿਚ ਰਹੋ ਜਿੰਨੀ ਦੇਰ ਤਕ ਰਹਿ ਸਕਦੇ ਹੋ, ਓਨੀ ਦੇਰ ਤੱਕ ਰਹੋ।

5. ਸ੍ਵਾਸ ਹੌਲੀ ਹੌਲੀ ਬਾਹਰ ਕੱਢੋ ਤੇ ਲੱਤਾਂ ਨੂੰ ਧਰਤੀ ਤੇ ਲੈ ਕੇ ਆਓ।

6. ਨਿਸਲ ਹੋ ਜਾਓ ਤੇ ਸਮਾਨ ਸ੍ਵਾਸ ਲਵੋ।

## ਧਨੁਸ਼ ਆਸਨ ਕਮਾਨ ਆਸਨ

1. ਪੇਟ ਦੇ ਬਲ ਲੇਟ ਜਾਓ ਠੋਡੀ ਨੂੰ ਧਰਤੀ ਤੇ ਰੱਖੋ ਬਾਹਵਾਂ ਨੂੰ ਪਾਸਿਆਂ ਤੇ ਕਰੋ।

2. ਲੱਤਾਂ ਨੂੰ ਗੋਡਿਆਂ ਤੋਂ ਮੋੜੋ ਤੇ ਅੱਡੀਆਂ ਨੂੰ ਪੱਟਾਂ ਦੇ ਪਿਛਲੇ ਪਾਸੇ ਤਕ ਲੈ ਕੇ ਜਾਓ।



ਚਿੱਤਰ 10

3. ਪਿੱਠ ਦੇ ਪਿੱਛੋਂ ਸੱਜੇ ਹੱਥ ਨਾਲ ਸੱਜਾ ਗਿੱਟਾ ਪਕੜੋ ਖੱਬੇ ਹੱਥ ਨਾਲ ਖੱਬਾ ਗਿੱਟਾ ਪਕੜੋ।

4. ਸ੍ਵਾਸ ਅੰਦਰ ਕਰੋ, ਅੰਦਰ ਰੱਖੋ ਤੇ ਠੋਡੀ ਨੂੰ ਉਪਰ ਕਰੋ ਸਿਰ ਉਪਰ ਕਰੋ, ਛਾਤੀ ਉਪਰ ਕਰੋ ਤੇ ਨਾਲ ਪੱਟਾਂ ਨੂੰ ਉਪਰ ਕਰੋ, ਗੋਡਿਆਂ ਨੂੰ ਇਕੱਠਾ ਕਰਕੇ ਜੋੜੀ ਰੱਖੋ, ਲੱਤਾਂ ਨੂੰ ਸਿੱਧੀਆਂ ਕਰਨ ਦੀ ਕੋਸ਼ਿਸ਼ ਕਰੋ ਹੱਥਾਂ ਨੂੰ ਉਸੇ ਤਰ੍ਹਾਂ ਰਹਿਣ ਦਿਓ ਸਾਰੇ ਸਰੀਰ ਨੂੰ ਫੈਲਾਓ ਖੋਲ੍ਹੋ ਤੇ ਸਾਰਾ ਭਾਰ ਪੇਟ ਤੇ ਪਾਓ।

5. ਇਸੇ ਸਥਿਤੀ ਵਿਚ ਜਿੰਨੀ ਦੇਰ ਰਹਿ ਸਕਦੇ ਹੋ ਰਹੋ, ਜਿੰਨੀ ਦੇਰ ਸ੍ਵਾਸ ਰੋਕ ਸਕਦੇ ਹੋ ਰੋਕੋ ਵਧ ਨਹੀਂ।

6. ਹੌਲੀ ਹੌਲੀ ਸ੍ਵਾਸ ਬਾਹਰ ਕੱਢੋ ਸਰੀਰ ਨੂੰ ਥੱਲੇ ਕਰੋ, ਨੀਵੇਂ ਕਰੋ ਧਰਤੀ ਤੇ ਲੈ ਕੇ ਆਓ, ਗਿੱਟੇ ਛੱਡ ਦਿਓ ਨਿਸਲ ਹੋ ਜਾਓ।

**ਅਰਧ ਮਾਤਸਿਆਦਰਸਨ** – ਰੀੜ ਦੀ ਹੱਡੀ ਨੂੰ ਮੋੜਨਾ

ਇਹ ਆਸਨ (fig-11) ਵਿਚ ਦਿਖਾਇਆ ਗਿਆ ਹੈ ਇਹ ਰੀੜ ਦੀ ਹੱਡੀ ਦੀ ਵਰਜਿਸ਼ ਲਈ ਠੀਕ ਹੈ ਕਿਉਂਕਿ ਇਹ ਰੀੜ ਦੀ ਹੱਡੀ ਨੂੰ ਪਾਸਿਆਂ ਤੋਂ ਮੋੜਦਾ ਹੈ ਇਸੇ ਕਰਕੇ ਇਹ ਸਾਰੀਆਂ ਨਾੜੀਆਂ ਨੂੰ ਲਾਭ ਪਹੁੰਚਾਉਂਦਾ ਹੈ, ਪੇਟ ਵਿਚ ਖੂਨ ਦੇ ਦੌਰੇ ਨੂੰ ਠੀਕ ਕਰਦਾ

ਹੈ ਤੇ ਪੇਟ ਦੇ ਪੱਠਿਆਂ ਨੂੰ ਤਾਕਤ ਦਿੰਦਾ ਹੈ, ਇਸ ਨਾਲ ਮੋਢੇ ਦੇ ਜੋੜ ਮੋਚ ਠੀਕ ਹੁੰਦੇ ਹਨ, ਗਰਦਨ ਦੀ ਮੋਚ ਠੀਕ ਹੁੰਦੀ ਹੈ, ਜਿਗਰ ਠੀਕ ਹੁੰਦਾ ਹੈ, ਤਿਲੀ ਠੀਕ ਹੁੰਦੀ ਹੈ ਤੇ ਗੁਰਦੇ ਠੀਕ ਹੁੰਦੇ ਹਨ।



**(fig - 11)**)

1. ਫਰਸ਼ ਤੇ ਲੱਤਾਂ ਪਸਾਰ ਕੇ ਬੈਠ ਜਾਓ ਸੱਜੀ ਲੱਤ ਨੂੰ ਮੋੜੋ ਤੇ ਅੱਡੀ ਨੂੰ ਮੂਲਾਧਾਰ ਤੇ ਰੱਖੋ।

2. ਖੱਬੀ ਲੱਤ ਮੋੜੋ ਗੋਡਾ ਚੁੱਕੋ, ਖੱਬਾ ਪੈਰ ਚੁਕੋ, ਸੱਜੇ ਪਟ ਦੇ ਉਪਰੋਂ ਲਿਆ ਕੇ ਘੁੱਟ ਕੇ ਫਰਸ਼ ਤੇ ਰੱਖੋ ਇਸ ਦਾ ਗਿੱਟਾ ਗੋਡੇ ਨੂੰ ਲਗਣਾ ਚਾਹੀਦਾ ਹੈ।

3. ਸ੍ਵਾਸ ਅੰਦਰ ਕਰੋ, ਵੱਖੀਆਂ ਨੂੰ ਉਪਰ ਖਿੱਚੋ, ਧੜ ਨੂੰ ਖੱਬੇ ਪਾਸੇ ਮੋੜੋ ਸੱਜੀ ਬਾਂਹ ਚੁੱਕੋ, ਖੱਬੇ ਗੋਡੇ ਉਤੋਂ ਲਿਆ ਕੇ ਤੇ ਛਾਤੀ ਨੂੰ ਖੱਬੇ ਪੱਟ ਨਾਲ ਲਗਾਓ। ਮੋਡੇ ਦਾ ਪਿਛਲਾ ਪਾਸਾ ਤੇ ਬਾਂਹ ਦਾ ਉਪਰ ਵਾਲਾ ਪਾਸਾ ਖੱਬੇ ਗੋਡੇ ਤੇ ਪੱਟ ਨੂੰ ਦਬਾਣਗੇ। ਖੱਬੀ ਬਾਂਹ ਨੂੰ ਖੱਬੇ ਪਾਸੇ ਦੇ ਪੱਟ ਦੇ ਪਿਛੇ ਰੱਖੋ ਤਾਂ ਜੋ ਸੰਤੁਲਨ ਬਣਿਆ ਰਹੇ।

4. ਸ੍ਵਾਸ ਅੰਦਰ ਲਓ ਤੇ ਹੋਰ ਟੇਡੇ ਹੋ ਜਾਓ ਤੇ ਖੱਬੇ ਪੈਰ ਦੇ ਪੰਜੇ ਨੂੰ ਅੰਦਰੋਂ ਸੱਜੇ ਹੱਥ ਨਾਲ ਪਕੜੋ ਤੇ ਖੱਬੇ ਗੋਡੇ ਨੂੰ ਸੱਜੇ ਪਾਸੇ ਮੋੜੋ। ਸਿਰ ਘੁਮਾਓ ਤੇ ਠੋਡੀ ਨੂੰ ਖੱਬੇ ਮੋਢੇ ਦੀ ਸੇਧ ਵਿਚ ਲੈ ਕੇ ਆਓ। ਖੱਬੀ ਬਾਂਹ ਪਿੱਠ ਤੇ ਲੈ ਜਾਓ ਤੇ ਸੱਜੇ ਪੱਟ ਨੂੰ ਪੱਟ ਦੇ ਜੋੜਦੇ ਥਲਿਓਂ ਪਕੜੋ।

5. ਲੰਮਾ ਸ੍ਵਾਸ ਲਓ ਤੇ ਜਿੰਨੀ ਦੇਰ ਤਕ ਇਸ ਤਰ੍ਹਾਂ ਬੈਠ ਸਕਦੇ ਹੋ ਬੈਠੋ ਤੇ ਫੇਰ ਇਸ ਤਰ੍ਹਾਂ ਹੀ ਦੂਸਰੇ ਪਾਸੇ ਨਾਲ ਕਰੋ ਤਾਂ ਜੋ ਰੀੜ ਦੀ ਹੱਡੀ ਦਾ ਸੰਤੁਲਨ ਬਣਿਆ ਰਹੇ।

## ਮਯੂਰ ਆਸਨ – ਮੋਰ ਆਸਨ

ਇਸ ਆਸਨ ਨਾਲ ਕੂਹਣੀ ਤੋਂ ਹੇਠਾਂ ਦੀਆਂ ਬਾਹਵਾਂ ਨੂੰ ਬਲ ਮਿਲਦਾ ਹੈ। (fig - 12) ਕੂਹਣੀ ਨੂੰ ਬਲ ਮਿਲਦਾ ਹੈ ਤੇ ਹੱਥ ਤੇ ਬਾਂਹ ਦੇ ਜੋੜ ਠੀਕ ਰਹਿੰਦਾ ਹੈ। ਇਸ ਨਾਲ ਮੇਹਦੇ ਨੂੰ ਖ਼ੂਨ ਵੀ ਵੱਧ ਮਿਲਦਾ ਹੈ। ਇਸ ਨਾਲ ਪੇਟ ਦੀਆਂ ਨਾੜੀਆਂ ਤੇ ਪੇਟ ਤੇ ਦਬਾਅ ਵੀ ਵਧਦਾ ਹੈ। ਇਸ ਆਸਨ ਨਾਲ ਸਰੀਰ ਵਿਚੋਂ ਗੰਦ ਵੀ ਨਿਕਲਦਾ ਹੈ ਪੇਟ ਦੀਆਂ ਬਿਮਾਰੀਆਂ ਦੂਰ ਹੁੰਦੀਆਂ ਹਨ ਪਿਤੀ ਤੇ ਪੈਨਕਰੀਆਜ਼ ਨੂੰ ਠੀਕ ਕਰਦਾ ਹੈ।



**ਚਿੱਤਰ 12**

1. ਅਡੀਆਂ ਭਾਰ ਬੈਠੋ ਗੋਡਿਆਂ ਨੂੰ ਫੈਲਾ ਲਵੋ, ਹਥੇਲੀਆਂ ਦੋਨੋਂ ਲੱਤਾਂ ਦੇ ਵਿਚ ਜ਼ਮੀਨ ਤੇ ਰੱਖੋ, ਅੰਗੂਠੇ ਬਾਹਰ ਰੱਖੋ, ਉਂਗਲੀਆਂ ਖੋਲ੍ਹੋ ਤੇ ਪਿਛੇ ਨੂੰ ਮੋੜ ਕੇ ਰੱਖੋ। ਕੂਹਣੀ ਤੋਂ ਹੇਠਲੀਆਂ ਬਾਹਵਾਂ ਨੂੰ ਕੱਠੀਆਂ ਕਰੋ ਤਾਂ ਜੋ ਉਹ ਸਰੀਰ ਦਾ ਭਾਰ ਲੈ ਸਕਣ ਕੂਹਣੀ ਨੂੰ ਪੇਟ ਦੀ ਧੁਨੀ ਤੇ ਰੱਖ ਕੇ ਦਬਾਓ।

2. ਅੱਗੇ ਨੂੰ ਝੁਕੋ ਮੱਥੇ ਨੂੰ ਜ਼ਮੀਨ ਤੇ ਲਗਾਓ, ਲੱਤਾਂ ਬਾਹਰ ਵਲ ਸਿੱਧੀਆਂ ਕਰੋ ਤੇ ਸਰੀਰ ਦਾ ਭਾਰ ਕੂਹਣੀਆਂ ਤੇ ਲਿਆਓ।


3. ਅੰਦਰ ਹੌਲੀ ਹੌਲੀ ਸ੍ਵਾਸ ਲਵੋ ਤੇ ਅੱਗੇ ਆਓ, ਕੂਹਣੀਆਂ ਤੇ ਭਾਰ ਲਿਆਓ ਪੇਟ ਦੇ ਪੱਠਿਆਂ ਨੂੰ ਕੱਸੋ ਤੇ ਪਿੱਠ ਤੋਂ ਧਨੁਸ਼ ਦੀ ਤਰ੍ਹਾਂ ਮੋੜ ਕੇ ਉਪਰ ਕਰੋ ਲੱਤਾਂ ਜ਼ਮੀਨ ਤੋਂ ਚੁੱਕੋ।

4. ਸ੍ਵਾਸ ਅੰਦਰ ਰੱਖੋ ਜਿੰਨੀ ਦੇਰ ਰੱਖ ਸਕਦੇ ਹੋ।

5. ਸ੍ਵਾਸ ਬਾਹਰ ਕੱਢੋ ਮੱਥਾ ਥੱਲੇ ਕਰੋ, ਲੱਤਾਂ ਵਾਪਸ ਥੱਲੇ ਕਰੋ ਆਪਣੇ ਥੱਲੇ ਲੱਤਾਂ ਕਰਕੇ ਉਨ੍ਹਾਂ ਦੇ ਉਤੇ ਬੈਠ ਜਾਓ, ਸ੍ਵਾਸ ਲੈਂਦੇ ਹੋਏ ਸਿਥਿਲ ਰਹੋ।

## ਪਸਚਿਮੋਤਨ ਆਸਨ –ਬਾਹਰੀ ਖਿਚਾਅ ਦਾ ਆਸਨ

ਇਹ ਆਸਨ ਜਿਵੇਂ ਕਿ 13 ਨੰਬਰ ਚਿੱਤਰ ਵਿਚ ਦੱਸਿਆ ਹੈ ਪਿੱਠ ਦੇ ਪੱਠਿਆਂ ਨੂੰ ਖਿੱਚਦਾ ਹੈ ਤੇ ਨਾਲ ਹੀ ਪੱਟ ਦੇ ਪਿਛਲੇ ਪੱਠੇ ਨੂੰ ਖਿੱਚਦਾ ਹੈ, ਪੇਟ ਦੇ ਅੱਗਲੇ ਪੱਠੇ ਸੁੰਗੜਦੇ ਹਨ ਤੇ ਨਾਲ ਹੀ ਕੁੱਖ ਤੇ ਕਮਰ ਦੇ ਪੱਠੇ ਨੂੰ ਲਾਭ ਹੁੰਦਾ ਹੈ। ਰੀੜ ਦੀ ਹੱਡੀ ਲਚਕਦਾਰ ਬਣਦੀ ਹੈ ਤੇ ਦਿਲ ਦੀ ਮਾਲਸ਼ ਵੀ ਹੁੰਦੀ ਹੈ। ਇਹ ਆਸਨ ਪੇਟ ਖਰਾਬ ਹੋਣ ਤੇ, ਜਿਗਰ ਲਈ ਗੁਰਦਿਆਂ ਲਈ ਪੇਟ ਦੀਆਂ ਆਂਤੜੀਆਂ ਲਈ ਲਾਭਕਾਰੀ ਹੈ ਤੇ ਨਾਲ ਕਮਰ ਤੇ ਚੂਲੇ ਨੂੰ ਠੀਕ ਕਰਦੇ ਹਨ।



**ਚਿੱਤਰ 13**

1. ਫਰਸ਼ ਤੇ ਬੈਠ ਜਾਓ ਲੱਤਾਂ ਅੱਗੇ ਨੂੰ ਲੰਮੀਆਂ ਕਰ ਲਵੋ।

2. ਅੰਦਰ ਸ੍ਵਾਸ ਲਵੋ ਬਾਹਵਾਂ ਸਿਰ ਤੋਂ ਉਪਰ ਲੰਮੀਆਂ ਕਰੋ, ਪਿੱਠ ਰੀੜ ਦੀ ਹੱਡੀ ਸਿੱਧੀ ਕਰੋ, ਹੱਥਾਂ ਦੀਆਂ ਹਥੇਲੀਆਂ ਅੱਗੇ ਕਰੋ।

3. ਸ੍ਵਾਸ ਬਾਹਰ ਕੱਢੋ ਅੱਗੇ ਝੁਕੋ ਚੂਲੇ ਦੇ ਜੋੜ ਤੋਂ ਅੱਗੇ ਝੁਕੋ ਕਮਰ ਤੋਂ ਨਹੀਂ।

4. ਰੀੜ ਦੀ ਹੱਡੀ ਸਿੱਧੀ ਰੱਖੋ ਤੇ ਪੈਰਾਂ ਦੇ ਪੰਜਿਆਂ ਨੂੰ ਪਕੜੋ, ਗਿਟਿਆਂ ਨੂੰ ਪਕੜੋ ਜਾਂ ਪਿੰਜਨੀਆਂ ਨੂੰ ਪਕੜੋ ਜਿੰਨਾਂ ਤੁਸੀਂ ਸੌਖੀ ਤਰ੍ਹਾਂ ਕਰ ਸਕਦੇ ਹੋ। ਲੱਤਾਂ ਸਿੱਧੀਆਂ ਰੱਖੋ, ਗੋਡਿਆਂ ਦਾ ਪਿਛਲਾ ਪਾਸਾ ਫਰਸ਼ ਤੇ ਸਿੱਧਾ ਰਖੋ। ਆਪਣੇ ਆਪ ਨੂੰ ਧੜ ਨੂੰ ਐਨਾ ਨੀਵੇਂ ਲੈ ਜਾਓ ਜਦੋਂ ਤਕ ਛਾਤੀ ਤੇ ਪੇਟ ਪੱਟਾਂ ਨਾਲ ਨਾ ਲਗ ਜਾਵੇ ਤੇ ਠੋਡੀ, ਨੱਕ ਤੇ ਮੱਥਾ ਗੋਡਿਆਂ ਨਾਲ ਨਾ ਲਗ ਜਾਵੇ।

5. ਪੰਜਿਆਂ ਨੂੰ ਪਕੜੋ ਬਾਹਵਾਂ ਥੋੜ੍ਹੀਆਂ ਜਿਹੀਆਂ ਮੋੜੋ ਬਾਹਵਾਂ ਫਰਸ਼ ਤੇ ਲਗਣੀਆਂ ਚਾਹੀਦੀਆਂ ਹਨ, ਲੱਤਾਂ ਦੇ ਨਾਲ ਲਗਦੀਆਂ ਰਹਿਣੀਆਂ ਚਾਹੀਦੀਆਂ ਹਨ, ਬਾਹਵਾਂ ਨਾਲ ਆਪਣੇ ਸਰੀਰ ਨੂੰ ਅੱਗੇ ਨਾ ਕਰੋ, ਧੜ ਦੇ ਭਾਰ ਨਾਲ ਲੱਤਾਂ ਨੂੰ ਦਬਾਓ ਫਰਸ਼ ਤੇ ਦਬਾਓ।

6. ਸ੍ਵਾਸ ਅੰਦਰ ਰੱਖੋ, ਜਿੰਨੀ ਦੇਰ ਰੱਖ ਸਕਦੇ ਹੋ, ਸਥਿਲ ਹੋ ਜਾਓ, ਉਸੇ ਤਰ੍ਹਾਂ ਰਹੋ।

7. ਸ੍ਵਾਸ ਅੰਦਰ ਕਰੋ, ਪਿੱਛੇ ਹੋਵੋ, ਪਿੱਠ ਸਿੱਧੀ ਕਰੋ ਤੇ ਪੂਰੀ ਤਰ੍ਹਾਂ ਨਾਲ ਸਥਿਲ ਹੋ ਜਾਓ।

## ਯੋਗ ਮੁਦਰਾ – ਯੋਗ ਦਾ ਚਿੰਨ




**Fig. 14**

ਇਹ ਆਸਨ 14 ਨੰਬਰ ਚਿੱਤਰ ਵਿਚ ਦਿਖਾਇਆ ਗਿਆ ਹੈ ਇਸ ਦੇ ਬੜੇ ਲਾਭ ਹਨ ਵਿਸ਼ੇਸ਼ ਤੌਰ ਤੇ ਬਾਹਰੀ ਹਿਸਿਆਂ ਨੂੰ ਖਿੱਚ ਕੇ ਠੀਕ ਕਰਨ ਲਈ ਬਹੁਤ ਲਾਭਕਾਰੀ ਹੈ ਭਾਵ ਸਰੀਰ ਦੇ ਪਿਛਲੇ ਭਾਗ ਲਈ ਬਹੁਤ ਹੀ ਠੀਕ ਹੈ। ਇਸ ਆਸਨ ਨਾਲ ਪੇਟ ਦੇ ਅੰਦਰ ਦੇ ਅੰਗ ਵੀ ਠੀਕ ਹੁੰਦੇ ਹਨ ਕਿਉਂਕਿ ਅੱਡੀਆਂ ਨਾਲ ਕੁੱਖ ਤੇ ਭਾਰ ਪੈਂਦਾ ਹੈ ਤੇ ਇਸ ਨਾਲ ਛਾਤੀ ਚੌੜੀ ਹੁੰਦੀ ਹੈ ਤੇ ਮੋਢਿਆਂ ਦੀ ਗਤੀ ਵਿਚ ਵੀ ਵਾਧਾ ਹੁੰਦਾ ਹੈ। ਪੇਟ ਦੀ ਹਰਕਤ ਵਧਦੀ ਹੈ ਕਬਜ਼ ਠੀਕ ਹੁੰਦੀ ਹੈ।

1. ਪਦਮ ਆਸਨ ਵਿਚ ਬੈਠੋ ਜੇ ਨਹੀਂ ਬੈਠ ਸਕਦੇ ਤਾਂ ਜਾਂ ਤਾਂ ਅਰਧ ਪਦਮ ਆਸਨ ਵਿਚ ਬੈਠੋ ਜਾਂ ਜਿਸ ਵੀ ਆਸਨ ਵਿਚ ਤੁਸੀਂ ਬੈਠ ਸਕਦੇ ਹੋ ਬੈਠੋ ਪਿੱਠ ਦੇ ਪਿੱਛੇ ਦੋਨੋਂ ਹੱਥ ਰੱਖੋ, ਹੱਥਾਂ ਦੀਆਂ ਉਂਗਲੀਆਂ, ਉਂਗਲੀਆਂ ਵਿਚ ਪਾ ਕੇ ਰੀੜ ਦੀ ਹੱਡੀ ਨੂੰ ਸਿੱਧੀ ਰੱਖੋ।

2. ਸ੍ਵਾਸ ਬਾਹਰ ਕੱਢੋ ਅੱਗੇ ਝੁਕੋ ਕੁਲੇ ਦੇ ਜੋੜ ਤੋਂ ਝੁਕੋ ਕਮਰ ਤੋਂ ਨਹੀਂ ਪਿੱਠ ਸਿੱਧੀ ਰੱਖੋ, ਮੱਥਾ ਫਰਸ਼ ਤੇ ਰੱਖੋ,

ਲੱਤਾਂ ਵੀ ਅੱਗੇ ਰੱਖੋ, ਪੱਟਾਂ ਨੂੰ ਉਪਰ ਨਹੀਂ ਹੋਣ ਦਿਓ, ਉਨ੍ਹਾਂ ਨੂੰ ਫਰਸ਼ ਤੇ ਹੀ ਰਹਿਣ ਦਿਓ। ਸ੍ਵਾਸਾਂ ਨੂੰ ਡੂੰਘੇ ਤੇ ਇਕਸਾਰ ਹੋਣ ਦਿਓ ਤੇ ਉਦੋਂ ਤਕ ਇਸ ਤਰ੍ਹਾਂ ਰਹੋ ਜਦੋਂ ਤਕ ਰਹਿ ਸਕਦੇ ਹੋ।

3. ਸ੍ਵਾਸ ਅੰਦਰ ਕਰੋ, ਧੜ ਸਿੱਧਾ ਰੱਖੋ, ਬੈਠ ਜਾਓ, ਹੱਥ ਸਿੱਧੇ ਕਰੋ, ਲੱਤਾਂ ਸਿੱਧੀਆਂ ਕਰੋ ਤੇ ਸਥਿਲ ਹੋ ਜਾਓ।

## ਚੱਕਰ ਆਸਨ – ਚਕਾ ਆਸਨ



Fig. 15

ਇਹ ਆਸਨ 15 ਨੰਬਰ ਚਿੱਤਰ ਵਿਚ ਦੱਸਿਆ ਗਿਆ ਹੈ ਇਸ ਨੂੰ ਕਰਨ ਨਾਲ ਸਰੀਰ ਬਹੁਤ ਹੀ ਲਚਕਦਾਰ ਹੋ ਜਾਂਦਾ ਹੈ ਤੇ ਬਹੁਤ ਹੀ ਚੁਸਤ ਬਣ ਜਾਂਦਾ ਹੈ। ਇਸ ਨਾਲ ਬਾਹਵਾਂ ਤੇ ਗੁੱਟ ਇਕੱਠੇ ਹੁੰਦੇ ਹਨ ਤੇ ਨਾਲ ਹੀ ਲੱਤਾਂ ਦੇ ਪੱਠੇ ਪਿੱਠ ਤੇ ਮੋਢੇ ਵੀ ਕਾਠੇ ਹੁੰਦੇ ਹਨ, ਰੀੜ ਦੀ ਹੱਡੀ ਦੀਆਂ ਪੱਟੀਆਂ ਵੀ ਮਜ਼ਬੂਤ ਹੁੰਦੀਆਂ ਹਨ।

1. ਪਿੱਠ ਦੇ ਭਾਰ ਲੇਟ ਜਾਓ ਪੈਰ ਥੋੜ੍ਹੇ ਦੂਰ ਰੱਖੋ, ਗੋਡੇ ਮੋੜੋ, ਰੀੜ ਦੀ ਹੱਡੀ ਫਰਸ਼ ਤੇ ਸਿੱਧੀ ਰੱਖੋ। ਹੱਥ ਸਿਰ ਦੇ ਨਾਲ ਫਰਸ਼ ਤੇ ਰੱਖੋ, ਹਥੇਲੀਆਂ ਫਰਸ਼ ਤੇ ਹੋਣ ਹੱਥ ਦਾ ਅੰਗੂਠਾ ਸਿਰ ਦੇ ਪਾਸੇ ਹੋਵੇ, ਉਂਗਲੀਆਂ ਪੰਜਿਆਂ ਵਲ ਹੋਣ।

2. ਸ੍ਵਾਸ ਅੰਦਰ ਕਰੋ, ਸਰੀਰ ਨੂੰ ਚੁਕੋ ਤੇ ਸਰੀਰ ਨੂੰ ਸਿਰ ਦੇ ਭਾਰ ਤੇ ਟਿਕਣ ਦਿਓ ਬਾਹਵਾਂ ਸਿੱਧੀਆਂ ਕਰੋ, ਪਿੱਠ ਦਾ ਧਨੁਸ਼ ਬਣਾਓ। ਪੈਰਾਂ ਨੂੰ ਸਿਰ ਵਾਲੇ ਪਾਸੇ ਘਸੀਟੋ ਪੰਜਿਆਂ ਤੱਕ ਨਾ ਆਓ। ਪੇਟ ਨੂੰ ਉਪਰ ਕਰੋ ਤੁਹਾਡੇ ਹੱਥਾਂ ਦੇ ਵਿਚ ਜਿਹੜੀ ਜਗ੍ਹਾ ਹੈ ਉਸ ਨੂੰ ਦੇਖੋ। ਜਿਨ੍ਹਾਂ ਨੇੜੇ ਪੈਰ ਸਿਰ ਕੋਲ ਹੋਣਗੇ। ਉਨਾਂ ਹੀ ਅੱਛਾ ਧਨੁਸ਼ ਹੋਏਗਾ ਓਨੀਂ ਹੀ ਸੋਹਣੀ ਗੋਲਾਈ ਹੋਏਗੀ।

3. ਡੂੰਘੇ ਸ੍ਵਾਸ ਲਵੋ, ਜਿੰਨੀ ਦੇਰ ਇਸ ਤਰ੍ਹਾਂ ਰਹਿ ਸਕਦੇ ਹੋ, ਰਹੋ, ਫੇਰ ਹੌਲੀ ਹੌਲੀ ਸ੍ਵਾਸ ਬਾਹਰ ਕੱਢੋ ਤੇ ਸਰੀਰ ਨੂੰ ਥੱਲੇ ਕਰੋ ਤੇ ਸਥਿਲ ਹੋ ਜਾਓ।

## ਉਸਤਰਾ ਆਸਨ – ਊਠ ਆਸਨ



Fig. 17

ਜਿਵੇਂ ਕਿ 17 ਨੰਬਰ ਚਿੱਤਰ ਵਿਚ ਦਿਖਾਇਆ ਗਿਆ ਹੈ ਇਸ ਆਸਨ ਨਾਲ ਰੀੜ ਦੀ ਹੱਡੀ ਖਿੱਚੀ ਜਾਂਦੀ ਹੈ ਤੇ ਮੋਢੇ ਸਿੱਧੇ ਹੁੰਦੇ ਹਨ, ਪਿੱਠ ਦਾ ਕੁੱਬ ਵੀ ਠੀਕ ਹੁੰਦਾ ਹੈ।

1. ਅੱਡੀਆਂ ਇਕੱਠੀਆਂ ਕਰੋ ਅੱਗੇ ਗੋਡੇ ਜੋੜੋ ਤੇ ਅਡੀਆਂ ਤੇ ਬੈਠੋ, ਪਿੱਠ ਸਿੱਧੀ ਕਰੋ ਤੇ ਹੱਥ ਦੀਆਂ ਹਥੇਲੀਆਂ ਪੈਰਾਂ ਦੀਆਂ ਹਥੇਲੀਆਂ ਤੇ ਰੱਖੋ।

2. ਸ੍ਵਾਸ ਅੰਦਰ ਕਰੋ, ਹੱਥਾਂ ਨੂੰ ਪੈਰਾਂ ਤੋਂ ਚੁੱਕੇ ਬਿਨਾਂ ਪੱਟਾਂ ਨੂੰ ਉਤੇ ਕਰੋ, ਧੜ ਜਿੰਨਾ ਉਪਰ ਚੁਕ ਸਕਦੇ ਹੋ ਚੁੱਕੋ ਤੇ ਅੱਗੇ ਨੂੰ ਹੋਵੋ। ਸਿਰ ਪਿੱਛੇ ਨੂੰ ਕਰੋ ਤੇ ਅੱਖਾਂ ਦੋਨੋਂ ਭਰਵੱਟਿਆਂ ਦੇ ਵਿਚ ਵਾਲੀ ਥਾਂ ਤੇ ਇਕਾਗਰ ਕਰੋ ਜਾਂ ਅੱਖਾਂ ਬੰਦ ਕਰ ਲਵੋ ਜੇ ਕਰ ਸਕੋ ਤੇ ਹੱਥਾਂ ਪੈਰਾਂ ਤੋਂ ਛੱਡ ਕੇ ਤੇ ਗਿੱਟੇ ਪਕੜ ਲਵੋ।

3. ਬਹੁਤ ਵਾਰੀ ਅਸੀਂ ਸ੍ਵਾਸ ਰੋਕ ਲੈਂਦੇ ਹਾਂ ਜਿਵੇਂ ਪਿੱਛੇ ਹੋਣ ਲੱਗਿਆਂ ਕਰਦੇ ਹਾਂ, ਪਰ ਇਥੇ ਤੁਸੀਂ ਸਾਧਾਰਣ ਤਰੀਕੇ ਨਾਲ ਸ੍ਵਾਸ ਡੂੰਘੇ ਲਵੋ।

4. ਵਾਪਸ ਬੈਠੋ ਤੇ ਸਥਿਲ ਹੋ ਜਾਓ।

## ਸੇਤੂ ਬੰਧ ਆਸਨ - ਪੁਲ ਆਸਨ




**Fig 18**

ਜਿਵੇਂ ਕਿ 18 ਨੰਬਰ ਚਿੱਤਰ ਦਿਖਾਇਆ ਗਿਆ ਹੈ ਇਸ ਆਸਨ ਨਾਲ ਗਰਦਨ ਦੇ ਪੱਠੇ ਇਕੱਠੇ ਹੁੰਦੇ ਹਨ ਨਾਲ ਪਿੱਠ ਦੇ ਤੇ ਰੀੜ ਦੀ ਹੱਡੀ ਦੇ ਪੱਠੇ ਵੀ ਮਜ਼ਬੂਤ ਹੁੰਦੇ ਹਨ। ਇਸ ਤੋਂ ਇਲਾਵਾ ਸਰੀਰ ਦੀ ਗ੍ਰੰਥੀ ਜਿਵੇਂ ਕਿ pineal, pituitary, thyroid ਤੇ adrenal ਸਾਰਿਆਂ ਨੂੰ ਲਾਭ ਪਹੁੰਚਦਾ ਹੈ ਕਿਉਂਕਿ ਵਧੇਰੇ ਖ਼ੂਨ ਪ੍ਰਾਪਤ ਹੁੰਦਾ ਹੈ।

1. ਪਿੱਠ ਭਾਰ ਲੇਟੋ ਪੈਰਾਂ ਨੂੰ ਪੱਟਾਂ ਤਕ ਲੈ ਕੇ ਆਓ, ਗੋਡਿਆਂ ਨੂੰ ਉਪਰ ਕਰੋ, ਗਿਟਿਆਂ ਨੂੰ ਪਕੜੋ, ਗੋਡਿਆਂ ਤੇ ਗਿਟਿਆਂ ਨੂੰ ਇਕੱਠੇ ਰੱਖੋ ਤੇ ਪੈਰਾਂ ਨੂੰ ਸਿੱਧਾ ਫਰਸ਼ ਤੇ ਰੱਖੋ।

2. ਸੁਆਸ ਅੰਦਰ ਕਰੋ, ਪੱਟ ਧਰਤੀ ਤੋਂ ਉਪਰ ਚੁੱਕੋ ਤੇ ਪਿੱਠ ਦਾ ਤੀਰ ਕਮਾਨ ਬਣਾਓ, ਪੱਟਾਂ ਦਾ ਅਗਲਾ ਪਾਸਾ ਪਸਾਰ ਲਵੋ ਤੇ ਪਿਛਲੇ ਪਾਸੇ ਨੂੰ ਸੁਕੋੜੋ, ਮੋਢੇ ਤੇ ਸਿਰ ਧਰਤੀ ਤੇ ਹੀ ਰਹਿਣਾ ਚਾਹੀਦਾ ਹੈ, ਲੰਮੇ ਤੇ ਡੂੰਘੇ ਸੁਆਸ ਲਵੋ, ਸਮਾਨਤਾ ਨਾਲ ਸੁਆਸ ਲਵੋ।

3. ਜਿੰਨੀ ਦੇਰ ਤਕ ਇਸ ਤਰ੍ਹਾਂ ਰਹਿ ਸਕਦੇ ਹੋ ਰੱਖੋ।

4. ਸੁਆਸਾਂ ਨੂੰ ਬਾਹਰ ਕੱਢੋ, ਤੇ ਪੱਟ ਨੂੰ ਧਰਤੀ ਤੇ ਲਗਾਓ ਗਿੱਟੇ ਛੱਡ ਦਿਓ, ਲੱਤਾਂ ਨੂੰ ਪਸਾਰੋ ਤੇ ਸਿੱਧੇ ਲੇਟ ਕੇ ਨਿਸਲ ਹੋ ਜਾਓ।

## ਸ਼ਵ ਆਸਨ (ਮ੍ਰਿਤਕ ਆਸਨ)

ਇਹ ਆਸਨ 19 ਨੰਬਰ ਚਿੱਤਰ ਵਿਚ ਦਿਖਾਇਆ ਗਿਆ ਹੈ, ਸਰੀਰ ਨੂੰ ਸਥਿਲ ਕਰੋ, ਇਸ ਆਸਨ ਦੀ ਵਰਤੋਂ ਬਹੁਤ ਵਾਰੀ ਆਸਨ ਕਰਵਾਉਂਦਿਆਂ ਦੇ ਵਿਚ ਕੀਤੀ ਜਾਂਦੀ ਹੈ ਤੇ ਜਦੋਂ ਆਸਨ ਕਰਨੇ ਬੰਦ ਕੀਤੇ ਜਾਂਦੇ ਹਨ ਇਸਨੂੰ ਸਭ ਤੋਂ ਬਾਅਦ ਵਿਚ ਵੀ ਕਰਾਇਆ ਜਾਂਦਾ ਹੈ। ਇਸ ਨੂੰ ਕਰਨ ਲਈ ਸਾਰੇ ਪੱਠਿਆਂ ਨੂੰ ਨਿਸਲ ਕੀਤਾ ਜਾਂਦਾ ਹੈ, ਖ਼ੂਨ ਦਾ ਦੌਰਾ ਠੀਕ ਹੁੰਦਾ ਹੈ, ਸਾਰੇ ਨਾੜੀ ਸਿਸਟਮ ਨੂੰ ਆਰਾਮ ਮਿਲਦਾ ਹੈ, ਥਕਾਵਟ ਦੂਰ ਹੁੰਦੀ ਹੈ। ਦਿਲ ਨੂੰ ਆਰਾਮ ਮਿਲਦਾ ਹੈ ਤੇ ਖ਼ੂਨ ਦਾ ਦੌਰਾ ਇਕਸਾਰ ਹੁੰਦਾ ਹੈ। ਸੁਆਸ ਹੌਲੇ ਹੁੰਦੇ ਹਨ, ਡੂੰਘੇ ਹੁੰਦੇ ਹਨ ਤੇ ਇਕਸਾਰ ਹੁੰਦੇ ਹਨ ਇਸ ਆਸਨ ਦੀ ਵਰਤੋਂ ਨਾੜੀਆਂ ਦੇ ਕਮਜ਼ੋਰ ਹੋਣ ਤੋਂ ਬਚਾਅ ਲਈ ਕੀਤੀ ਜਾਂਦੀ ਹੈ ਤੇ ਜੇ High Blood pressure ਹੋਵੇ ਤੇ ਉਸ ਲਈ ਕੀਤੀ ਜਾਂਦੀ ਹੈ।



**Fig 19**

1. ਪਿੱਠ ਦੇ ਭਾਰ ਸਿੱਧੇ ਲੇਟ ਜਾਓ। ਪੈਰ ਦੂਰ-ਦੂਰ ਕਰੋ, ਬਾਹਵਾਂ ਵੀ ਪਾਸੇ ਤੇ ਰੱਖੋ, ਹਥੇਲੀਆਂ ਉਪਰ ਨੂੰ ਰੱਖੋ। ਇਹ ਧਿਆਨ ਰੱਖੋ ਕਿ ਇਕ ਅੰਗ ਦੂਸਰੇ ਅੰਗ ਦੇ ਨਾਲ ਨਾ ਲੱਗੇ, ਅੱਖਾਂ ਬੰਦ ਕਰ ਲਵੋ।

2. ਸਰੀਰ ਦੇ ਸਾਰੇ ਅੰਗਾਂ ਨੂੰ ਸਥਿਲ ਕਰੋ। ਸਰੀਰ ਤੇ ਦਿਮਾਗ ਦੋਨਾਂ ਨੂੰ ਹੀ ਪੂਰੀ ਤਰ੍ਹਾਂ ਸਥਿਲ ਕਰੋ। ਪੇਟ ਤੋਂ ਸੁਆਸ ਲਵੋ, ਹੌਲੀ ਹੌਲੀ ਸੁਆਸ ਲਵੋ ਤੇ ਡੂੰਘੇ ਸੁਆਸ ਲਵੋ। ਮਾਨਸਿਕ ਪੱਖੋਂ ਸਤਰਕ ਰਹੋ ਤੇ ਸਥਿਲ ਰਹੋ।

ਆਸਨ ਤੇ ਦੂਸਰੀਆਂ ਚੀਜ਼ਾਂ ਵਿਚ ਅੰਤਰ ਹੈ। ਉਹ ਇਸ ਤਰ੍ਹਾਂ ਹੈ ਦੂਸਰਿਆਂ ਤਰੀਕਿਆਂ ਨਾਲ ਕੇਵਲ ਸਰੀਰ ਦਾ ਵਿਕਾਸ ਕੀਤਾ ਜਾਂਦਾ ਹੈ, ਪੱਠਿਆਂ ਦਾ ਵਿਕਾਸ ਕੀਤਾ ਜਾਂਦਾ ਹੈ, ਹੱਠ ਯੋਗ ਨਾਲ ਸਰੀਰ ਦੇ ਨਾਲ-ਨਾਲ ਅੰਦਰ ਦੇ ਅੰਗਾਂ ਦਾ ਵਿਕਾਸ ਕੀਤਾ ਜਾਂਦਾ ਹੈ। ਜਿਸ ਨਾਲ ਪੂਰੇ ਸਰੀਰ ਦੀ ਇਕਸਾਰਤਾ ਹੁੰਦੀ ਹੈ, ਇਸ ਨਾਲ ਹੀ ਮਨ ਨੂੰ ਇਕਾਗਰ ਕੀਤਾ ਜਾ ਸਕਦਾ ਹੈ, ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਹੱਠ ਯੋਗ, ਯੋਗ ਦੀਆਂ ਅਗਲੀਆਂ ਪੌੜੀਆਂ ਚੜ੍ਹਨ ਲਈ ਲੋੜੀਂਦਾ ਹੈ।

ਅੰਦਰ ਦੀ ਸਫਾਈ

ਆਸਨਾਂ ਤੋਂ ਇਲਾਵਾ ਕਈ ਕਿਰਿਆਵਾਂ ਹਨ ਜਾਂ ਕਹਿ ਲਵੋ ਸਫਾਈ ਦੀਆਂ ਵਿਧੀਆਂ ਹਨ, ਉਹ ਵੀ ਹੱਠ ਯੋਗ ਦਾ ਹਿੱਸਾ ਹਨ, ਕਿਰਿਆ ਦਾ ਅਰਥ ਹੈ ਪਰਾਥਮ ਪਰਾਰੰਭਿਕ ਇਹ ਕਰਨ ਨਾਲ ਸਰੀਰ ਨਰੋਆ ਤੇ ਸੁਥਰਾ ਤੇ ਸੁਰਜੀਤ ਹੋ ਜਾਂਦਾ ਹੈ, ਵਾਧੂ ਬਲਗਮ ਨਿਕਲ ਜਾਂਦੀ ਹੈ ਤੇ ਹੋਰ ਬਹੁਤ ਸਾਰਾ ਗੰਦ ਨਿਕਲ ਜਾਂਦਾ ਹੈ। ਇਸ ਨੂੰ ਕਰਨ ਤੋਂ ਬਾਦ ਸਾਧਕ ਮੈਡੀਟੇਸ਼ਨ ਲਈ ਤਿਆਰ ਕੀਤਾ ਜਾਂਦਾ ਹੈ। ਪਹਿਲੇ ਪਹਿਲ ਭਾਵੇਂ ਇਸ ਤਰ੍ਹਾਂ ਦੀ ਸਫਾਈ ਸਾਧਕ ਨੂੰ ਚੰਗੀ ਨਾ ਲਗਦੀ ਹੋਵੇ ਪਰ ਅਭਿਆਸ ਤੋਂ ਬਾਅਦ ਜਦੋਂ ਸਰੀਰ ਹੌਲਾ ਤੇ ਸੁਥਰਾ ਹੋ ਜਾਂਦਾ ਹੈ, ਸੁਰਜੀਤ ਹੋ ਜਾਂਦਾ ਹੈ ਤੇ ਬਿਮਾਰੀਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ, ਜੁਕਾਮ ਤੋਂ ਲੈ ਕੇ ਵੱਡੀਆਂ ਬਿਮਾਰੀਆਂ ਤਕ ਸਾਧਕ ਇਨ੍ਹਾਂ ਨੂੰ ਕਰਦਿਆਂ ਅਨੰਦ ਮਹਿਸੂਸ ਕਰਨ ਲਗ ਪੈਂਦਾ ਹੈ। ਅਭਿਆਸ ਕਰਦਿਆਂ ਕਰਦਿਆਂ ਸਾਧਕ ਲਈ ਅੰਦਰ ਦੀ ਸਫਾਈ ਵੀ ਉਨੀਂ ਹੀ ਆਵਸ਼ਕ ਹੋ ਜਾਂਦੀ ਹੈ ਜਿੰਨੀ ਬਾਹਰ ਦੀ।

ਇਥੇ ਅਸੀਂ ਬਹੁਤ ਥੋੜ੍ਹੀਆਂ ਜ਼ਰੂਰੀ ਕਿਰਿਆਵਾਂ ਦਾ ਵਰਨਣ ਕਰਾਂਗੇ, ਇਹ ਕ੍ਰਿਆਵਾਂ ਸਵੇਰ ਵੇਲੇ ਕਰਨੀਆਂ ਚਾਹੀਦੀਆਂ ਹਨ, ਸੌਂ ਕੇ ਉਠਣ ਤੋਂ ਥੋੜ੍ਹੀ ਦੇਰ ਬਾਅਦ, ਇਨ੍ਹਾਂ ਨੂੰ ਕਰਨ ਤੋਂ ਬਾਅਦ ਹੀ ਆਸਨ ਕਰਨੇ ਚਾਹੀਦੇ ਹਨ, ਇਹ ਸਭ ਕੁਝ ਖਾਣ ਤੋਂ ਪਹਿਲਾਂ ਹੀ ਹੋਣਾ ਚਾਹੀਦਾ ਹੈ।

## ਜਲ ਨੇਤੀ – ਨਾਸਿਕਾ ਦੀ ਸਫਾਈ



**fig-20**

ਇਸ ਦੁਆਰਾ ਨਾਸਿਕਾ ਦੀ ਸਫਾਈ ਕੀਤੀ ਜਾਂਦੀ ਹੈ, ਵਧੇਰੇ ਨਜ਼ਲਾ ਕੱਢਿਆ ਜਾਂਦਾ ਹੈ। ਹਰ ਤਰ੍ਹਾਂ ਦੀ ਰੁਕਾਵਟ ਨਾਸਿਕਾ ਤੋਂ ਹਟਾ ਕੇ ਸੁਆਸਾਂ ਨੂੰ ਇਕ ਸੁਰ ਤੇ ਇਕ ਸਾਰ ਕੀਤਾ ਜਾਂਦਾ ਹੈ ਇਸ ਨਾਲ ਜ਼ੁਕਾਮ ਨਹੀਂ ਲਗਦਾ ਤੇ ਹੋਰ ਕਈ ਕਿਸਮ ਦੀਆਂ ਬਿਮਾਰੀਆਂ ਨਹੀਂ ਲਗਦੀਆਂ ਇਸ ਕਿਰਿਆ ਨੂੰ ਕਰਨ ਦੇ ਵੱਖ-ਵੱਖ ਤਰੀਕੇ ਹਨ।

1. ਇਕ ਛੋਟੇ ਪਿਆਲੇ ਵਿਚ ਅੱਧਾ ਪਿਆਲਾ ਪਾਣੀ ਲਵੋ, ਉਸ ਪਿਆਲੇ ਦੀ ਲੰਮੀ ਨਾਲੀ ਹੋਣੀ ਚਾਹੀਦੀ ਹੈ ਜਿਵੇਂ ਕਿ 20 ਨੰਬਰ ਚਿੱਤਰ ਵਿਚ ਦਿਖਾਈ ਗਈ ਹੈ। ਇਸ ਪਾਣੀ ਵਿਚ ਇਕ ਚੁਟਕੀ ਲੂਣ ਪਾਓ, ਉਸ ਦਾ ਸੁਆਦ ਇਸ ਤਰ੍ਹਾਂ ਹੋਵੇ ਜਿਵੇਂ ਅਥਰੂਆਂ ਦਾ ਜਾਂ ਹੰਝੂਆਂ ਦਾ, ਕਿਉਂਕਿ ਥੋੜ੍ਹਾ ਜਿਹਾ ਲੂਣ ਨੱਕ ਦੀ ਅੰਦਰ ਦੀ ਤਹਿ ਨੂੰ ਬਹੁਤ ਆਰਾਮ ਪਹੁੰਚਾਉਂਦਾ ਹੈ ਤੇ ਗਲੇ ਲਈ ਵੀ ਲਾਭਕਾਰੀ ਹੈ, ਸਾਦਾ ਪਾਣੀ ਨੱਕ ਤੇ ਗਲੇ ਵਿਚ ਜਲਣ ਪੈਦਾ ਕਰ ਸਕਦਾ ਹੈ।

2.ਸਿੰਕ ਕੋਲ ਖੜ੍ਹੇ ਹੋ ਜਾਓ ਸਿਰ ਟੇਡਾ ਕਰੋ, ਸੱਜੇ ਪਾਸੇ ਨੂੰ ਝੁਕਾਓ ਤੇ ਖੱਬੀ ਨਾਸਿਕਾ ਨੂੰ ਉਸ ਭਾਂਡੇ ਦੀ ਨਾਲੀ ਲਗਾਓ ਤੇ ਹੌਲੀ ਹੌਲੀ ਨਾਸਿਕਾ ਵਿਚ ਉਹ ਪਾਣੀ ਪਾਓ ਤੇ ਤੁਸੀਂ ਠੀਕ ਤਰ੍ਹਾਂ ਨਾਲ ਇਕ ਖਾਸ ਤਰ੍ਹਾਂ ਸਿਰ ਝੁਕਾਓਗੇ, ਪਾਣੀ ਆਪਣੇ ਆਪ ਹੀ ਦੂਸਰੀ ਨਾਸਿਕਾ ਵਿਚੋਂ ਨਿਕਲਣਾ ਸ਼ੁਰੂ ਹੋ ਜਾਏਗਾ।

3. ਬਿਲਕੁਲ ਇਸੇ ਤਰ੍ਹਾਂ ਹੀ ਦੂਸਰੇ ਪਾਸੇ ਕਰੋ, ਭਾਵ ਇਕ ਵਾਰੀ ਪਾਣੀ ਸੱਜੇ ਪਾਸਿਓਂ ਪਾਓ, ਇਕ ਵਾਰੀ ਖੱਬੇ ਪਾਸਿਓ।

4. ਫਾਲਤੂ ਪਾਣੀ ਨਾਸਿਕਾ ਵਿਚੋਂ ਕੱਢ ਦਿਓ।

## ਸੂਤਰ ਨੇਤੀ

ਇਸ ਵਿਧੀ ਵਿਚ ਇਕ ਚੰਗੀ ਸੂਤੀ ਸੂਤਲੀ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਨੂੰ ਸ਼ੁੱਧ ਕੀਤਾ ਜਾਂਦਾ ਹੈ, ਫੇਰ ਨਾਸਿਕਾ ਦੀ ਸਫਾਈ ਲਈ ਵਰਤਿਆ ਜਾਂਦਾ ਹੈ। ਇਸ ਨਾਲ ਫਾਲਤੂ ਨਜ਼ਲਾ ਤਾਂ ਸਾਫ ਹੁੰਦਾ ਹੀ ਹੈ ਹਰ ਤਰ੍ਹਾਂ ਦੀ ਸਫਾਈ ਤੋਂ ਬਾਅਦ ਸੁਆਸ ਲੈਣ ਵਿਚ ਬਹੁਤ ਹੀ ਸੁਵਿਧਾ ਮਿਲਦੀ ਹੈ। ਇਸ ਨਾਲ ਵੀ ਬਿਮਾਰੀਆਂ ਘਟਦੀਆਂ ਹਨ, ਸੁਆਸ ਲੈਣੇ ਸੌਖੇ ਹੁੰਦੇ ਹਨ, ਅੱਖਾਂ ਦੀ ਰੌਸ਼ਨੀ ਵਧੇਰੇ ਹੁੰਦੀ ਹੈ ਤੇ sinusitis ਵਰਗੀਆਂ ਬਿਮਾਰੀਆਂ ਠੀਕ ਹੁੰਦੀਆਂ ਹਨ।

1. ਚੰਗੀ ਸੂਤੀ ਸੂਤਲੀ ਲੈ ਕੇ ਉਸ ਦਾ ਇਕ ਪਾਸਾ ਖੁਲ੍ਹਾ ਰੱਖੋ ਤੇ ਦੂਸਰਾ ਪਾਸਾ ਮੋਮ ਵਿਚ ਰੱਖ ਕੇ ਉਸ ਨੂੰ ਮੋਮ ਲਗਾਓ ਉਸ ਤੋਂ ਬਾਅਦ ਉਸ ਨੂੰ ਖੁੰਡਾ ਕਰ ਦਿਓ।

2. ਇਹ ਖੁੰਡਾ ਕੀਤਾ ਪਾਸਾ ਹੌਲੀ ਹੌਲੀ ਅੰਦਰ ਪਾਓ ਹੌਲੀ ਹੌਲੀ ਨਾਸਿਕਾ ਦੇ ਅੰਦਰ ਕਰੋ ਐਨਾ ਅੰਦਰ ਕਰੋ ਕਿ ਗਲੇ ਤੋਂ ਵੀ ਹੇਠਾਂ ਚਲੀ ਜਾਵੇ (ਪਹਿਲਾਂ ਪਹਿਲਾ ਛਿੱਕਾਂ ਵੀ ਆ ਸਕਦੀਆਂ ਹਨ, ਅੱਖਾਂ ਵਿਚੋਂ ਅੱਥਰੂ ਵੀ ਨਿਕਲ ਸਕਦੇ ਹਨ ਪਰ ਜਿਵੇਂ ਜਿਵੇਂ ਤੁਸੀਂ ਕਰਦੇ ਜਾਓਗੇ ਇਹ ਖਤਮ ਹੁੰਦਾ ਜਾਏਗਾ।)




**Fig 21**

3. ਜਦੋਂ ਸੂਤਲੀ ਦਾ ਇਕ ਪਾਸਾ ਪੂਰੀ ਜੀਭ ਦੇ ਥੱਲੇ ਮਹਿਸੂਸ ਹੋਏ ਉਸ ਵੇਲੇ ਅੰਗੂਠੇ ਤੇ ਉਂਗਲੀ ਨਾਲ ਸੂਤਲੀ ਖਿੱਚ ਲਵੋ, ਦੂਸਰਾ ਪਾਸਾ ਨਾਸਿਕਾ ਵਿਚ ਹੀ ਰਹਿਣ ਦਿਓ ਜਿਵੇਂ ਕਿ 21 ਨੰਬਰ ਚਿੱਤਰ ਵਿਚ ਦਿਖਾਇਆ ਹੈ।

4. ਸੂਤਲੀ ਨੂੰ ਅੱਗੇ ਪਿੱਛੇ ਕਰੋ, ਹੌਲੀ ਹੌਲੀ ਕਰੋ, ਹਲਕਾ ਹਲਕਾ ਕਰੋ ਜਿਸ ਨਾਲ ਨਾਸਿਕਾ ਪੂਰੀ ਤਰ੍ਹਾਂ ਖੁਲ੍ਹ ਜਾਏ।

5. ਸੂਤਲੀ ਕੱਢੋ ਤੇ ਇਸੇ ਤਰ੍ਹਾਂ ਹੀ ਦੂਸਰੀ ਨਾਸਿਕਾ ਵਿਚ ਪਾਓ ਤੇ ਉਸੇ ਤਰ੍ਹਾਂ ਕਰੋ।

**ਗਜ ਕਰਨੀ –** ਛਾਤੀ ਤੇ ਪੇਠ ਦੀ ਸਫਾਈ

ਇਹ ਸਫਾਈ ਪੇਟ ਸਾਫ ਕਰਨ ਲਈ ਤੇ ਛਾਤੀ ਸਾਫ ਕਰਨ ਲਈ ਕੀਤੀ ਜਾਂਦੀ ਹੈ। ਬਹੁਤ ਸਾਰਾ ਪਾਣੀ ਪੀਤਾ ਜਾਂਦਾ ਹੈ ਫੇਰ ਉਸ ਨੂੰ ਕੱਢ ਦਿਤਾ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਕੇਵਲ ਪੇਟ ਦੀ ਸਫਾਈ ਹੀ ਨਹੀਂ ਹੁੰਦੀ ਇਸ ਨਾਲ ਛਾਤੀ ਦੀ ਫਾਲਤੂ ਬਲਗਮ ਵੀ ਨਿਕਲਦੀ ਹੈ ਇਹ ਸ੍ਵਾਸ ਦੀਆਂ ਨਾੜੀਆਂ ਛਾਤੀ ਦੀਆਂ ਨਾੜੀਆਂ ਲਈ ਲਾਭਕਾਰੀ ਹੈ ਤੇ ਨਾਲ ਹੀ ਪੇਟ ਦੀਆਂ ਬੀਮਾਰੀਆਂ ਵੀ ਠੀਕ ਕਰਦੀ ਹੈ।

1. ਪੇਟ ਖਾਲੀ ਹੋਣਾ ਚਾਹੀਦਾ ਹੈ। ਉਹ ਵੱਖਰੀ ਗੱਲ ਹੈ ਜੇ ਮੇਹਦਾ ਸਾਫ ਕਰਨਾ ਹੋਵੇ ਤਾਂ ਹੋਰ ਗੱਲ ਹੈ।

2. ਚਾਰ ਤੋਂ ਛੇ Quarts ਪਾਣੀ ਲਵੋ ਭਾਵ ਕੋਈ ਦੋ ਲਿਟਰ ਪਾਣੀ ਲਵੋ, ਕੋਸਾ ਹੋਵੇ ਤੇ ਉਸ ਵਿਚ ਲੂਣ ਪਾਓ ਥੋੜ੍ਹਾ ਜਿਹਾ ਵੱਧ ਲੂਣ ਹੋਵੇ, ਅਥਰੂਆਂ ਦੇ ਸੁਆਦ ਤੋਂ ਵੱਧ।

3. ਆਰਾਮ ਨਾਲ ਬੈਠ ਜਾਓ ਜਿੰਨੀ ਜਲਦੀ ਜਲਦੀ ਪੀ ਸਕਦੇ ਹੋ ਉਹ ਪਾਣੀ ਪੀ ਲਵੋ ਵਿਚ ਰੁਕਣਾ ਨਹੀਂ।

4. ਜਦੋਂ ਤਕ ਪਾਣੀ ਖਤਮ ਹੋਵੇ ਪੇਟ ਵਿਚ ਪਾਣੀ ਚੰਗੀ ਤਰ੍ਹਾਂ ਹਿਲਣ ਲਗ ਪੈਂਦਾ ਹੈ ਜੇ ਨਹੀਂ ਹੁੰਦਾ ਖੜ੍ਹੇ ਹੋ ਜਾਓ ਸਿੰਕ ਤੇ ਖੜ੍ਹੇ ਹੋ ਜਾਓ ਗਲੇ ਵਿਚ ਉਂਗਲੀਆਂ ਪਾਓ ਤੇ ਜੀਭ ਤੇ ਪਿੱਛੇ ਤਕ ਲੈ ਜਾਓ ਤੇ ਨਾਲ ਹੀ ਦੂਸਰਾ ਹੱਥ ਨਾਲ ਪੇਟ ਨੂੰ ਮਲੋ ਗਲਾ ਛਿਲਿਆ ਨਾ ਜਾਏ, ਧਿਆਨ ਰੱਖੋ।

5. ਸਾਰਾ ਪਾਣੀ ਬਾਹਰ ਕੱਢੋ ਤੇ ਦੇਖੋ ਜਿਨ੍ਹਾਂ ਪਾਣੀ ਪੀਤਾ ਸੀ, ਉਨ੍ਹਾਂ ਨਿਕਲਿਆ ਹੈ।

6. ਉਸ ਤੋਂ ਪਿਛੋਂ ਕੇਵਲ ਜੂਸ ਹੀ ਪੀਓ ਉਸ ਦਿਨ ਰੋਟੀ ਨਾ ਹੀ ਖਾਧੀ ਜਾਏ ਤਾਂ ਠੀਕ ਹੈ।

**ਧੋਤੀ – ਕਪੜੇ ਨਾਲ ਸਫਾਈ ਕਰਨੀ**

ਇਸ ਨਾਲ ਵਧੇਰੇ ਨਜ਼ਲਾ ਬਲਗਮ ਖਤਮ ਹੁੰਦਾ ਹੈ ਖਾਣੇ ਵਾਲੀ ਨਾਲੀ ਦੀ ਸਫਾਈ ਹੁੰਦੀ ਹੈ ਤੇ ਪੇਟ ਦੀ ਸਫਾਈ ਹੁੰਦੀ ਹੈ ਕਿਉਂਕਿ ਪੇਟ ਵਿਚ ਬਹੁਤ ਕੁਝ ਇਕੱਠਾ ਹੋ ਜਾਂਦਾ ਹੈ, ਨਜ਼ਲਾ ਵੀ ਹੋਰ ਬਹੁਤ ਵਾਰੀ Sinuses ਵੀ ਜੋ ਕਿ ਬਿਮਾਰੀ ਦਾ ਕਾਰਣ ਬਣਦੇ ਹਨ।

1. ਤਿੰਨ ਇੰਚ ਚੌੜੀ ਬਰੀਕ ਮਲਮਲ ਦੀ ਪੱਟੀ ਲਵੋ ਉਹ ਕੋਈ 22 ਤੋਂ 23 ਇੰਚ ਲੰਮੀ ਹੋਵੇ ਜਿਹੜੇ ਪਹਿਲਾਂ ਪਹਿਲ ਕਰਦੇ ਹਨ, ਉਹ ਛੋਟਾ ਕਪੜਾ ਲੈ ਸਕਦੇ ਹਨ।

2. ਕਪੜੇ ਨੂੰ ਉਬਾਲ ਕੇ ਸ਼ੁਧ ਕਰ ਲੈਣਾ।

3. ਕਪੜੇ ਨੂੰ ਚੌੜੇ ਦਾ ਪਕੜ ਕੇ ਜੀਭ ਦੇ ਪਿੱਛੇ ਜਿੰਨਾਂ ਲੈ ਜਾ ਸਕਦੇ ਹੋ, ਲੈ ਜਾਓ।

4. ਹੌਲੀ ਹੌਲੀ ਅੰਦਰ ਕਰਨਾ ਸ਼ੁਰੂ ਕਰੋ ਚੌੜੇ ਦਾ ਪਕੜ ਕੇ ਅੰਦਰ ਕਰਦੇ ਜਾਓ ਜਿਵੇਂ 22 ਨੰਬਰ ਚਿੱਤਰ ਵਿਚ ਦਿਖਾਇਆ ਹੈ। ਜੇ ਨਹੀਂ ਅੰਦਰ ਜਾਂਦਾ ਤੇ ਥੋੜ੍ਹਾ ਪਾਣੀ ਪੀ ਲਵੋ ਉਸ ਨਾਲ ਸੌਖਾ ਅੰਦਰ ਚਲਾ ਜਾਂਦਾ ਹੈ।

5. ਉਦੋਂ ਤਕ ਅੰਦਰ ਕਰਦੇ ਜਾਓ ਜਦੋਂ ਤਕ ਛੇ ਇੰਚ ਨਾ ਰਹਿ ਜਾਏ।

6. ਫੇਰ ਛੇਤੀ ਨਾਲ ਕਪੜਾ ਖਿੱਚ ਲਵੋ ਤਾਂ ਜੋ ਛੇਤੀ ਹੀ ਸਾਰੀ ਬਲਗਮ ਬਾਹਰ ਆ ਜਾਵੇ।

# ਸਿਹਤ ਸਮਾਚਾਰ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਦੇ ਮੁੱਖ ਕੇਂਦਰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਅਨੇਕਾਂ ਹੀ ਜਨ ਸਮੂੰਹ ਦੇ ਪਰਉਪਕਾਰ ਵਾਸਤੇ ਕਾਰਜ ਚਲ ਰਹੇ ਹਨ। ਪਰਉਪਕਾਰੀ ਕਾਰਜਾਂ ਦੇ ਵਿਚ ਦੀਨ ਦੁਖੀਆਂ ਬਜੁਰਗਾਂ ਦੀ ਸੇਵਾ ਸੰਭਾਲ ਵਾਸਤੇ ਰਿਹਾਇਸ਼ ਡਾਕਟਰੀ ਸਹੂਲਤਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਰਤਵਾੜਾ ਸਾਹਿਬ ਹਸਪਤਾਲ ਦੇ ਉਸਾਰੀ ਕਾਰਜ ਕਾਰਸੇਵਾ ਰਾਹੀਂ ਸੰਪੂਰਨ ਹੋਣ ਵੱਲ ਜਾ ਰਹੇ ਹਨ। ਅਜੋਕੇ ਸਮੇਂ ਦੀ ਅਡਵਾਂਸ ਟੈਕਨੋਲੋਜੀ ਦੇ ਯੰਤਰਾਂ ਰਾਹੀਂ ਮਾਨੁੱਖ ਸਰੀਰ ਦੀ ਜਾਚ ਦਾ ਪ੍ਰਬੰਧ ਵੀ ਰਤਵਾੜਾ ਸਾਹਿਬ ਕੀਤਾ ਗਿਆ ਹੈ। ਬਹੁਤ ਬਹੁ ਤਕਨੀਕੀ ਵਾਲੇ ਜੰਤਰਾਂ ਰਾਹੀਂ ਲੱਗਭੱਗ 125 ਟੈਸਟ ਕਰਨ ਵਾਲੀ ਅਡਵਾਂਸ ਟੈਕਨੋਲੋਜੀ ਦ ਯੰਤਰ ਵੀ ਗੁਰਦੁਆਰਾ ਸਾਹਿਬ ਹਸਪਤਾਲ ਵਿਖੇ ਕੰਮ ਕਰਦਾ ਹੈ। ਗੁਰੂ ਘਰ ਵਿਖੇ ਬਹੁਤ ਹੀ ਲਾ ਇਲਾਜ ਬਿਮਾਰੀਆਂ ਵਾਲੇ ਆਉਂਦੇ ਹਨ। ਨਾਮ ਬਾਣੀ ਸੇਵਾ ਸਿਮਰਨ ਦੀ ਮਹਾਨ ਸ਼ਕਤੀ ਰਾਹੀਂ ਦੁਖਾਂ ਦਰਦਾਂ ਤੋਂ ਛੁਟਕਾਰਾ ਪਾ ਰਹੇ ਹਨ। ਸੰਤ ਮਹਾਰਾਜ ਜੀ ਨੇ ਵੀ ਗੁਰਬਾਣੀ ਸ਼ਬਦਾਂ ਦਾ ਵਿਧੀ ਪੂਰਬਕ ਪਾਠ ਕਰਾ ਕੇ ਅਨੇਕਾਂ ਹੀ ਅਸਾਧ ਰੋਗੀਆਂ ਦੇ ਰੋਗ ਦੂਰ ਕੀਤੇ ਸਨ। ਜਿਵੇਂ ਕਿ ਗੁਰਬਾਣੀ ਫੁਰਮਾਨ ਹੈ –

ਸਰਬ ਰੋਗ ਕਾ ਅਉਖਦੁ ਨਾਮੁ॥ ਅੰਗ – 274

ਸੱਤਵੇਂ ਮਹਾਨ ਗੁਰਮਤਿ ਸੰਤ ਸੰਮੇਲਨ ਸਮੇਂ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਨੇ ਸਵਾਸ ਰਾਹੀਂ ਗੁਰਮੰਤਰ ਅਭਿਆਸ ਦਾ ਢੰਗ ਤਰੀਕਾ ਦਰਸਾਇਆ ਸੀ ਉਸ ਜੁਗਤੀ ਅਨੁਸਾਰ ਜਦੋਂ ਕੋਈ ਵੀ ਪ੍ਰਾਨੀ ਅਭਿਆਸ ਕਰਦਾ ਹੈ ਤਾਂ ਸਾਰੇ ਹੀ ਦੁਖ ਦਰਦ ਕਲੇਸ ਦੂਰ ਹੋ ਜਾਂਦੇ ਹਨ। ਮੀਡੀਏ ਦੇ ਯੁਗ ਅੰਦਰ ਹੁਣ ਵੀ ਇਕ ਆਡੀਓ ਕੈਸੇਟ ਵਿਚ ਰਿਕਾਰਡ ਕੀਤੇ ਅਨੁਸਾਰ ਗੁਰਮੰਤਰ ਦਾ ਅਭਿਆਸ ਕੀਤਾ ਜਾ ਸਕਦਾ ਹੈ। 45 ਮਿੰਟ ਦੀ ਕੈਸੇਟ ਵਿਚ ਪਹਿਲਾਂ 10 ਵਾਰੀ ਬੋਲ ਕੇ 'ਵਾਹਿਗੁਰੂ' ਗੁਰਮੰਤਰ ਦਾ ਅਭਿਆਸ ਬੋਲ ਕੇ ਕੀਤਾ ਜਾਂਦਾ ਹੈ। ਉਸ ਉਪਰੰਤ 10 ਮਿੰਟ ਕੈਸੇਟ ਖਾਲੀ ਹੁੰਦੀ ਹੈ ਅਤੇ ਵਾਹਿਗੁਰੂ ਮੰਤਰ ਨੂੰ ਸੁਆਸ ਰਾਹੀਂ ਜਪ ਕੇ ਅੰਦਰ ਸੁਣਨ ਦੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ। ਇਸ ਤੋਂ ਬਾਅਦ ਅੱਠ ਵਾਰੀ ਬੋਲ ਕੇ ਸਿਮਰਨ ਕੀਤਾ ਜਾਂਦਾ ਹੈ ਅਤੇ ਅੱਠ ਮਿੰਟ ਕੈਸੇਟ ਖਾਲੀ ਚਲਣ ਸਮੇਂ ਗੁਰਮੰਤਰ ਅੰਦਰ ਸੁਣਿਆਂ ਜਾਂਦਾ ਹੈ। ਇਸ ਕਿਰਿਆ ਨੂੰ ਫੇਰ ਛੇ ਮਿੰਟ, ਚਾਰ ਮਿੰਟ, ਦੋ ਮਿੰਟ ਤੋਂ ਲੈ ਕੇ ਅਖੀਰ 45 ਮਿੰਟ ਤੇ ਖਤਮ ਕੀਤਾ ਜਾਂਦਾ ਹੈ। ਡੂੰਘੇ ਸੁਆਸਾ ਪੇਟ ਰਾਹੀਂ ਧੀਮੀ ਗਤੀ ਨਾਲ ਸੁਆਸ ਭਰ ਕੇ ਫੇਰ ਬਾਹਰ ਛੱਡਿਆ ਜਾਂਦਾ ਹੈ। ਸੁਆਸ ਅੰਦਰ ਆਉਣ ਨਾਲ 'ਵਾਹਿ' ਬਾਹਰ ਜਾਣ ਨਾਲ 'ਗੁਰੂ' ਜਪਿਆ ਜਾਂਦਾ ਹੈ।

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਬਹੁਤ ਹੀ ਸ਼ੁਧ ਚੌਗਿਰਦੇ ਅੰਦਰ ਅੰਮ੍ਰਿਤਵੇਲੇ ਤਿੰਨ ਵਜੇ ਨਾਮ ਜਪਣ ਵਾਲੇ ਜਗਿਆਸੂ ਅਭਿਆਸ ਕਰਦੇ ਹਨ। ਸੈਂਕੜੇ ਏਕੜ ਵਿਚ ਫੈਲਿਆ ਗੁਰਦੁਆਰਾ ਸਾਹਿਬ ਕੰਮਪਲੈਕਸ ਦਾ ਵਾਤਾਵਰਣ ਆਬਾਦੀ ਤੋਂ ਦੂਰ ਬਹੁਤ ਹੀ ਇਕਾਂਤ ਅਸਥਾਨ ਹੈ। ਗੁਰਦੁਆਰਾ ਕੰਮਪਲੈਕਸ ਅੰਦਰ ਅਨੇਕਾਂ ਹੀ ਤਰ੍ਹਾਂ ਦੇ ਹਰਬਲ ਜੜੀ ਬੂਟੀਆਂ ਵਾਲੇ ਦਰਖਤ ਲੱਗੇ ਹੋਏ ਹਨ। ਨਦੀ ਕਿਨਾਰੇ ਦਰਖਤਾਂ ਹੇਠਾਂ ਮੈਡੀਟੇਸ਼ਨ ਕਰਨ ਵਾਸਤੇ ਕੁਟੀਆ ਬਣੀਆਂ ਹੋਈਆਂ ਹਨ। ਜਗਿਆਸੂ ਯਾਤਰੂ ਰਾਹੀਂਆਂ ਪਾਂਧੀਆਂ ਵਾਸਤੇ ਅਸਥਾਨ ਤੇ ਨਿਰੰਤਰ 24 ਘੰਟੇ ਲੰਗਰ ਦਾ ਪ੍ਰਬੰਧ ਹੈ। ਗੁਰੂ ਘਰ ਦੀ ਆਪਣਾ ਹੀ ਡੇਅਰੀ ਫਾਰਮ ਹੈ। ਲੰਗਰ ਵਿਚ ਸਬਜੀਆਂ ਗੁਰਦੁਆਰਾ ਸਾਹਿਬ ਦੇ ਖੇਤਾਂ ਵਿਚ ਹੀ ਪੈਦਾ ਕਰਕੇ ਵਰਤਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਨਾਲ ਸ਼ੁਧ ਅਹਾਰ ਕਰਕੇ ਇਕਾਂਤ ਵਾਤਾਵਰਣ ਵਿਚ ਸੇਵਾ ਸਿਮਰਨ ਨਾਲ ਸਰੀਰਕ ਰੋਗ ਦੂਰ ਹੁੰਦੇ ਹਨ। ਆਉਣ ਵਾਲੇ ਸਮੇਂ ਵਿਚ ਫੀਜੋਥਰਾਪੀ ਦਾ ਇਲਾਜ ਵੀ ਸ਼ੁਰੂ ਹੋ ਜਾਵੇਗਾ। ਯੂਨੀਵਰਸਿਟੀ ਤੋਂ ਇਸ ਕੋਰਸ ਦੀ ਪਰਵਾਨਗੀ ਪ੍ਰਕਿਰਿਆ ਚਲ ਰਹੀ ਹੈ।

ਜਗਤ ਪ੍ਰਸਿਧ ਬਹੁਤ ਸਾਰੇ ਨਾਮਣਾ ਖੱਟਣ ਵਾਲੇ ਡਾ. ਫਿਲਾਸਫਰ ਸਬੁੱਧੀਜੀਵੀ ਰਿਟਾਇਰ ਹੋਣ ਬਾਅਦ ਆਪਣੀਆਂ ਸੇਵਾਵਾਂ ਟਰਸਟ ਰਤਵਾੜਾ ਸਾਹਿਬ ਨੂੰ ਸਮਰਪਿਤ ਕਰ ਰਹੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਇਸ ਚਾਂਸਲਰ ਡਾ. ਗੁਰਦੀਪ ਸਿੰਘ ਰੰਧਾਵਾ ਵਿਦਿਅਕ ਅਦਾਰਿਆਂ ਨੂੰ ਹੋਰ ਚੜ੍ਹਦੀ ਕਲਾ ਵਿਚ ਅਗੇ ਲੈ ਜਾਣ ਵਾਸਤੇ ਸੇਵਾ ਨਿਭਾਅ ਰਹੇ ਹਨ। ਆਯੁਰਵੈਦਿਕ, ਹੋਮੋਪੈਥੀ, ਐਲੋਪੈਥੀ, ਫਿਜੋਥਰਾਪੀ, ਨੈਚਰੋਪੈਥੀ ਅਤੇ ਯੋਗ ਵਿਗਿਆਨ ਨਾਲ ਸਬੰਧਤ ਮਾਹਰ ਡਾ. ਵੀ ਆਪਣੀਆਂ ਨਿਸ਼ਕਾਮ ਸੇਵਾਵਾਂ ਸਮਰਪਿਤ ਕਰ ਰਹੇ ਹਨ।

ਇਸ ਲਈ ਆਪ ਸਾਰਿਆਂ ਦੇ ਸਹਿਯੋਗ ਦੀ ਅਤਿਅੰਤ ਲੋੜ ਹੈ ਤਾਂ ਕਿ ਆਉਣ ਵਾਲੇ ਸਮਿਆਂ ਵਿਚ ਦੀਨ ਦੁਖੀਆਂ ਦੀ ਸੇਵਾ ਵਿਚ ਵੱਧ ਤੋਂ ਵੱਧ ਯੋਗਦਾਨ ਪਾਇਆ ਜਾ ਸਕੇ।

# ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ

*ਡਾ. ਸੁਖਵਿੰਦਰ ਸਿੰਘ ਦੁੱਗ*

ਸ੍ਰੀ ਗੁਰੂ ਤੇਗ ਬਹਾਦਰ ਜੀ ਦਿਲੀ ਕੋਲਵਾਲੀ ਵਿਚ ਨਾਲ ਉਨ੍ਹਾਂ ਦੇ ਸਾਥੀ ਤਿੰਨ ਸਿੱਖ ਭਾਈ ਮਤੀ ਦਾ, ਭਾਈ ਸਤੀ ਦਾਸ, ਭਾਈ ਦਿਆਲਾ ਗੁਰੂ ਸਾਹਿਬ ਉਨ੍ਹਾਂ ਨੂੰ ਕੁਝ ਉਪਦੇਸ਼ ਦੇ ਰਹੇ ਹਨ। ਜੋ ਹੇਠ ਲਿਖੇ ਅਨੁਸਾਰ ਹੈ।

1. ਅੱਜ ਚੱਲੇ ਹੋ ਸਿੱਖੋ ਮਰਿਓ,
ਬਣ ਕੇ ਮੌਤ ਦੇ ਮਹਿਮਾਨ।
ਤੁਸਾਂ ਨੂੰ ਆਖਰੀ ਵਾਰ ਤੱਕਣਾ,
ਕਰੋ ਇਧਰ ਜ਼ਰਾ ਧਿਆਨ।

2. ਉਹ ਲੱਖ ਤਸੀਹੇ ਦੇਣਗੇ,
ਕਿਤੇ ਡੋਲ ਨਾ ਜਾਏ ਇਮਾਨ।
ਸੀਸ ਧਰਮ ਦੀ ਖਾਤਰ ਵਾਰਨਾ,
ਤੇ ਹੋ ਜਾਣਾ ਕੁਰਬਾਨ।

3. ਇਹੋ ਪੱਗ ਹੈ ਸੁੱਚੇ ਸਿਦਕ ਦੀ,
ਹੈ ਚਿੱਟੀ ਦੁੱਧ ਸਮਾਨ।
ਉਹ ਕਾਫਰ ਸਾਨੂੰ ਆਖਦੇ,
ਸਾਨੂੰ ਲੱਗਦੇ ਸਭ ਸਮਾਨ।

4. ਸਾਨੂੰ ਕੋਈ ਫਰਕ ਨਾ ਜਾਪਦਾ,
ਵਿਚ ਗੀਤਾ ਗ੍ਰੰਥ ਕੁਰਾਨ।
ਉਹ ਬਣ ਗਏ ਰੂਪ ਸ਼ੈਤਾਨ ਦਾ,
ਲੱਖਾਂ ਕਤਲ ਕੀਤੇ ਇਨਸਾਨ।

5. ਅੱਜ ਔਰੰਗਾ ਜ਼ਾਲਮ ਹੋ ਗਿਆ,
ਉਸ ਨੂੰ ਭੁੱਲ ਗਿਆ ਭਗਵਾਨ।
ਜੇ ਅੰਗ-ਅੰਗ ਚਾਹੇ ਕੱਟਣਾ, ਕਰ ਲਿਉ ਹੱਸ ਪਰਵਾਨ।

6. ਯਾਦ ਰੱਖਣਾ ਪੰਜਵੇਂ ਪਾਤਸ਼ਾਹ,
ਵਾਰ ਗਏ ਜਿੰਦ ਜਾਨ।
ਅਸਾਂ ਮਿੱਠਾ ਭਾਣਾ ਮੰਨਣਾ,
ਜੋ ਅੱਲਾ ਨੂੰ ਪਰਵਾਨ।

7. ਆਖਰ ਜਿੱਤ ਹੋਣੀ ਧਰਮ ਦੀ,
ਤੇ ਦੇਖੂ ਕੁੱਲ ਜਹਾਨ।
ਅੱਗੋ ਸਿੱਖ ਪਿਆਰੇ ਉਠ ਪਏ,
ਤੇ ਲੱਗੇ ਸੀਸ ਝੁਕਾਣ।

8. ਅੱਜ ਮਿਹਰ ਤੁਸਾਂ ਦੀ ਹੋ ਗਈ,
ਸਾਡੇ ਕਸਟ ਕੱਟੇ ਜਾਣ।
ਸਾਨੂੰ ਮੌਤ ਲਾੜੀ ਜਾਪਦੀ,
ਅੱਜ ਚੱਲੇ ਹਾਂ ਪਰਨਾਉਣ।

9. ਜਿਹਨੂੰ ਇਸ਼ਕ ਇਲਾਹੀ ਹੋ ਗਿਆ,
ਉਨ੍ਹਾਂ ਫਾਸੀਆਂ ਕੀ ਡਰਾਉਣ।
ਉਹ ਬਣ ਮਸੀਹੇ ਚੱਲ ਪਏ,
ਕਿੱਲ ਹੱਥਾਂ ਵਿਚ ਗਡਵਾਉਣ।

(ਇਥੋਂ ਕੱਟ ਕੇ ਭੇਜੋ ਜੀ) « « « « « « «

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ✓ ☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ....................

ਪਤਾ/Address ....................

....................

....................

....................Pin Code....................

Phone.................... E-mail :....................

ਮੈਂ....................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ....................ਮਿਤੀ....................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE**

ਦਸਖਤ....................

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, 0160-2255009, Email : atammarg1@yahoo.co.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 05, 12, 19, 26 ਨਵੰਬਰ।

**ਸੰਗਰਾਂਦ** – 16 ਨਵੰਬਰ, ਦਿਨ ਵੀਰਵਾਰ।

**ਪੂਰਨਮਾਸ਼ੀ** – 5 ਨਵੰਬਰ, ਦਿਨ ਐਤਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 25 ਨਵੰਬਰ 2006, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. S.A.S Nagar (Mohali) (Pb)-140901(India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ – ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ – ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ – ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ – ਭਾਗ ਤੀਜਾ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ – ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ – 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ............। | 100/- | |
| 33. | ਬਿਨ ਗੁਰ ਮੁਕਤਿ ਨ ਹੋਵਈ | 10/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |

RNI 61816/95

Postal Regd. No. CHD/0081/2006
PP/CHD-3/003

# ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੀ ਪੰਜਵੀਂ ਬਰਸੀ ਸਮੇਂ ਰਤਵਾੜਾ ਸਾਹਿਬ ਵਿਖੇ ਪ੍ਰਕਾਸ਼ਿਤ ਹੋਈਆਂ ਨਵੀਂਆਂ ਪੁਸਤਕਾਂ ਦੀ ਸੂਚੀ -

